# ਵਤਨ

(ਈ-ਅੰਕ 3)
ਜੁਲਾਈ/ਅਗਸਤ 2007

ਸੰਪਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ

ਸਹਿਯੋਗੀ: ਹਰਪ੍ਰੀਤ ਸੇਖਾ, ਪਾਲ ਬਿਨਿੰਗ

ਇਸ ਅੰਕ ਵਿੱਚ

| ਇਸ ਅੰਕ ਵਿੱਚ | | | ਸਫਾ |
|---|---|---|---|
| ਸ਼ਰਧਾਂਜਲੀ | | | 2 |
| ਸੰਪਰਕ | | | 3 |
| ਕਵਿਤਾਵਾਂ | | | |
| | | ਬਲਦੇਵ ਦੂਹੜੇ | 4 |
| | | ਸਾਧੂ ਬਿਨਿੰਗ | 5 |
| | | ਡਾ: ਡੀ ਪੀ ਸਿੰਘ | 6 |
| | | ਪ੍ਰਿੰਸੀਪਲ ਦਰਸ਼ਨ ਨੱਤ | 20 |
| ਕਹਾਣੀ | ਦੁੱਧ ਪੁੱਤ | ਤਲਵਿੰਦਰ ਸਿੰਘ | 7 |
| ਲੜੀਵਾਰ ਨਾਵਲ | ਧਰਤੀ ਧਨ ਨਾ ਆਪਣਾ | ਜਗਦੀਸ਼ ਚੰਦਰ | 21 |
| ਲੇਖ | ਮੱਧਕਾਲੀ ਪੰਜਾਬੀ ਸਭਿਆਚਾਰ ਅਤੇ ਸਾਹਿਤ | ਡਾ: ਜਗਬੀਰ ਸਿੰਘ | 38 |
| ਸਥਾਈ ਕਾਲਮ | ਪਰਦਾ ਜੋ ਉੱਠ ਗਿਆ<br>ਇੰਡੋ-ਕੈਨੇਡੀਅਨ ਔਰਤਾਂ ਦੇ ਕਤਲਾਂ ਦੀ ਦਾਸਤਾਨ | ਸੁਖਵੰਤ ਹੁੰਦਲ | 47 |
| ਦੇਖਣਯੋਗ ਫਿਲਮਾਂ | | | 60 |
| ਈ-ਚਿੱਠੀਆਂ | | | 61 |
| ਰੀਪੋਰਟ | ਅਮਰੀਕਾ ਵਿੱਚ ਪੰਜਾਬੀ ਕਹਾਣੀ ਦਰਬਾਰ | | 63 |
| ਪੁਸਤਕ ਸੂਚੀ | ਕਨੇਡਾ ਦਾ ਪੰਜਾਬੀ ਸਾਹਿਤ – ਕਹਾਣੀ ਸੰਗ੍ਰਹਿ | | 64 |

# ਸ਼ਰਧਾਂਜਲੀ

## ਲਾਲ ਸਿੰਘ ਦਿਲ



(ਇਨਕਲਾਬੀ ਕਵੀ ਲਾਲ ਸਿੰਘ ਦਿਲ 14 ਅਗਸਤ ਵਾਲੇ ਦਿਨ ਚਲਾਣਾ ਕਰ ਗਏ। ਉਹ ਨਕਸਲਵਾੜੀ ਲਹਿਰ ਤੋਂ ਪ੍ਰਭਾਵਿਤ ਪੰਜਾਬੀ ਕਵੀਆਂ ਪਾਸ਼, ਦਰਸ਼ਨ ਖਟਕੜ, ਸੰਤ ਰਾਮ ਉਦਾਸੀ, ਅਮਰਜੀਤ ਚੰਦਨ, ਹਰਭਜਨ ਹਲਵਾਰਵੀ ਅਤੇ ਸੰਤ ਸੰਧੂ ਦੇ ਨਾਲ ਪੰਜਾਬੀ ਕਵਿਤਾ ਵਿਚ ਨਵੀਆਂ ਪੈੜਾਂ ਪਾਉਣ ਵਾਲੇ ਮੋਢੀ ਕਵੀ ਸਨ। ਲਾਲ ਸਿੰਘ ਦਿਲ ਨੇ ਆਪਣੀ ਕਵਿਤਾ ਰਾਹੀਂ ਸਮਾਜ ਦੇ ਦੱਬੇ ਕੁਚਲੇ ਉਨ੍ਹਾਂ ਲੋਕਾਂ ਦੇ ਜੀਵਨ ਨੂੰ ਪੇਸ਼ ਕੀਤਾ ਜਿਨ੍ਹਾਂ ਦਾ ਦਰਦ ਸਿਰਫ ਉਹ ਹੀ ਜਾਣ ਸਕਦੇ ਸਨ। ਅਸੀਂ ਪੰਜਾਬੀ ਕਵਿਤਾ ਦੀ ਇਸ ਵਿਲੱਖਣ ਸ਼ਖਸੀਅਤ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ ਅਤੇ ਉਨ੍ਹਾਂ ਦੀ ਇਕ ਬਹੁ ਚਰਚਿਤ ਰਚਨਾ ਵਤਨ ਦੇ ਪਾਠਕਾਂ ਨਾਲ ਸਾਂਝੀ ਕਰਦੇ ਹਾਂ। - ਸੰਪਾਦਕ)

# ਸ਼ਾਮ ਦਾ ਰੰਗ

ਸ਼ਾਮ ਦਾ ਰੰਗ ਫਿਰ ਪੁਰਾਣਾ ਹੈ
ਜਾ ਰਹੇ ਨੇ ਬਸਤੀਆਂ ਨੂੰ ਫੁੱਟਪਾਥ
ਜਾ ਰਹੀ ਝੀਲ ਕੋਈ ਦਫਤਰੋਂ
ਨੌਕਰੀ ਤੋਂ ਲੈ ਜਵਾਬ
ਪੀ ਰਹੀ ਏ ਝੀਲ ਕੋਈ ਜਲ ਦੀ ਪਿਆਸ
ਤੁਰ ਪਿਆ ਏ ਸ਼ਹਿਰ ਕੁਝ ਪਿੰਡਾਂ ਦੇ ਰਾਹ
ਸੁੱਟ ਕੇ ਕੋਈ ਜਾ ਰਿਹਾ ਸਾਰੀ ਕਮਾਈ
ਹੂੰਝਦਾ ਕੋਈ ਆ ਰਿਹਾ ਧੋਤੀ ਦੇ ਨਾਲ
ਕਮਜ਼ੋਰ ਪਸ਼ੂਆਂ ਦੇ ਪਿੰਡੇ ਤੋਂ ਆਰਾਂ ਦਾ ਖ਼ੂਨ
ਸ਼ਾਮ ਦਾ ਰੰਗ ਫਿਰ ਪੁਰਾਣਾ ਹੈ

ਛੱਡ ਤੁਰੇ ਹਨ ਇਕ ਹੋਰ ਗੈਰਾਂ ਦੀ ਜ਼ਮੀਨ
ਛੱਜਾਂ ਵਾਲੇ
ਜਾ ਰਿਹਾ ਏ ਲੰਮਾ ਲਾਰਾ
ਝਿੜਕਾਂ ਦੇ ਭੰਡਾਰ ਲੱਦੀਂ
ਲੰਮੇ ਸਇਆਂ ਦੇ ਨਾਲ ਨਾਲ ਗਧਿਆਂ ’ਤੇ ਬੈਠੇ ਨੇ
ਜੁਆਕ
ਪਿਊਆਂ ਦੇ ਹੱਥ ਵਿਚ ਕੁੱਤੇ ਹਨ
ਮਾਵਾਂ ਦੀ ਪਿੱਠ ਪਿੱਛੇ ਬੰਨ੍ਹੇ ਪਤੀਲੇ ਹਨ
ਪਤੀਲਿਆਂ ’ਚ ਮਾਵਾਂ ਦੇ ਪੁੱਤ ਸੁੱਤੇ ਹਨ
ਜਾ ਰਿਹਾ ਏ ਲੰਮਾ ਲਾਰਾ
ਮੋਢਿਆਂ ’ਤੇ ਚੁੱਕੀ ਕੁੱਲੀਆਂ ਦੇ ਬਾਂਸ
ਇਹ ਭੁੱਖਾਂ ਦੇ ਮਾਰੇ ਕੌਣ ਆਰੀਆ ਹਨ?
ਇਹ ਜਾ ਰਹੇ ਨੇ ਰੋਕਣ ਕਿਸ ਭਾਰਤ ਦੀ ਜ਼ਮੀਨ

ਨੌਜੁਆਨਾਂ ਨੂੰ ਕੁੱਤੇ ਪਿਆਰੇ ਹਨ
ਉਹ ਕਿੱਥੇ ਪਾਲਣ ਮਹਿਲਾਂ ਦੇ ਚਿਹਰਿਆਂ ਦਾ
ਪਿਆਰ?
ਉਹ ਭੁੱਖਾਂ ਦੇ ਸ਼ਿਕਾਰ ਛੱਡ ਤੁਰੇ ਹਨ
ਇਕ ਹੋਰ ਗੈਰਾਂ ਦੀ ਜ਼ਮੀਨ

ਜਾ ਰਿਹਾ ਏ ਲੰਮਾ ਲਾਰਾ

ਇਨ੍ਹਾਂ ਨੂੰ ਕੀ ਪਤਾ ਹੈ?
ਕਿੰਨੇ ਕੁ ਬੰਨ੍ਹੇ ਕੀਲਿਆਂ ਦੇ ਨਾਲ
ਜਾਲੇ ਜਾਂਦੇ ਨੇ ਰੋਜ਼ ਲੋਕ
ਜੋ ਛੱਡ ਵੀ ਸਕਦੇ ਨਹੀਂ
ਬਸਤੀਆਂ ਨੂੰ ਕਿਸੇ ਰੋਜ਼
ਜਾ ਰਿਹਾ ਏ ਨਾਲ ਨਾਲ
ਬਸਤੀ ਦੇ ਰੁੱਖਾਂ ਦਾ ਸਾਇਆ
ਫੜ ਰਿਹਾ ਏ ਓਦਰੇ ਪਸ਼ੂਆਂ ਦੇ ਪੈਰ
ਓਦਰੇ ਪਿਆਰਾਂ ਦੇ ਪੈਰ
ਜਾ ਰਿਹਾ ਏ ਲੰਮਾ ਲਾਰਾ

ਜਾ ਰਿਹਾ ਏ ਲੰਮਾ ਲਾਰਾ
ਹਰ ਜਗ੍ਹਾ
ਜਾ ਰਹੇ ਨੇ ਬੀਰ ਧਰਤੀ ਦੇ ਕਿਸਾਨ

ਮੋਢਿਆਂ 'ਤੇ ਬਰਛਿਆਂ ਦਾ ਭਾਰ ਲਈ
ਜੰਗਲੀ ਰਾਹਾਂ ਦੇ ਨਾਲ
ਕਤਲ ਹੋਏ ਕੱਲ੍ਹ ਖੇਤਾਂ ਦੇ ਪਿਆਰ
ਕੁੱਲੀਆਂ 'ਚੋਂ ਉੱਠੀ ਕੱਲ੍ਹ ਅੱਗ ਦੀ ਲਾਟ
ਜਾ ਰਿਹਾ ਏ ਲੰਮਾ ਲਾਰਾ।



***

---

**ਸੰਪਰਕ**

| | | |
|---|---|---|
| **ਸੁਖਵੰਤ ਹੁੰਦਲ** | **shundal@sfu.ca** | **604-595-5767** |
| **ਸਾਧੂ ਬਿਨਿੰਗ** | **sadhu.binning@gmail.com** | **604-437-9014** |
| **ਹਰਪ੍ਰੀਤ ਸੇਖਾ** | **hsekha@hotmail.com** | **604-599-4986** |
| **ਪਾਲ ਬਿਨਿੰਗ** | **paulbinning67@gmail.com** | **778-889-8255** |

---


## ਕਾਪੀਰਾਇਟ ਨੋਟਿਸ

ਜਿਹੜੀਆਂ ਲਿਖਤਾਂ ਦੇ ਅੰਤ ਵਿੱਚ ਇਹ ਨੋਟਿਸ ਦਿੱਤਾ ਗਿਆ ਹੈ ਕਿ "ਇਸ ਲਿਖਤ ਦੇ ਕਾਪੀਰਾਈਟ ਲੇਖਕ ਦੇ ਹਨ", ਉਸ ਲਿਖਤ ਨੂੰ **ਕਿਸੇ ਹੋਰ ਜਗ੍ਹਾ ਛਾਪਣ ਤੋਂ ਪਹਿਲਾਂ ਲੇਖਕ ਕੋਲੋਂ ਇਜਾਜ਼ਤ ਲੈਣੀ ਜ਼ਰੂਰੀ ਹੈ।**

ਵਤਨ ਵਿਚ ਛਪੀਆਂ ਬਾਕੀ ਲਿਖਤਾਂ ਨੂੰ ਦੂਸਰੀਆਂ ਪ੍ਰਕਾਸ਼ਨਾਵਾਂ ਵਿੱਚ ਛਾਪਿਆ ਜਾ ਸਕਦਾ ਹੈ, ਪਰ ਛਾਪਣ ਸਮੇਂ ਵਤਨ ਦਾ ਹਵਾਲਾ ਦੇਣਾ ਜ਼ਰੂਰੀ ਹੈ। – **ਅਦਾਰਾ ਵਤਨ**

# ਬਲਦੇਵ ਦੂਹੜੇ ਦੀਆਂ ਦੋ ਕਵਿਤਾਵਾਂ

1.

ਯਹੂਦੀ ਯਹੂਦੀ ਨਹੀਂ
ਮੁਸਲਮਾਨ ਮੁਸਲਮਾਨ ਨਹੀਂ
ਇਹ ਭਰਮਜਾਲ ਹੈ ਜੋ
ਪੈਗੰਬਰਾਂ ਨੇ ਪਾਇਆ ਹੈ
ਖੁਦਾ ਜੋ ਵੀ ਹੈ, ਜਿੱਥੇ ਵੀ ਹੈ
ਜੇ ਹੈ ਤਾਂ ਉਹ
ਸਰਵਉੱਚਤਾ ਦੀ ਪ੍ਰੀਭਾਸ਼ਾ ਦਾ ਪਾਬੰਦ ਹੈ
ਜੇਕਰ ਉਹ ਸਰਵਉੱਚ ਹੈ
ਤਾਂ ਉਹ ਨਾਂ ਹਿੰਦੂ ਹੈ ਨਾ ਮੁਸਲਮਾਨੀ
ਨਾ ਯਹੂਦੀ ਹੈ ਨਾ ਫਲਸਤੀਨੀ
ਇੰਜ ਹੀ ਇਨਸਾਨ ਵੀ ਸਿਰਫ ਇਨਸਾਨ ਹੈ
ਇਸ ਦਾ ਹਿੰਦੂ, ਯਹੂਦੀ ਜਾਂ ਮੁਸਲਮਾਨ ਹੋਣਾ
ਸਵੈ-ਬੇਗਾਨਗੀ  ਹੈ, ਖੁਦ ਤੋਂ ਗਿਰਨਾ ਹੈ
ਖੁਦਾਈ ਤੋਂ ਗਿਰਨਾ ਹੈ
ਇਹ ਸਰਹੱਦਾਂ ਦੇ ਝਗੜੇ ਇਹ ਸ਼ਨਾਖਤਾਂ ਦੇ ਰੌਲੇ
ਪੈਗੰਬਰਾਂ ਅਤੇ ਦਾਨਿਸ਼ਮੰਦਾਂ ਦੀ ਘਾੜਤ ਹਨ
ਦਿਮਾਗੀ ਗਰੀਬੀ ਹੈ
ਸਵੈਦਰਸ਼ਨ ਦੀ ਥੁੜ ਹੈ
ਮੂਰਖ ਤਾਂ ਝੂਠ ਰੋਜ਼ ਬੋਲਦੇ ਹਨ
ਇਹੋ ਜਿਹੇ ਕਥਨ
ਆਉਂਦੇ ਹਨ, ਚਲੇ ਜਾਂਦੇ ਹਨ
ਪਰ ਜਦ ਦਾਨਿਸ਼ਮੰਦ ਗਲਤੀ ਕਰਦੇ ਹਨ
ਜਦੋਂ ਪੈਗੰਬਰ ਗਲਤ-ਬਿਆਨੀ ਕਰਦੇ ਹਨ
ਤਾਂ ਜ਼ਿੰਦਗੀ ਦਾ ਘਾਣ ਹੁੰਦਾ ਹੈ
ਨਿਰਦੋਸ਼ਾਂ ਦਾ ਖੂਨ ਡੁਲ੍ਹਦਾ ਹੈ
ਇਨਸਾਨ ਭਗਤ ਨਹੀਂ, ਖੁਦ ਭਗਵਾਨ ਹੈ
ਸਾਨੂੰ ਖੁਦਾ ਨਹੀਂ ਖੁਦਾਈ ਦੀ ਭਾਲ ਹੈ
ਸਰਵਸ਼ਕਤੀਮਾਨ ਦੀ ਇਬਾਦਤ ਨਹੀਂ
ਸਰਵਸ਼ਕਤੀਮਾਨਤਾ ਸਾਡੀ ਮੰਜ਼ਿਲ ਹੈ
ਅਸੀਂ ਨਾ ਯਹੂਦੀ ਹਾਂ, ਨਾ ਮੁਸਲਮਾਨ
ਨਾ ਇਸਾਈ ਨਾ ਹਿੰਦੂ, ਨਾ ਸਿੱਖ ਨਾ ਪਾਰਸੀ
ਅਸੀਂ ਇਨਸਾਨ ਹਾਂ, ਘੱਟੋ ਘੱਟ ਕੁੱਝ ਚਿਰ ਲਈ
ਫਿਰ ਖੁਦ ਦੇ ਸਵੈਵਿਨਾਸ਼, ਅਤੇ ਖੁਦਾ ਦੇ ਸਵੈਵਿਕਾਸ਼
’ਚੋਂ ਕੀ ਪੈਦਾ ਹੁੰਦਾ ਹੈ, ਦੇਖਾਂਗੇ।

2.

ਖੁਦਾ ਤੋਂ ਬਿਨਾਂ
ਇਨਸਾਨ ਦਾ ਤਾਂ ਗੁਜ਼ਾਰਾ ਹੋ ਸਕਦਾ ਹੈ
ਪਰ ਇਨਸਾਨ ਤੋਂ ਬਿਨਾਂ
ਖੁਦਾ ਦਾ ਕੀ ਮਕਸਦ ਹੈ?
ਕੀ ਰੁਤਬਾ ਹੈ?
ਕੀ ਹਸਤੀ ਹੈ?
ਧਰਤੀ ’ਤੇ ਇਨਸਾਨ ਹੈ ਤਾਂ
ਮੰਦਰ ਹਨ, ਮਸੀਤਾਂ ਹਨ
ਟੱਲ ਵਜਦੇ ਹਨ
ਆਰਤੀਆਂ ਇਬਾਦਤਾਂ ਹਨ
ਧਰਤੀ ਤੋਂ ਬਾਹਰ
ਨਾ ਟੱਲ ਵਜਦੇ ਹਨ
ਨਾ ਪਰਸ਼ਾਦ ਵਰਤਾਏ ਜਾਂਦੇ ਹਨ
ਨਾ ਆਰਤੀਆਂ ਹੁੰਦੀਆਂ ਹਨ
ਨਾ ਕੋਈ ਦੁੱਧ ਮੰਗਦਾ ਹੈ ਨਾ ਪੁੱਤ
ਚੰਦ ’ਤੇ ਰੱਬ ਦੀ ਕੋ ਹੋਂਦ ਹੈ
ਜਿਹਾ ਹੋਇਆ ਜਿਹਾ ਨਾ ਹੋਇਆ
ਇਸ ਸਵੈਚਾਲਕ ਗ੍ਰਹਿ ਦੀ
ਨਾ ਆਪਣੀ ਚਾਲਕ ਹੈ
ਨਾ ਆਪਣੀ ਰੌਸ਼ਨੀ
ਨਾ ਕੁੱਝ ਚੰਗਾ ਹੈ ਨਾ ਮਾੜਾ
ਰੱਬ ਉੱਥੇ ਕੀ ਕਰਦਾ ਹੋਵੇਗਾ
ਸੋ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ
ਕਿ ਇਨਸਾਨ ਹੈ ਤਾਂ ਰੱਬ ਹੈ
ਇਨਸਾਨ ਇਕ ਚੇਤੰਨ ਹਸਤੀ ਦੇ ਤੌਰ ਤੇ
ਨਾ ਹੋਵੇ ਤਾਂ ਰੱਬ ਬੇਮਕਸਦ, ਬੇਜਾਨ ਹੈ
ਸੋ ਪੈਗੰਬਰਾਂ, ਗੁਰੂਆਂ ਅਤੇ ਸੰਤਾਂ ਲਈ ਇਕ ਸਵਾਲ ਹੈ
ਕਿ ਕਿਸ ਨੂੰ ਕਿਸ ਦੀ ਇਬਾਦਤ
ਕਰਨੀ ਚਾਹੀਦੀ ਹੈ
ਕਿਸ ਨੂੰ ਕਿਸ ਅੱਗੇ ਮੱਥੇ ਰਗੜਨੇ ਚਾਹੀਦੇ ਹਨ
ਰੱਬ ਅੱਗੇ ਇਨਸਾਨ ਨੂੰ ਕਿ ਇਨਸਾਨ ਅੱਗੇ ਰੱਬ ਨੂੰ।

***

# ਮੇਰਾ ਵੈਨਕੂਵਰ

## ਸਾਧੂ ਬਿਨਿੰਗ

ਦੁਨੀਆਂ ਭਰ ਦੇ
ਸੋਹਣਿਆਂ ਸ਼ਹਿਰਾਂ 'ਚੋਂ ਸੋਹਣਾ
ਮੇਰਾ ਵੈਨਕੂਵਰ ਮੇਰਾ ਵੈਨਕੂਵਰ

ਸ਼ਾਂਤ-ਮਹਾਂ ਸਾਗਰ ਦੀਆਂ ਛੱਲਾਂ
ਫਰੇਜ਼ਰ ਦੀਆਂ ਲਹਿਰਾਂ
ਗਰਾਊਸ ਦੀਆਂ ਚੋਟੀਆਂ
ਸੋਹਣਾ ਹੈ ਵੈਨਕੂਵਰ ਇਨ੍ਹਾਂ ਕਾਰਨ
ਪਰ ਇਨ੍ਹਾਂ ਕਾਰਨ ਹੀ ਨਹੀਂ

ਹਰ ਪਾਸੇ ਸਦੀਵੀ ਹਿਰਾਵਲ
ਰੰਗ ਖਿੰਡਾਉਂਦੇ ਰੁੱਖ ਵੇਲ ਬੂਟੇ
ਵੈਨਕੂਵਰ ਦੇ ਹੁਸਨ ਨੂੰ ਨਿਖਾਰਦੇ
ਸੋਹਣਾ ਹੈ ਇਹ ਇਨ੍ਹਾਂ ਕਰਕੇ
ਪਰ ਇਨ੍ਹਾਂ ਕਾਰਨ ਹੀ ਨਹੀਂ

ਮੇਰਾ ਵੈਨਕੂਵਰ ਸੋਹਣਾ ਹੈ
ਏਥੇ ਵਸਦੇ ਅਸਲੀ ਇਨਸਾਨਾਂ ਕਾਰਨ
ਜੋ ਮੁਨਕਰ ਨੇ ਕਿਸੇ ਵੀ ਕਿਸਮ ਦੇ
ਖਿਆਲੀ ਰੱਬ ਤੋਂ +
ਨਹੀਂ ਰਗੜਦੇ ਮੱਥੇ ਉਹ
ਕਿਸੇ ਗੁਰੂ ਜਾਂ ਪੀਰ ਅੱਗੇ
ਨਾ ਕਿਸੇ ਭਗਵਾਨ ਨੂੰ ਪੂਜਦੇ
ਨਾ ਕਿਸੇ ਹੈਵਾਨ ਤੋਂ ਡਰਦੇ
ਨਾ ਸਾਧਾਂ ਸੰਤਾਂ ਦੀਆਂ ਚੌਕੀਆਂ ਭਰਦੇ

ਨਾ ਕਿਸੇ ਨੂੰ ਮੁਸਲਾ ਕਹਿ ਕੇ ਵੱਢਦੇ
ਨਾ ਕਿਸੇ ਨੂੰ ਹਿੰਦੂ ਕਹਿ ਕੋਂਹਦੇ
ਨਾ ਕਿਸੇ ਨੂੰ ਬੱਸਾਂ 'ਚੋਂ ਕੱਢ ਮਾਰਦੇ
ਨਾ ਕਿਸੇ ਨੂੰ ਜ਼ਿੰਦਾ ਜਲਾਉਂਦੇ

ਬਸ ਖੁਸ਼ ਨੇ ਇਨਸਾਨ ਹੋ ਕੇ
ਇਨਸਾਨ ਦਾ ਹੀ ਫਿਕਰ ਕਰਦੇ
ਉਹ ਸਹਿੰਦੇ ਨਹੀਂ

ਦੁਨੀਆਂ ਦੇ ਕਿਸੇ ਵੀ ਕੋਨੇ 'ਚ
ਬੁਸ਼ਾਂ ਦੀਆਂ ਬੁਰਸ਼ਾਗਰਦੀਆਂ

ਹਰ ਜੰਗ ਤੇ ਜੰਗਵਾਦੀ ਦੇ ਖਿਲਾਫ
ਸ਼ਾਂਤੀ ਮਾਰਚ ਕਰਦੇ
ਵੈਨਕੂਵਰ ਨੂੰ ਉਨ੍ਹਾਂ
ਬਹੁਤ ਦੇਰ ਪਹਿਲਾਂ ਬਣਾ 'ਤਾ ਸੀ
ਨਿਊਕਲੀਅਰ-ਫਰੀਅ-ਜ਼ੋਨ

ਇਹ ਸੁਨਹਿਰੀ ਦਿਲਾਂ ਵਾਲੇ ਲੋਕ
ਝੀਲਾਂ ਨੂੰ ਦਰਿਆਵਾਂ ਨੂੰ
ਫੁੱਲਾਂ ਨੂੰ ਪਹਾੜਾਂ ਨੂੰ
ਸਕਿਆਂ ਵਾਂਗ ਮਿਲਦੇ
ਤੇ ਆਪਣਿਆਂ ਵਾਂਗ ਸਾਂਭਦੇ

ਮੈਨੂੰ ਸੋਹਣੇ ਲੋਕਾਂ 'ਚੋਂ ਸੋਹਣਾ
ਸਦਾ ਜਾਪੇ ਭਗਤ ਸਿੰਘ ਆਪਣਾ
ਮਾਣ ਮੱਤਾ ਨਾਸਤਕ
ਮਨੁੱਖੀ ਹੱਕਾਂ ਦਾ ਯੋਧਾ
ਇਹ ਸਾਰੇ ਲੋਕ ਸੋਹਣੇ
ਮੈਨੂੰ ਜਾਪਦੇ ਭਗਤ ਸਿੰਘ ਵਰਗੇ

ਇਨਸਾਨ ਬਣ ਕੇ
ਇਨਸਾਨ ਲਈ ਜਿਊਂਦੇ ਇਹ ਲੋਕ
ਵੈਨਕੂਵਰ ਨੂੰ ਸੋਹਣਾ ਬਣਾਉਂਦੇ
ਇਨ੍ਹਾਂ ਕਰਕੇ ਹੀ ਸੋਹਣਾ ਹੈ
ਮੇਰਾ ਵੈਨਕੂਵਰ ਮੇਰਾ ਵੈਨਕੂਵਰ

ਦੁਨੀਆਂ ਭਰ ਦੇ
ਸੋਹਣਿਆਂ ਸ਼ਹਿਰਾਂ 'ਚੋਂ ਸੋਹਣਾ
ਮੇਰਾ ਵੈਨਕੂਵਰ ਮੇਰਾ ਵੈਨਕੂਵਰ

*+ ਇੱਕ ਸਰਵੇਅ ਅਨੁਸਾਰ ਵੈਨਕੂਵਰ ਦੇ ਪੈਂਤੀ ਪ੍ਰਤੀਸ਼ੱਤ ਤੋਂ ਵੱਧ ਲੋਕ ਕਿਸੇ ਧਰਮ ਜਾਂ ਰੱਬ ਵਿਚ ਯਕੀਨ ਨਹੀਂ ਰੱਖਦ*

***

# ਨਿਊਕਲੀ ਜੰਗ

## ਡਾ: ਡੀ. ਪੀ. ਸਿੰਘ

ਸੁਪਨਾ ਸੀ ਜਾਂ ਅਜਬ ਹਕੀਕਤ, ਮੈਨੂੰ ਇਸ ਦੀ ਸਮਝ ਨਾ ਆਈ।
ਵਿੰਨੀ ਬੰਬਾਂ ਨਾਲ ਇਹ ਧਰਤੀ, ਮਾਨਵ ਹੋਇਆ ਕਿਉਂ ਸ਼ੋਦਾਈ ?

ਬੁਝ ਚੁੱਕਾ ਸੀ ਸੁਹਣਾ ਸੂਰਜ, ਅੰਬਰ ਦੇ ਮੱਥੇ ਦਾ ਟਿੱਕਾ।
ਕਾਲੇ ਅੰਬਰ, ਕਿਰਨਵਿਹੂਣਾ ਚੰਨ ਵੀ ਕਿਧਰੇ, ਕਿਸੇ ਨਾ ਡਿੱਠਾ ।

ਕਾਲਖ ਰੰਗੀ ਧਰਤੀ ਮਾਂ 'ਤੇ, ਸੰਨਾਟੇ ਦੇ ਬੱਦਲ ਛਾਏ ।
ਸੂਰਜ ਸੱਖਣੀ ਸੁਬਹ ਵਿਚਾਰੀ, ਕੁਝ ਵੀ ਦੱਸਣ ਤੋਂ ਘਬਰਾਏ ।

ਥਾਂ ਥਾਂ ਅੱਗ ਦੀਆਂ ਲਾਟਾਂ, ਚਾਰੇ ਪਾਸੇ ਨਜ਼ਰੀ ਆਵਣ ।
ਲ਼ਾਲ ਤੇ ਪੀਲੇ ਰੰਗਾਂ ਰੱਤੇ, ਬੇਹਿਸ ਚਿਹਰੇ, ਕੀ ਸਮਝਾਵਣ?

ਰਾਜੇ-ਰਾਣੇ, ਗਰੀਬ ਨਿਤਾਣੇ, ਘਰ ਦੀ ਚਿਖਾ ਨੂੰ ਸੇਕ ਰਹੇ ਸਨ।
ਸੁੰਵੇ ਦਿਲ ਨਾਲ, ਕਾਲਾ ਅੰਬਰ, ਮੁਰਦਾ ਸੂਰਜ ਦੇਖ ਰਹੇ ਸਨ।

ਬਲ ਰਹੇ ਜੰਗਲ ਦੀਆਂ ਸ਼ੂਕਾਂ, ਸੜ੍ਹ ਰਹੀ ਲੱਕੜ ਦੀ ਤਿੜ ਤਿੜ।
ਮਰ ਰਹੇ ਜੀਵਾਂ ਦੀਆਂ ਚੀਖਾਂ, ਦਾਨਵ ਦੇ ਹਾਸੇ ਦੀ ਖਿੜ ਖਿੜ।

ਘਾਤਕ ਕਿਰਨਾਂ ਦੇ ਦੈਤਾਂ ਨੇ, ਕੀਤਾ ਸੀ ਇਹ ਅਜਬ ਵਿਨਾਸ਼।
ਤੜਪ ਤੜਪ ਕੇ ਜੀਵਨ ਮੋਇਆ, ਫਿਰ ਹੋਵਣ ਦੀ ਰਹੀ ਨਾ ਆਸ।

ਰੁੱਖ ਵਿਹੂਣੀ, ਰੁੰਡ ਮਰੁੰਡੀ, ਜੀਵਨ ਬਾਂਝੋਂ, ਸੁੰਨ ਮਸੁੰਨੀ ।
ਵੰਨ-ਸੁਵੰਨੀਆਂ ਰੁੱਤਾਂ ਖੋ ਕੇ, ਧਰਤੀ ਗਈ ਸੀ ਬਿਲਕੁਲ ਰੁੰਨੀ।

ਨਦੀਆਂ-ਨਾਲੇ ਰੁਕ ਗਏ ਸਨ, ਯਖ ਹੋ ਚੁੱਕੇ ਸਨ ਸਾਗਰ।
ਜਲ-ਜੀਵਨ ਵੀ ਮੌਤ ਖਾ ਗਈ, ਵਾਪਰਿਆ ਇਹ ਕੀ ਸੀ ਆਖਰ?

ਸੌਂ ਚੁੱਕੀਆਂ ਸਨ ਸਾਗਰ ਛੱਲਾਂ, ਮਰ ਚੁੱਕੇ ਸਨ ਹਵਾ ਦੇ ਬੁੱਲੇ।
ਨਾ ਕਿਧਰੇ ਸਨ ਪੀਂਘ ਹੁਲਾਰੇ, ਨਾ ਹੀ ਕਿਧਰੇ ਸਾਵਣ ਝੂਲੇ।

ਨੇਰ੍ਹੇ ਨੂੰ ਵੀ ਫੇਰ ਰਹੀ ਨਾ, ਦਿਨ ਦੇ ਡੁੱਬਣ ਦੀ ਇੰਤਜ਼ਾਰ ।
ਪੂਰੇ ਬ੍ਰਹਿਮੰਡ 'ਤੇ ਕਬਜ਼ੇ ਦਾ, ਕਰ ਬੈਠਾ ਸੀ ਉਹ ਹੰਕਾਰ।

ਜਵਾਲਾਮੁਖੀ ਦੀ ਬਲਦੀ ਅੱਖ ਹੀ, ਜੀਵਨ ਦੀ ਰਾਖੀ ਸੀ ਬੈਠੀ ।
ਨਿਊਕਲੀ ਜੰਗ ਦੇ ਵਹਿਸ਼ੀ ਦਾਨਵ, ਕਰ ਦਿੱਤੀ ਸੀ ਸਭ ਦੀ ਹੇਠੀ ।

ਮਾਨਵ ਦੀ ਇਹ ਬੱਜ਼ਰ ਸੀ ਗਲਤੀ, ਕੀਤਾ ਜਿਸ ਇਹ ਸੱਤਿਆਨਾਸ।
ਅਰਬਾਂ ਸਾਲ ਦੇ ਕੁਦਰਤ-ਕਾਰਜ, ਪਲ ਭਰ ਵਿਚ ਕੀਤਾ ਵਿਨਾਸ਼।

---

ਡਾ. ਡੀ. ਪੀ. ਸਿੰਘ ਭੌਤਿਕ ਵਿਗਿਆਨ ਦਾ ਅਧਿਆਪਕ ਅਤੇ ਵਿਗਿਆਨ-ਲੇਖਕ ਹੈ।

ਕਹਾਣੀ

# ਦੁੱਧ ਪੁੱਤ

**ਤਲਵਿੰਦਰ ਸਿੰਘ**

talwinder_kahanikar@yahoo[co[in

ਸੂਰਤਾ ਸਿਹੁੰ ਦੇ ਪੈਰ ਗੁਰਦੁਆਰੇ ਦੇ ਗੇਟ ਸਾਹਮਣੇ ਆ ਕੇ ਰੁਕ ਗਏ। ਚਿਲਕਵੇਂ ਫ਼ਰਸ਼ ਤੋਂ ਤਿਲਕਦੀ ਨਜ਼ਰ ਉੱਚੇ ਗੁੰਬਦਾਂ ਤੋਂ ਹੁੰਦੀ ਹੋਈ ਨਿਸ਼ਾਨ ਸਾਹਿਬ ਦੇ ਚਮਕ ਰਹੇ ਖੰਡੇ ਤੇ ਜਾ ਟਿਕੀ। ਉਪਰ ਅਸਮਾਨ 'ਤੇ ਚਿਤਕਬਰੇ ਜਿਹੇ ਬੱਦਲ ਹਨੇਰੀ ਨਾਲ ਖਿੰਡੀ ਹੋਈ ਕਪਾਹ ਵਾਂਗ ਲੱਗੇ। ਮੌਸਮ ਦੇ ਬਦਲੇ ਹੋਏ ਤੇਵਰ ਵੇਖ ਕੇ ਉਹਦਾ ਮੱਥਾ ਠਣਕਿਆ। ਮਨ ਹੋਰ ਬੋਝਲ ਹੋ ਗਿਆ। ਸਾਹਮਣੇ ਦਿਸ ਰਹੀ ਪਾਲਕੀ ਵੱਲ ਉਹਨੇ ਹੱਥ ਜੋੜੇ ਤੇ ਬੁੜਬੁੜਾਇਆ, 'ਹਮਰੀ ਕਰੋ ਹਾਥ ਦੇ ਰੱਛਾ, ਪੂਰਨ ਹੋਇ ਚਿੱਤ ਕੀ ਇੱਛਾ।' ਉਹਨੇ ਇਕ ਪਾਸੇ ਜੋੜਾ ਲਾਹਿਆ, ਪੈਰ ਧੋਤੇ ਤੇ ਗੇਟੋਂ ਅੰਦਰ ਲੰਘ ਗਿਆ। ਹੇਠਾਂ ਵਿਛੇ ਸੁੰਦਰ ਨਰਮ ਗਲੀਚੇ ਨੇ ਉਹਦੇ ਹੰਭੇ ਹੋਏ ਪੈਰਾਂ ਨੂੰ ਰਾਹਤ ਦਿੱਤੀ। ਸੋਨੇ ਰੰਗੀ ਪਾਲਕੀ ਗੁਰੂ ਦੀ ਸ਼ੋਭਾ ਵਧਾ ਰਹੀ ਸੀ। ਆਸਾ ਪਾਸਾ ਬੜੇ ਸਲੀਕੇ ਨਾਲ ਸੁਆਰਿਆ ਹੋਇਆ ਸੀ। ਉਪਰ ਰੰਗਬਰੰਗੀਆਂ ਰੋਸ਼ਨੀਆਂ ਦਾ ਫਨੂਸ ਤੇ ਸਾਹਮਣੇ ਸੱਜਰੇ ਗੁਲਾਬ ਦੇ ਗੁਲਦਸਤੇ। ਇੰਗਲੈਂਡੀਏ ਉਜਾਗਰ ਸਿਹੁੰ ਹੋਰਾਂ ਦੀ ਮਾਇਆ ਨੇ ਜਿਵੇਂ ਕਾਇਆ ਕਲਪ ਹੀ ਕਰ ਦਿੱਤੀ ਸੀ। ਸਾਰਾ ਪਿੰਡ ਉਹਨਾਂ ਦੇ ਗੁਣ ਗਾਉਂਦਾ ਸੀ। ਉਜਾਗਰ ਸਿਹੁੰ ਹੁਣ ਗੁਰਦੁਆਰੇ ਦੀ ਕਮੇਟੀ ਦਾ ਪ੍ਰਧਾਨ ਹੀ ਨਹੀਂ ਸੀ ਸਗੋਂ ਪਿੰਡ ਦੇ ਹੋਰ ਕੰਮਾਂ ਦਾ ਕਰਤਾ ਧਰਤਾ ਵੀ ਸੀ। ਕੁਝ ਸਾਲਾਂ ਤੋਂ, ਜਦ ਤੋਂ ਉਹ ਆਪਣੇ ਮੁੰਡਿਆਂ ਕੋਲੋਂ ਇੰਗਲੈਂਡ ਤੋਂ ਹੋ ਕੇ ਮੁੜਿਆ ਸੀ ਉਹਦੀ ਅੱਲ ਜਾਗਰ ਕਮਲ਼ੇ ਤੋਂ ਉਜਾਗਰ ਸਿਹੁੰ ਇੰਗਲੈਂਡੀਆ ਪੈ ਗਈ ਸੀ। ਹੁਣ ਉਹਦੀ ਆਸੇ ਪਾਸੇ ਚੰਗੀ ਪੁੱਛ ਸੀ। ਪਿੱਛੇ ਜਦੋਂ ਚੋਣਾਂ ਦੇ ਦਿਨ ਸਨ ਤਾਂ ਪਾਰਟੀਆਂ ਦੇ ਆਗੂ ਉਚੇਚੇ ਤੌਰ ਤੇ ਉਹਦੇ ਘਰ ਉਹਦਾ ਸਮਰਥਨ ਮੰਗਣ ਆਉਂਦੇ ਰਹੇ ਸਨ। ਉਹ ਉਸੇ ਵੇਲੇ ਜੇਬ ਵਿਚੋਂ ਮੋਬਾਈਲ ਕੱਢ ਕੇ ਨੰਬਰ ਮਿਲਾਉਂਦਾ ਤੇ ਬੜੀ ਸ਼ਾਨ ਨਾਲ ਕਹਿੰਦਾ, 'ਪੁੱਤ ਮੈਂ ਤੇਰਾ ਡੈਡ ਬੋਲਦਾਂ, ਇੰਡੀਆ ਤੋਂ। ਆਹ ਸਰਦਾਰ ਆਏ ਐ ਵੋਟਾਂ ਵਾਲੇ, ਕੋਈ ਖ਼ਰਚ ਪਾਣੀ ਦੇਣਾ ਇਨ੍ਹਾਂ ਨੂੰ। ਠੀਕ ਆ, ਠੀਕ ਆ। ਕਰ ਦਊਂ ਮੈਂ। ਮੈਂ ਫਿਰ ਵੀ ਕਿਹਾ ਪੁੱਛ ਲਾਂ...। ਚੰਗਾ ਚੰਗਾ...।' ਆਸੇ ਪਾਸੇ ਬੈਠੇ ਬੰਦੇ ਸਿਰ ਹਿਲਾਉਂਦੇ, ਖ਼ੁਸ਼ ਹੁੰਦੇ। ਫਰੇਮ 'ਚ ਜੜੀਆਂ ਉਹਦੇ ਪੁੱਤਾਂ ਦੀਆਂ ਫੋਟੋਆਂ ਵੱਲ ਤੱਕ ਤੱਕ ਸਿਫ਼ਤਾਂ ਦੇ ਪੁਲ਼ ਬੰਨ੍ਹਦੇ। ਅਫਸਰ ਮੁਲਾਜ਼ਮ ਉਹਦੇ ਘਰ ਆ ਕੇ ਬੁੱਲ੍ਹਾਂ ਤੇ ਜੀਭ ਫੇਰਦੇ ਤੇ ਬਾਹਰਲੀ ਦਾਰੂ ਦੀ ਝਾਕ ਕਰਦੇ। ਉਹ ਹਿੱਕ ਚੌੜੀ ਕਰਕੇ ਹੱਥ ਝੁਲਾਉਂਦਾ ਤੇ ਆਖਦਾ, 'ਮੇਰੇ ਪੁੱਤਾਂ ਨੂੰ ਰਾਣੀ ਆਪਣੇ ਘਰ ਦਾਅਵਤਾਂ ਦਿੰਦੀ ਐ। ਵੱਡੇ ਨੇ ਐਤਕੀਂ ਲੰਡਨ ਦਾ ਮੇਅਰ ਬਣ ਜਾਣਾ। ਨਿੱਕੇ ਨੇ ਹਵਾਈ ਜਹਾਜ਼ਾਂ ਦੀ ਕੰਪਨੀ ਖੋਲ੍ਹ ਲੈਣੀ ਆ।'

ਉਹ ਅੰਦਰ ਜਾ ਕੇ ਗੁਰੂ ਸਾਹਮਣੇ ਨਤਮਸਤਕ ਹੋ ਗਿਆ। ਖੱਬੇ ਹੱਥ ਹਜ਼ੂਰੀ ਰਾਗੀ ਬਾਬਾ ਹੰਸਾ ਸਿਹੁੰ ਤੇ ਸਾਥੀ ਬੜੀ ਮਿਠਾਸ ਨਾਲ ਸ਼ਬਦ ਗਾਇਨ ਕਰ ਰਹੇ ਸਨ-'ਭਈ ਪ੍ਰਾਪਤ ਮਾਨੁੱਖ ਦੇਹੁਰੀਆ, ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ...।' ਪਿਛਲੇ ਕੁਝ ਸਮੇਂ ਤੋਂ ਇਹਨਾਂ ਰਾਗੀਆਂ ਦਾ ਕੀਰਤਨ ਪਿੰਡ ਦੀ ਫ਼ਿਜ਼ਾ ਵਿਚ ਗੂੰਜ ਰਿਹਾ ਸੀ। ਗਿਆਨੀ ਪਿਆਰਾ ਸਿਹੁੰ ਤੇ ਬਲਵੰਤ ਸਿਹੁੰ ਢੋਲਕੀਕੁੱਟ ਦੀ ਜੋੜੀ ਪਾਸੇ ਹੋ ਗਈ ਸੀ। ਪਿਆਰਾ ਸਿਹੁੰ ਦੀ ਬੇਸੁਰੀ ਆਵਾਜ਼ ਤੇ ਢੋਲਕੀਕੁੱਟ ਦੇ ਧੱਫਿਆਂ ਦੀ ਧੈਂਅ ਧੈਂਅ ਤੋਂ ਸੰਗਤ ਨੂੰ ਨਿਜ਼ਾਤ ਮਿਲ ਗਈ ਸੀ। ਨਹੀਂ ਤਾਂ ਪਤਾ ਨਹੀਂ ਹੋਰ ਕਿੰਨਾ ਕੁ ਚਿਰ ਉਹਨਾਂ ਨੇ ਲੋਕਾਂ ਦਾ ਸੁਹਜ ਸੁਆਦ ਵਿਗਾੜੀ ਰੱਖਣਾ ਸੀ। ਮੱਥਾ ਟੇਕ ਕੇ ਉਹ ਇਕ ਪਾਸੇ ਬਹਿ ਗਿਆ। ਕੁਝ ਚਿਰ ਸ਼ਬਦ ਦੇ ਬੋਲ ਉਹਦੇ ਕੰਨੀ ਪੈਂਦੇ ਰਹੇ ਫਿਰ ਹੌਲ਼ੀ ਹੌਲ਼ੀ ਅੰਦਰਲਾ ਘੜਮੱਸ ਸਿਰ ਚੁੱਕਣ ਲੱਗਾ। ਸ਼ਬਦ ਦੇ ਬੋਲ ਗੁਆਚਣ ਲੱਗੇ। ਅੰਦਰੋਂ ਕਈ ਅਜੀਬ ਆਵਾਜ਼ਾਂ ਉੱਠਣ ਲੱਗੀਆਂ। ਸੋਨੇ ਦੇ ਪੱਤਰੇ ਜੜੀ ਸੰਗਮਰਮਰ ਦੀ

ਪਾਲਕੀ ਜਿਵੇਂ ਡੋਲਣ ਲੱਗੀ। ਉਹਨੇ ਸਹਿਜ ਰਹਿਣ ਦੀ ਕੋਸ਼ਿਸ਼ ਕਰਦਿਆਂ ਆਸੇ ਪਾਸੇ ਬੈਠੀ ਸੰਗਤ ਨੂੰ ਨਿਹਾਰਿਆ। ਉਸਨੂੰ ਸਭ ਕੁਝ ਬੇਪਛਾਣ ਜਿਹਾ ਲੱਗਾ। ਜਿਵੇਂ ਉਹ ਕਿਸੇ ਹੋਰ ਈ ਥਾਂ ਆ ਬੈਠਾ ਸੀ। ਰਾਗੀ ਹੰਸਾ ਸਿਹੁੰ ਬੜੀ ਮਨਮੋਹਕ ਸ਼ਬਦਾਵਲੀ ਵਿਚ ਨਾਲ ਨਾਲ ਚੁਰਾਸੀ ਲੱਖ ਜੂਨਾਂ ਤੋਂ ਬਾਅਦ ਮਿਲੇ ਇਸ ਇਨਸਾਨੀ ਜਾਮੇ ਦੀ ਉੱਚਤਾ ਨਾਲ ਜੁੜੀ ਸਾਖ਼ੀ ਸੁਣਾ ਰਿਹਾ ਸੀ। ਪਰ ਪਤਾ ਨਹੀਂ ਕਿਉਂ ਸੂਰਤਾ ਸਿਹੁੰ ਨੂੰ ਕੁਝ ਸਮਝ ਨਹੀਂ ਸੀ ਲੱਗ ਰਹੀ। ਉਹਨੂੰ ਕਿਉਂ ਇਹ ਜਾਮਾ ਬੋਝਲ ਤੇ ਅਸਹਿ ਲੱਗਣ ਲੱਗਾ ਸੀ? ਕਿਉਂ ਉਹਦਾ ਜੀਅ ਕਰਦਾ ਸੀ ਕਿ ਉਹ ਕਿਤੇ ਦੂਰ ਨਿਕਲ ਜਾਏ? ਕੀ ਸਮੇਂ ਦਾ ਕੋਈ ਪੁੱਠਾ ਗੇੜ ਉਹਨੂੰ ਵਾਪਸ ਬੀਤੇ ਵੱਲ ਨਹੀਂ ਸੀ ਸੁੱਟ ਸਕਦਾ? ਅਖੀਰ ਬੁਖਲਾਹਟ ਜਿਹੀ ਮਹਿਸੂਸ ਕਰਦਿਆਂ ਉਹ ਉੱਠ ਖਲੋਤਾ ਤੇ ਮੱਥਾ ਟੇਕ ਕੇ ਬਾਹਰ ਵਿਹੜੇ ਵਿਚ ਆ ਗਿਆ। ਕੁਝ ਚਿਰ ਡੌਰਭੌਰਾ ਜਿਹਾ ਖਲੋਤਾ ਰਿਹਾ, ਓਪਰਿਆਂ ਵਾਂਗ। ਜਿਵੇਂ ਉਹ ਕਈ ਸਾਲਾਂ ਬਾਅਦ ਇਥੇ ਆਇਆ ਹੋਵੇ।

ਉਹ ਸੱਜੇ ਹੱਥ ਇਕ ਟੱਕ ਨਿਹਾਰਨ ਲੱਗਾ। ਇਥੇ ਵੱਡੇ ਪਿੱਪਲ ਥੱਲੇ ਖੂਹੀ ਹੁੰਦੀ ਸੀ ਜਿਸ ਵਿਚ ਨਿੱਕੀਆਂ ਟਿੰਡਾਂ ਦੀ ਮਾਹਲ ਲਮਕੀ ਹੁੰਦੀ। ਉੱਚੇ ਥੜ੍ਹੇ ਤੇ ਲੱਗੀ ਹਲਟੀ ਨੂੰ ਮੁੰਡੇ ਖੁੰਡੇ ਗੇੜਦੇ ਤੇ ਚੁਬੱਚੇ ਵਿਚ ਪਾਣੀ ਭਰਦੇ। ਸਵੇਰ ਦੇ ਵੇਲੇ ਇਥੇ ਚੰਗੀ ਰੌਣਕ ਹੁੰਦੀ ਸੀ। ਗੱਭਰੂ ਮੋਢਿਆਂ ਤੇ ਪਰਨੇ ਤੇ ਹੱਥਾਂ ਵਿਚ ਤੇਲ ਦੀਆਂ ਸ਼ੀਸ਼ੀਆਂ ਫੜੀ ਇਥੇ ਆ ਕੇ ਮਾਲਸ਼ਾਂ ਕਰਦੇ ਤੇ ਨਹਾਉਂਦੇ। ਨਿਆਣੇ ਧੱਮਚੜ ਚੁੱਕਦੇ ਤੇ ਸ਼ੋਰ ਪਾਉਂਦੇ। ਬਾਬੇ ਦੀ ਨਜ਼ਰ ਬਚਾ ਕੇ ਅੰਦਰੋਂ ਫੁੱਲੀਆਂ ਵਾਲੇ ਪ੍ਰਸ਼ਾਦ ਦੀਆਂ ਮੁੱਠਾਂ ਭਰ ਲਿਆਉਂਦੇ ਤੇ ਵੰਡ ਵੰਡ ਖਾਂਦੇ। ਥੜ੍ਹੇ ਤੇ ਡੱਠੇ ਵੱਡੇ ਸਾਰੇ ਮੰਜੇ ਤੇ ਬਜ਼ੁਰਗ ਬੀਤੇ ਵੇਲ਼ੇ ਦੀਆਂ ਬਾਤਾਂ ਦਾ ਵਖਿਆਨ ਕਰਦੇ। ਗੱਭਰੂ ਉਹਨਾਂ ਦੀਆਂ ਗੱਲਾਂ ਨੂੰ ਗਹੁ ਨਾਲ ਸੁਣਦੇ। ਬਹੁਤੀਆਂ ਗੱਲਾਂ ਵੰਡ ਵੇਲੇ ਪਏ ਉਜਾੜੇ ਦੀਆਂ ਹੁੰਦੀਆਂ। ਉਦੋਂ ਉਹ ਜ਼ਖ਼ਮ ਡਾਢੇ ਅੱਲ੍ਹੇ ਸਨ। ਬਜ਼ੁਰਗ ਆਖਦੇ, 'ਉਹਨਾਂ ਸਾਂਝੇ ਵੇਲਿਆਂ ਦੀਆਂ ਬਾਤਾਂ ਈ ਹੋਰ ਸਨ। ਲੋਕਾਂ ਵਿਚ ਬੜਾ ਤੇਹ ਸੀ। ਇਕ ਦੂਜੇ ਕੇ ਕੰਮ ਆਉਂਦੇ। ਪਰ ਵੇਲੇ ਦੀ ਹਨ੍ਹੇਰੀ ਸਭ ਕੁਝ ਉਡਾ ਕੇ ਲੈ ਗਈ। ਭਾਈਚਾਰਾ ਖੇਰੂੰ ਖੇਰੂੰ ਹੋ ਗਿਆ। ਸਭ ਪਾਸੇ ਲਹੂ ਹੀ ਲਹੂ, ਅੱਗਾਂ ਹੀ ਅੱਗਾਂ... । '

ਸੂਰਤਾ ਸਿਹੁੰ ਨੂੰ ਉਹਨਾਂ ਸਾਂਝੇ ਦਿਨਾਂ ਦੀ ਮੱਧਮ ਜਿਹੀ ਯਾਦ ਸੀ। ਪਰ ਕੁਝ ਸਮੇਂ ਪਿਛੋਂ ਜੀਵਨ ਫਿਰ ਲੀਹ 'ਤੇ ਆ ਗਿਆ ਸੀ। ਖੂਹ ਗਿੜਨ ਲੱਗੇ, ਫਸਲਾਂ ਪੱਕਣ ਲੱਗੀਆਂ, ਭੰਗੜੇ ਪੈਣ ਲੱਗੇ, ਤੀਆਂ ਸਜਣ ਲੱਗੀਆਂ। ਕੋਹ ਕੋਹ ਪੈਂਡਾ ਮਾਰ ਕੇ ਸੁਆਣੀਆਂ ਭੱਤੇ ਲੈ ਕੇ ਖੇਤੀਂ ਜਾਣ ਲੱਗੀਆਂ। ਉਦੋਂ ਉਹ ਬਿਲਕੁਲ ਨਿਆਣਾ ਹੁੰਦਾ ਸੀ। ਫਿਰ ਹੌਲ਼ੀ ਹੌਲ਼ੀ ਬੜਾ ਕੁਝ ਉਹਦੀਆਂ ਅੱਖਾਂ ਸਾਹਮਣੇ ਬਦਲਿਆ ਸੀ। ਘਰਾਂ 'ਚ ਨਲਕੇ ਲੱਗਣ ਨਾਲ ਖੂਹ ਵਾਧੂ ਹੋਏ, ਨਾਲ ਈ ਬਾਹਰ ਸਾਂਝੇ ਥਾਂਵਾਂ 'ਤੇ ਨਹਾਉਣ ਦਾ ਰੁਝਾਨ ਮੁੱਕਿਆ। ਹੌਲ਼ੀ ਹੌਲ਼ੀ ਸੱਥਾਂ ਦੀਆਂ ਇੱਟਾਂ ਹਿੱਲਣੀਆਂ ਸ਼ੁਰੂ ਹੋਈਆਂ ਤੇ ਫਿਰ ਵੱਡੇ ਵੱਡੇ ਮੰਜੇ ਵੀ ਬੇਲੋੜੇ ਹੋ ਗਏ। ਅਖੀਰ ਸੰਘਣੇ ਪਿੱਪਲਾਂ ਬੋਹੜਾਂ ਦੀ ਵਾਰੀ ਆ ਗਈ।

ਉਹਦੇ ਚਿਹਰੇ ਤੇ ਵਿਅੰਗਮਈ ਮੁਸਕਰਾਹਟ ਉੱਭਰੀ, 'ਸ਼ਾਇਦ ਏਹੋ ਜ਼ਿੰਦਗੀ ਦਾ ਦਸਤੂਰ ਹੋਵੇ।'

ਪਿੱਛੋਂ ਕਿਸੇ ਨੇ ਉਹਦੇ ਮੋਢੇ ਤੇ ਹੱਥ ਰੱਖਿਆ, 'ਕਿਵੇਂ ਭਾਊ ਸੂਰਤਾ ਸਿਆਂ, ਕਿਨ੍ਹਾਂ ਦਲੀਲਾਂ ਚ ਪਿਐਂ?'

ਉਹਨੇ ਪਲਟ ਕੇ ਵੇਖਿਆ। ਮਿਸਤਰੀ ਤੇਜਾ ਸਿਹੁੰ ਸੀ। ਉਹਦਾ ਹਮਉਮਰ, ਜਮਾਤੀ। ਪੱਕਾ ਆੜੀ। ਪੰਜਵੀਂ ਤੱਕ ਉਹ ਇਕੱਠੇ ਪਿੰਡ ਵਾਲੇ ਸਕੂਲ ਪੜ੍ਹੇ ਸਨ। ਇਨ੍ਹਾਂ ਦਾ ਜੁੱਟ ਮਸ਼ਹੂਰ ਸੀ। ਚੜ੍ਹਦੀ ਉਮਰੇ ਅਖਾੜੇ ਵਿਚ ਜਾਣ ਦਾ ਸ਼ੌਕ ਫੁਰਮਾਉਂਦੇ ਰਹੇ ਸਨ। ਦਰਮਿਆਨੇ ਕੱਦ ਦਾ ਤੇਜੂ ਗੋਰਾ ਤੇ ਨੀਮ ਭੂਰੀਆਂ ਅੱਖਾਂ ਕਾਰਨ ਕੁੜੀਆਂ ਵਿਚ ਹਰਮਨ-ਪਿਆਰਾ ਸੀ। ਸੂਰਤੀ ਮਜ਼ਬੂਤ ਜੁੱਸੇ ਵਾਲਾ ਉਸਤੋਂ ਚੱਪਾ ਭਰ ਉੱਚਾ ਸੀ। ਕੁੜੀਆਂ ਉਹਤੋਂ ਭੈਅ ਖਾਂਦੀਆਂ ਤੇ ਬੋਲਣੋਂ ਕਤਰਾਉਂਦੀਆਂ। ਜੇ ਉਹ ਇਕੱਠੇ ਤੁਰੇ ਆਉਂਦੇ ਖੂਹ ਲਾਗੇ ਹੁੰਦੇ ਤਾਂ ਕੋਈ ਮਨਚਲੀ ਕੁੜੀ ਏਹੀ ਕਹਿੰਦੀ, 'ਵੇ ਤੇਜੂ, ਆਹ ਘੜਾ ਚੁਕਾਈਂ।'

'ਮੈਂ ਸੋਚਦਾ ਸੀ, ਕੀ ਲੋੜ ਸੀ ਏਡਾ ਸੰਘਣਾ ਪਿੱਪਲ ਵੱਢਣ ਦੀ। ਕਿੰਨੀ ਸੋਹਣੀ ਛਾਂ ਸੀ ਉਹਦੀ। ਪਿੱਪਲ ਸਾਡੇ ਦਾਦੇ ਪੜਦਾਦੇ ਵਰਗਾ ਸੀ। ਸਾਡਾ ਜੀਂਦਾ ਜਾਗਦਾ ਸੰਸਾਰ।' ਸੂਰਤਾ ਸਿਹੁੰ ਬੋਲਿਆ।

'ਇਹ ਭਾਈ ਕਮੇਟੀਆਂ ਦੇ ਫੈਸਲੇ ਆ। ਇੰਗਲੈਂਡੀਆਂ ਜੋ ਕਹਿ'ਤਾ ਸੋ ਹੋ ਗਿਆ। ਉਹਨਾਂ ਨੂੰ ਲੱਗਾ ਪਿੱਪਲ ਨਹੀਂ ਚਾਹੀਦਾ, ਸੋ ਨਹੀਂ ਚਾਹੀਦਾ। ਉਨ੍ਹਾਂ ਸੋਚਿਆ, ਇਥੇ ਸੰਗਮਰਮਰ ਦਾ ਫ਼ਰਸ਼ ਸ਼ੋਭਦਾ, ਸੋ ਲੱਗ ਗਿਆ। ਗੁਰਬਾਣੀ ਕਹਿੰਦੀ ਆ, ਚਿੰਤਾ ਤਾਂ ਕੀ ਕੀਜੀਏ, ਜੋ ਅਨਹੋਣੀ ਹੋਇ...। ਪਰ ਤੂੰ ਸੁਣਾ, ਬੜੇ ਦਿਨਾਂ ਬਾਅਦ ਦਿਸਿਆਂ, ਕਿਤੇ ਗਿਆ ਸੀ?'

'ਜਾਣਾ ਕਿੱਥੇ ਸੀ? ਨਾਲੇ ਇਹ ਕਿਹੜੀ ਵਰੇਸ ਐ ਕਿਤੇ ਜਾਣ ਦੀ। ਘਰੇ ਈ ਹੋਈਦੈ।'

ਤੇਜਾ ਸਿਹੁੰ ਨੇ ਉਸਦੇ ਚਿਹਰੇ ਵੱਲ ਤੱਕਿਆ। ਸਮੇਂ ਦੀ ਵਲ਼ ਵਲ਼ੇਵੇਂ ਖਾਂਦੀ ਲੰਮੀ ਲਕੀਰ ਉਸਦੇ ਚਿੱਟੇ ਵਾਲ਼ਾਂ ਵਿਚ ਗੁਆਚ ਰਹੀ ਸੀ। ਜ਼ਿੰਦਗੀ ਦਾ ਇਕ ਲੰਮਾ ਪੰਧ ਤੈਅ ਹੋ ਗਿਆ ਸੀ। ਅੱਗੇ ਰਾਹ ਬੰਦ ਹੋ ਰਿਹਾ ਸੀ ਜਾਂ ਉਹਨਾਂ ਦੀ ਚਾਲ ਧੀਮੀ ਪੈ ਰਹੀ ਸੀ, ਪਤਾ ਨਹੀਂ। ਪਰ ਨਵੇਂ ਰਾਹਾਂ ਤੇ ਲੋਕ ਨੱਸੇ ਜਾ ਰਹੇ ਸਨ। ਉਹ ਪਿੱਛੇ ਰਹਿ ਗਏ ਸਨ, ਬਹੁਤ ਪਿੱਛੇ।

'ਆ, ਘਰ ਚੱਲਦੇ ਆਂ। ਕੋਈ ਲੱਸੀ ਪਾਣੀ ਪੀਂਦੇ ਆਂ।' ਉਹਨੇ ਸੂਰਤਾ ਸਿਹੁੰ ਨੂੰ ਹਲੂਣਿਆ। ਉਹ ਬਿਨਾਂ ਉਤਰ ਦਿੱਤਿਆਂ ਉਹਦੇ ਨਾਲ ਤੁਰਨ ਲੱਗਾ। ਗੇਟੋਂ ਬਾਹਰ ਪਈ ਜੁੱਤੀ ਪੈਰੀਂ ਅੜਾਈ। ਉਹਨੂੰ ਚੰਗਾ ਲੱਗਾ ਕਿਸੇ ਨੇ ਲੱਸੀ ਦਾ ਨਾਂ ਤਾਂ ਲਿਆ ਸੀ। ਨਹੀਂ ਤਾਂ ਪਤਾ ਨਹੀਂ ਕਦੋਂ ਦੀ ਇਹ ਸ਼ੈਅ ਇਥੋਂ ਗ਼ਾਇਬ ਹੀ ਹੋ ਗਈ ਸੀ। ਸ਼ਾਇਦ ਉਦੋਂ ਤੋਂ ਜਦੋਂ ਤੋਂ ਲੋਕ ਦੁੱਧ ਵੇਚਣ ਦੇ ਲਾਲਚ ਵਿਚ ਆ ਗਏ ਸਨ ਤੇ ਘਰ ਦਾ ਜੁਆਕ ਜੱਲਾ ਦੋ ਤੂੰਬੇ ਦੁੱਧ ਪਾ ਕੇ ਬਣਾਈ ਚਾਹ ਦਾ ਮੁਥਾਜ ਹੋ ਕੇ ਰਹਿ ਗਿਆ ਸੀ। ਉਹ ਦਿਨ ਹੁਣ ਦੂਰ ਰਹਿ ਗਏ ਸਨ ਜਦੋਂ ਦੁਧ ਵੇਚਣਾ ਲੋਕ ਗਾਲ਼ ਸਮਝਦੇ ਸਨ। ਦੁੱਧ ਪੁੱਤ ਦੀ ਅਸੀਸ ਦਿਤੀ ਜਾਂਦੀ ਸੀ। ਪਰ ਹੁਣ ਕੌਣ ਪਰਵਾਹ ਕਰਦਾ? ਲੱਸੀ ਦੀ ਮਾਰੀ ਸੁਲਾਹ ਨੇ ਉਹਦੇ ਖਿਆਲਾਂ ਨੂੰ ਸਹਿਲਾਇਆ। ਉਹਦਾ ਬੋਝਲ ਮਨ ਕੁਝ ਛਿਣਾਂ ਲਈ ਉਹਨਾਂ ਚੇਤਿਆਂ ਵਿਚ ਗੁਆਚਿਆ ਜਿਹੜੇ ਉਹਦੇ ਲਈ ਅਤਿਅੰਤ ਮਿੱਠੇ ਸਨ। ਉਹਦੀ ਸਾਰੀ ਹਯਾਤੀ ਦਾ ਸਰਮਾਇਆ। ਉਦੋਂ ਸਾਰਾ ਪਿੰਡ ਇਕ ਟੱਬਰ ਜਿਹਾ ਹੁੰਦਾ ਸੀ, ਕੋਈ ਚਾਚਾ ਕੋਈ ਤਾਇਆ। ਉਹ ਗਲੀਆਂ ਕੱਛਦੇ ਕਿਸੇ ਵੀ ਘਰ ਖਲੋ ਕੇ ਆਖਦੇ, 'ਤਾਈ, ਲੱਸੀ ਪਿਆਈਂ ਇਕ ਛੰਨਾ।'

ਲੱਸੀ ਪਿਆਉਂਦੀ ਉਹ ਤਾਈ ਛੇੜਦੀ, 'ਵੇ ਤੁਸੀਂ ਕਿਹੜੇ ਕੁੱਤੇ ਖੱਸੀ ਕਰਦੇ ਫਿਰਦੇ ਓ। ਏਨੀ ਗਰਮੀ 'ਚ ਘਰੀਂ ਨੀ ਬਹਿ ਹੁੰਦਾ?'

ਉਹ 'ਹੀਂ ਹੀਂ' ਕਰਕੇ ਹੱਸਦੇ, ਲੱਸੀ ਡਕਾਰਦੇ ਤੇ ਹਿਰਨਾਂ ਦੇ ਸਿੰਙੀਂ ਹੋ ਜਾਂਦੇ।

ਤੇਜੂ ਦਾ ਬਾਪੂ ਖਿਝਦਾ, 'ਉਏ ਸਹੁਰੀ ਦਿਓ, ਕੱਲ੍ਹ ਨੂੰ ਤੁਹਾਡੇ ਵਿਆਹ ਹੋ ਜਾਣੇ। ਕੋਈ ਕੰਮ ਧੰਦੇ ਸਿੱਖ ਲਓ। ਮੁੜਕੇ ਬੁਢੀਆਂ ਕੋਲੋਂ ਲੱਤਾਂ ਖਾਓਗੇ।' ਹਰਨਾਮ ਸਿਹੁੰ ਆਪ ਹਰਫਨਮੌਲਾ ਕਾਰੀਗਰ ਸੀ। ਅੱਧੇ ਪਿੰਡ ਦਾ ਸੇਪੀ। ਜੇ ਕੰਮ ਜੋੜੀ ਪੱਲੇ ਦਾ ਮਿਲਿਆ ਫੜ ਲਿਆ। ਜੇ ਲੋੜ ਪਈ ਕਿਸੇ ਦਾ ਘਰ ਕੁੱਲ੍ਹਾ ਛੱਤਣ ਦੀ ਛੱਤ ਦਿੱਤਾ। ਲੋਕ ਉਹਦੀ ਇਜ਼ਤ ਕਰਦੇ। ਸੂਰਤੀ ਦੇ ਬਾਪੂ ਵਸਾਵਾ ਸਿਹੁੰ ਦਾ ਉਹ ਹਮਪਿਆਲਾ ਸੀ। ਕਦੇ ਕਦਾਈਂ ਉਹ ਸੋਤੇ ਪਏ ਉਹਨਾਂ ਵੱਲ ਗੇੜਾ ਮਾਰਦਾ। ਉਹਨੂੰ ਵੇਖ ਵਸਾਵਾ ਸਿਹੁੰ ਛੇੜਦਾ, 'ਆ ਗਿਆ ਗੁੱਲੀਘੜ, ਲਿਆ ਉਏ ਮੁੰਡਿਆ ਓਧਰੋਂ ਤੂੜੀ ਵਾਲੇ ਕਮਰੇ 'ਚ ਪਈ ਆ ਬੋਤਲ। ਤੇਰਾ ਚਾਚਾ ਆਇਆ, ਵੇਖੀਂ, ਹੁਣ ਲਾਹੂ ਇਹ ਮੇਰੇ ਸੱਕ।'

'ਪਹਿਲਾਂ ਪਿਛਲੀ ਹਾੜੀ ਦੀ ਬੋਰੀ ਰੱਖ ਐਥੇ, ਫੇਰ ਕਰੀਂ ਗੱਲ। ਕਿਉਂ ਭਾਬੀ?' ਹਰਨਾਮ ਸਿਹੁੰ ਹੱਸਦਾ ਚੌਕੇ ਵੱਲ ਝਾਕਦਾ।

'ਭਾਈ ਤੁਹਾਡੀਆਂ ਤੁਸੀਂ ਜਾਣੋਂ।' ਆਪਣੇ ਕੰਮ 'ਚ ਰੁੱਝੀ ਧੰਨਕੁਰ ਬੋਲਦੀ।

ਵਾਢੀਆਂ ਦੇ ਦਿਨੀਂ ਹਰਨਾਮ ਸਿਹੁੰ ਰੇਤੀ ਹਮੇਸ਼ਾ ਕੋਲ ਰੱਖਦਾ। ਜਿਥੇ ਕੋਈ ਕਹਿੰਦਾ ਦਾਤਰੀ ਦੇ ਦੰਦੇ ਕੱਢਣ ਬਹਿ ਜਾਂਦਾ। ਉਹ ਦੂਰ ਖੇਤਾਂ ਵਿਚ ਜਾ ਨਿਕਲਦਾ। ਜਿੱਥੇ ਬੋਹਲ਼ ਲੱਗੇ ਹੁੰਦੇ, ਫਲ੍ਹੇ ਪੈ ਰਹੇ ਹੁੰਦੇ, ਹਾਸਾ ਠੱਠਾ ਚੱਲ ਰਿਹਾ ਹੁੰਦਾ, ਮੇਲੇ ਜਿਹਾ ਮਾਹੌਲ ਹੁੰਦਾ।

ਇਕ ਦਿਨ ਤੇਜੂ ਬਾਪੂ ਦੇ ਟੇਟੇ ਚੜ੍ਹ ਈ ਗਿਆ ਸੀ। ਉਹਨੇ ਹਥੌੜਾ ਫੜਾ ਕੇ ਅਹਿਰਨ ਅੱਗੇ ਬਿਠਾ ਦਿਤਾ ਸੀ, 'ਬਹੁਤ ਕਰ 'ਲੀਆਂ ਗਰਦੌਰੀਆਂ, ਹੁਣ ਸਮਝ ਕਰ। ਰਿਸ਼ਤਾ ਆ ਰਿਹਾ ਤੇਰਾ। ਭੈਣੀ ਕਿਆਂ ਤੋਂ। ਉਹਨਾਂ ਨੂੰ ਕੀ ਦੱਸਾਂਗੇ ਮੁੰਡੇ ਕੋਲ਼ ਕੋਈ ਹੁਨਰ ਨੀ? ਬੰਦੇ ਦਾ ਪੁੱਤ ਬਣ ਤੇ ਕੰਮ ਵਿਚ ਪੈ।'

ਇਧਰ ਤੇਜੂ ਨੇ ਕੰਮ ਫੜਿਆ, ਉਧਰ ਸੂਰਤੀ ਜੋਗ ਲੈ ਕੇ ਖੇਤੀਂ ਤੁਰ ਪਿਆ। ਸਵੇਰ ਤੋਂ ਸ਼ਾਮ ਤੱਕ ਹਲ਼ ਵਾਹੁੰਦਿਆਂ ਉਹਦੀਆਂ ਖੁੱਚਾਂ ਨਿਕਲ਼ ਜਾਂਦੀਆਂ। ਮਨ ਮਾਰ ਕੇ ਉਹਨੇ ਘਰ ਦੀ ਕਬੀਲਦਾਰੀ ਸਾਂਭ ਲਈ।

ਦੋਵਾਂ ਦੇ ਵਿਆਹ ਮਹੀਨਾ ਖੰਡ ਦੇ ਹੇਰ ਫੇਰ ਨਾਲ ਅੱਗੜ ਪਿੱਛੜ ਹੋਏ। ਸੂਰਤੀ ਦੇ ਵਿਆਹ ਵਿਚ ਤੇਜੂ ਦੀ ਟਹੁਰ ਸੀ। ਵੈਲ ਦੀ ਅਬਰਕ ਲੱਗੀ ਲਾਲ ਪੱਗ ਵਿਚ ਉਹਦਾ ਚਿਹਰਾ ਦਮਕ ਰਿਹਾ ਸੀ। ਜੰਞ ਵਿਚ ਉਹ ਕੁੜੀਆਂ ਦੀਆਂ ਨਜ਼ਰਾਂ ਦਾ ਕੇਂਦਰ ਸੀ। ਜ਼ਨਾਨੀਆਂ ਵਿਚ ਘੁਸਰਮੁਸਰ ਹੁੰਦੀ ਰਹੀ, 'ਨੀ ਇਹ ਕਿਨ੍ਹਾਂ ਦਾ ਮੁੰਡਾ?'

ਕਿਸੇ ਆਖਿਆ, 'ਤਖਾਣਾਂ ਦਾ।'

'ਭੈਣੇ ਜੇ ਜੱਟ ਪੁੱਤ ਹੁੰਦਾ ਤਾਂ ਮੈਂ ਆਪਣੀ ਕਾਕੋ ਦਾ ਰਿਸ਼ਤਾ ਇਹਦੇ ਨਾਲ ਕਰ ਦੇਣਾ ਸੀ।' ਪਹਿਲੀ ਨੇ ਹਸਦ ਨਾਲ ਕਿਹਾ।

'ਹੁਣ ਕਰ ਦੇ। ਜੱਟਾਂ ਤਖਾਣਾਂ ਚ ਕੀ ਫਰਕ?' ਦੂਜੀ ਆਖਿਆ।

'ਨਹੀਂ ਨਾ ਭੈਣੇ, ਫਰਕ ਤਾਂ ਹੈ ਈ।' ਉਹ ਜਿਵੇਂ ਮਸੋਸੀ ਗਈ।

ਜੰਞ ਪਰਤਦਿਆਂ ਕਾਫ਼ੀ ਦੇਰ ਹੋ ਗਈ। ਪਾਣੀ ਵਾਰਦਿਆਂ ਤੇ ਵਹੁਟੀ ਨੂੰ ਵਿਹੰਦਿਆਂ ਬਿਠਾਉਂਦਿਆਂ ਹੋਰ ਹਨ੍ਹੇਰਾ ਹੋ ਗਿਆ। ਦੇਰ ਰਾਤ ਗਏ ਘਰੋ ਘਰੀ ਮੁੜਨ ਵੇਲੇ ਬੀਰੋ ਮਜ਼੍ਹਬਣ ਨੇ ਮਸੀਤ ਦੀ ਕੰਧ ਉਹਲੇ ਨਾਈਆਂ ਦੀ ਸੀਤੋ ਨੂੰ ਤੇਜੂ ਨਾਲ ਚੰਬੜਦਿਆਂ ਵੇਖ ਲਿਆ। ਉਹ ਬੋਲੀ, 'ਵੇ ਟੁੱਟ ਪੈਣਿਓਂ ਕਿਹੜੇ ਜੇ, ਜ਼ਰਾ ਮੂੰਹ ਤੇ ਵਿਖਾਓ।'

ਤੇਜੂ ਦਾ ਮੂੰਹ ਹਨੇਰੇ ਵਿਚ ਚਮਕਿਆ। ਪਛਾਣ ਕੇ ਬੋਲੀ, 'ਹੂੰ, ਹੱਛਾ...।' ਦੂਜੇ ਬੰਨੇ ਭੱਜੀ ਜਾਂਦੀ ਸੀਤੋ ਦੀ ਚਾਲ ਉਹਨੇ ਪਛਾਣ ਲਈ, 'ਸ਼ਾਬਾਸ਼ੇ, ਕਰ ਆਪਣੀ ਰੰਡੀ ਮਾਂ ਦਾ ਨਾਂ ਉੱਚਾ।' ਕੁਝ ਚਿਰ ਉਥੇ ਖਲੋਤੀ ਰਹੀ। 'ਮਰ ਜਾਣੇ, ਜੰਮ ਮੁੱਕੇ ਨੀ ਹਾਲੇ ਤੇ ਅੱਗ ਲੱਗ ਵੀ ਗਈ।' ਤੇ ਬੁੜ ਬੁੜ ਕਰਦੀ ਅਗਾਂਹ ਤੁਰ ਪਈ। ਖੂਹ ਲਾਗੋਂ ਹੇਠਾਂ ਉੱਤਰਦਿਆਂ ਉਹਨੂੰ ਹਵੇਲੀ ਵਾਲੇ ਗੁਲਜ਼ਾਰੀ ਨੇ ਬੋਚ ਲਿਆ, 'ਬੜੀ ਦੇਰ ਲਾ'ਤੀ?'

'ਉਧਰੋਂ ਕੰਮ ਨਿਬੜਦਾ ਤਾਂ ਨਿਕਲਦੀ।' ਉਹਦੀਆਂ ਬਾਹਾਂ ਚ ਨਿਢਾਲ ਹੁੰਦੀ ਉਹ ਬੋਲੀ।

ਅਗਲੇ ਮਹੀਨੇ ਤੇਜੂ ਦੀ ਜੰਞ ਵਿਚ ਸੂਰਤੀ ਆਪਣੀ ਚੂੜੇ ਵਾਲ਼ੀ ਸ਼ਿੰਦਰ ਨੂੰ ਲਈ ਫਿਰਦਾ ਸੀ। ਉਹਨਾਂ ਦੀ ਜੋੜੀ ਦੀ ਚਰਚਾ ਹੁੰਦੀ ਰਹੀ ।

ਕਿਸੇ ਆਖਿਆ, 'ਮੁੰਡਾ ਵਾਹਵਾ ਲੰਮਾ ਝੰਮਾ, ਕੁੜੀ ਐਵੇਂ ਗਿਟਕ ਜਿਹੀ।'

'ਉਂਜ ਨੈਣ ਨਕਸ਼ ਤੇ ਵਾਹਵਾ, ਹੱਥ ਮੂੰਹ ਲੱਗਦੀ।' ਦੂਜੀ ਕਿਹਾ।

'ਆਹੋ, ਇਹੋ ਜਿਹੀਆਂ ਵਿਚੋਂ ਸਖ਼ਤ ਹੁੰਦੀਆਂ।' ਪਹਿਲੀ ਗੁੱਝੀ ਟਕੋਰ ਕੀਤੀ।

ਢਾਈ ਤਿੰਨਾਂ ਸਾਲਾਂ ਵਿਚ ਤੇਜੂ ਦਾ ਹੱਥ ਚੰਗਾ ਸਾਫ਼ ਹੋ ਗਿਆ ਸੀ। ਉਹ ਆਪਣੇ ਬਾਪੂ ਵਾਂਗ ਹਰ ਕੰਮ ਨੂੰ ਨਿਪੁੰਨਤਾ ਨਾਲ ਕਰਨ ਲੱਗਾ ਸੀ। ਉਹ ਅੜੀਆਂ ਫੜੀਆਂ ਮੰਜੀਆਂ ਠੋਕ ਦਿੰਦਾ, ਕਹੀਆਂ ਦਾਤੀਆਂ ਨੂੰ ਦਸਤੇ ਲਾ ਦਿੰਦਾ, ਕੰਧਾਂ ਕੌਲ਼ਿਆਂ 'ਤੇ ਵੰਨ ਸੁਵੰਨੇ ਨਮੂਨੇ ਬਣਾ ਦਿੰਦਾ।

ਉਦੋਂ ਸੂਰਤੀ ਹੋਰਾਂ ਦੇ ਘਰ ਉਹ ਡੰਗਰਾਂ ਵਾਲਾ ਢਾਰਾ ਛੱਤਣ ਆਇਆ ਸੀ। ਤੇਸੀ ਕਾਂਡੀ ਫੜੀ ਕੱਚੀਆਂ ਇੱਟਾਂ ਦੀ ਚਿਣਾਈ ਕਰਨ ਲੱਗਾ ਸੀ। ਚੁਮਾਸੇ ਦੇ ਦਿਨਾਂ ਵਿਚ ਉਹਦਾ ਪਿੰਡਾ ਮੁੜ੍ਹਕੇ ਨਾਲ ਗੜੁੱਚ ਹੋ ਜਾਂਦਾ। ਗੋਰਾ ਰੰਗ ਧੁੱਪ ਵਿਚ ਸੂਹੀ ਭਾਅ ਮਾਰਨ ਲੱਗਦਾ। ਧੰਨਕੁਰ ਹਮਦਰਦੀ ਜਿਤਾਉਂਦੀ, 'ਪੁੱਤ ਮੇਰਿਆ, ਮੇਰੇ ਆਲੇ ਨੇ ਤਾਂ ਹਾਲ਼ੀ ਬਣਨਾ ਈ ਸੀ। ਤੂੰ ਪੜ੍ਹ ਕੇ ਪਟਵਾਰੀ ਲੱਗ ਜਾਂਦਾ। ਹੈਸ ਕੰਮੋ ਤਾਂ ਬਚਦਾ।'

ਵਸਾਵਾ ਸਿਓਂ ਘੂਰਦਾ, 'ਫੀਰਾ ਮਜ਼ਹਬੀ ਨੀ ਵੜਿਆ ਗਾਰੇ 'ਚ? ਉਹ ਨੀ ਬੰਦਾ?'

ਉਹ ਜੋਤੇ ਸ਼ਾਹ ਦੀ ਹੱਟੀਓਂ ਬਰਫ਼ ਮੰਗਵਾ ਕੇ ਉਹਨੂੰ ਸੱਕਰ ਘੋਲ਼ ਘੋਲ਼ ਪਿਆਲਦੀ। 'ਮਾਂ ਮਰ ਜੇ, ਕਿਤੇ ਤਾਪ ਨਾ ਚੜ੍ਹਾ ਲਏ ਮੁੰਡਾ।'

ਨਿੱਕੇ ਗੁਰਮੇਲ ਨੂੰ ਲਾਡ ਲਡਾਉਂਦੀ ਅੰਦਰ ਲੰਘਦੀ ਵੜਦੀ ਸ਼ਿੰਦਰ ਵੀ ਹਮਦਰਦੀ ਜਿਹੇ ਵਿਚ ਉਧਰ ਝਾਕਦੀ। ਸੂਰਤੀ ਹਾਸੇ ਹਾਸੇ ਵਿਚ ਉਹਨੂੰ ਤਾੜਦਾ, 'ਤਖਾਣ ਦੀ ਨਜ਼ਰ ਪੱਥਰ ਪਾੜ ਆ, ਆਪਣੇ ਕੰਮ ਨਾਲ ਮਤਲਬ ਰੱਖਿਆ ਕਰ।'

'ਸ਼ਰਮ ਨੀ ਆਉਂਦੀ ਏਦਾਂ ਕਹਿੰਦਿਆਂ?' ਉਹ ਅੱਗੋਂ ਝਾੜਦੀ।

'ਬੁਢੀਆਂ ਦਾ ਕੀ, ਮਾੜੀ ਜੀ ਧੁੱਪ ਵੇਖੀ ਪੱਘਰ 'ਗੀਆਂ।' ਉਹ ਤਨਜ਼ ਮਾਰਦਾ।

'ਇਹੋ ਜਿਹਾ ਬਰਫ਼ ਵਰਗਾ ਜਿਗਰਾ ਨੀ ਰੱਖਿਆ।' ਆਖਦੀ ਉਹ ਅੰਦਰ ਜਾ ਵੜਦੀ।

ਅਖੀਰਲੇ ਦਿਨ ਛੱਤ ਬੰਨਦਿਆਂ ਤੇਜੂ ਦਾ ਪੈਰ ਕੰਧ ਤੋਂ ਅਜਿਹਾ ਉਖੜਿਆ ਕਿ ਧੜੰਮ ਥੱਲੇ ਆ ਡਿੱਗਾ। ਘਰ ਵਿਚ ਹਫ਼ੜਾ ਦਫ਼ੜੀ ਮਚ ਗਈ। ਉਠਾਲ ਕੇ ਮੰਜੀ ਤੇ ਪਾਇਆ। ਧੰਨਕੁਰ ਪੱਖੀ ਝੱਲਦੀ 'ਮਾਂ ਸਦਕੇ, ਮਾਂ ਵਾਰੀ' ਦਾ ਰਾਗ ਅਲਾਪਣ ਲੱਗੀ। ਸੂਰਤੀ ਸਾਇਕਲ ਤੇ ਜਾ ਕੇ ਅੱਡਿਓਂ ਡਾਕਟਰ ਲਿਆਇਆ ਜਿਸਨੇ ਆਪਣੀ ਸਮਝ ਮੁਤਾਬਿਕ ਮੁਆਇਨਾ ਕੀਤਾ ਤੇ ਕਿਹਾ, 'ਚੂਲ਼ੇ ਦੀ ਹੱਡੀ ਤੇ ਜ਼ੋਰ ਗਿਆ। ਸੱਜੀ ਬਾਂਹ ਵੀ ਸ਼ੈਤ...। ਤੁਸੀਂ ਇਹਨੂੰ ਤੱਤੇ ਤੱਤੇ ਨੂੰ ਸਿਵਲ ਹਸਪਤਾਲ ਲੈ ਜੋ।'

ਤੇਜੂ ਦਾ ਬਾਪੂ, ਬੇਬੇ ਤੇ ਦੋਂਹ ਵਰ੍ਹਿਆਂ ਦੇ ਫੱਤੂ ਨੂੰ ਕੁੱਛੜ ਚੁੱਕੀ ਉਹਦੀ ਵਹੁਟੀ ਅਮਰੋ ਦੌੜੇ ਆਏ। ਉਹਦੀ ਹਾਲਤ ਵੇਖ ਚਰਨੀ ਨਾਲ ਅਮਰੋ ਵੀ ਡੁਸਕਣ ਲੱਗੀ।

ਵਸਾਵਾ ਸਿਹੁੰ ਨੇ ਕਰੜਾਈ ਨਾਲ ਆਖਿਆ, 'ਰੱਬ ਭਲੀ ਕਰੂ। ਐਵੇਂ ਅੱਖਾਂ ਨਾ ਟਪਕਾਓ। ਜਾਹ ਉਏ ਸੂਰਤੀ, ਘੁੱਲੇ ਨੂੰ ਆਖ ਟਾਂਗਾ ਜੋੜ ਲਿਆਵੇ, ਛੇਤੀ ਹੋ। ਸ਼ਹਿਰ ਨੂੰ ਵਗ਼ ਚੱਲੀਏ।'

ਧੰਨਕੁਰ ਨੇ ਦੋਹਾਂ ਨੂੰਹ ਸੱਸ ਨੂੰ ਹੌਸਲਾ ਦਿਤਾ, 'ਚਿੰਤਾ ਨਾ ਲਾਇਓ, ਰੱਤੀ ਭਰ ਵੀ। ਅਸੀਂ ਕਰਾਵਾਂਗੇ ਇਹਦਾ ਇਲਾਜ। ਮੇਰੇ ਲਈ ਜਿਹਾ ਸੂਰਤੀ ਤੇਹਾ ਇਹ।'

ਸੂਰਤੀ ਤੇ ਫੀਰੇ ਨੇ ਉਹਨੂੰ ਟਾਂਗੇ ਬਿਠਾਇਆ। ਤੇਜੂ ਪੀੜ ਮਨਾਉਂਦਾ ਹਾਏ ਹਾਏ ਕਰ ਰਿਹਾ ਸੀ। ਉਹਦੀ ਮਾਂ ਚਰਨੀ ਅੱਥਰੂ ਕੇਰਦੀ ਕਹਿ ਰਹੀ ਸੀ, 'ਨਾ ਵੇ ਪੁੱਤ, ਤੇਰੀ ਹਾਏ ਨਾਲ ਮੇਰੀ ਜਾਨ ਨਿਕਲਦੀ ਜਾਂਦੀ ਐ। ਤੇਰਾ ਦੁੱਖ ਮੇਰੇ ਤੇ ਪੈ ਜਾਂਦਾ ਵੇ ਪੁੱਤਾ। ਤੂੰ ਕਾਹਨੂੰ...।'

ਸਿਵਲ ਹਸਪਤਾਲ ਦੇ ਵੱਡੇ ਡਾਕਟਰ ਨੂੰ ਸੌ ਸੌ ਦੇ ਦੋ ਨੋਟ ਦੇ ਕੇ ਵਸਾਵਾ ਸਿਹੁੰ ਨੇ ਕਿਹਾ, 'ਮੇਰੇ ਪੁੱਤ ਦਾ ਵਾਲ਼ ਵਿੰਗਾ ਨਾ ਹੋਵੇ ਡਾਕਟਰ ਸਾਹਿਬ। ਇਹਨੂੰ ਜਿਵੇਂ ਵੀ ਹੋਵੇ ਨੌ ਬਰ ਨੌ ਕਰ ਦਿਓ।'

'ਅਸੀਂ ਪੂਰੀ ਵਾਹ ਲਾਵਾਂਗੇ ਸਰਦਾਰ ਜੀ, ਤੁਸੀਂ ਨਿਸ਼ਚਿੰਤ ਰਹੋ।' ਡਾਕਟਰ ਨੇ ਪੈਸੇ ਜੇਬ ਵਿਚ ਤੁੰਨਦਿਆਂ ਯਕੀਨ ਦੁਆਇਆ।

ਐਕਸਰੇ ਵਿਚ ਸੱਜੀ ਬਾਂਹ ਦੀ ਹੱਡੀ ਵਿਚ ਤਰੇੜ ਤੇ ਪੱਟ ਦੀ ਹੱਡੀ ਟੁੱਟੀ ਨਜ਼ਰ ਆਈ। ਅਗਲੇ ਦਿਨ ਆਪਰੇਸ਼ਨ ਹੋ ਕੇ ਪਲਸਤਰ ਲੱਗ ਗਿਆ। ਵਾਰਡ ਵਿਚ ਹੁਮਾਸਾ ਤੇ ਬਦਬੋ ਦਮ ਘੁੱਟਦੇ। ਸੂਰਤੀ ਦਿਨ ਰਾਤ ਦੀ ਡਿਊਟੀ ਦਿੰਦਾ ਰਿਹਾ। ਪੱਖੀ ਨਾਲ ਤੇਜੂ ਨੂੰ ਹਵਾ ਦਿੰਦਾ। ਪਿੰਡੋਂ ਵਾਰੀ ਵਾਰੀ ਰੋਟੀ ਆਉਂਦੀ। ਪੰਜਵੇਂ ਦਿਨ ਅਮਰੋ ਆਈ। ਤੇਜੂ ਦੀ ਹਾਲਤ ਵੇਖ ਉਹਦਾ ਹਉਕਾ ਜਿਹਾ ਨਿਕਲ ਗਿਆ। ਉਹ ਪੂਰੀ ਹੋਸ਼ ਵਿਚ ਸੀ। ਉਹਨੇ ਤਾਕੀਦ ਕੀਤੀ ਕਿ ਕਿਸੇ ਤਰ੍ਹਾਂ ਦੀ ਕੋਈ ਚਿੰਤਾ ਨਹੀਂ ਕਰਨੀ। ਅਮਰੋ ਨੇ ਪਹਿਲਾਂ ਤਾਂ ਸੂਰਤੀ ਤੋਂ ਪੱਲਾ ਜਿਹਾ ਕੀਤਾ ਫਿਰ ਛੇਤੀ ਹੀ ਖਿਸਕਾ ਦਿੱਤਾ। ਉਹਨੇ ਸੂਰਤੀ ਦੀਆਂ ਉਨੀਂਦਰੇ ਨਾਲ ਸੁੱਜੀਆਂ ਅੱਖਾਂ ਵਿਚ ਵੇਖਿਆ। ਬੋਲੀ, 'ਤੁਹਾਨੂੰ ਵੀ ਸਾਡੇ ਨਾਲ ਮੁਸੀਬਤ...।'

'ਨਹੀਂ, ਸਾਡੇ ਕਾਰਨ ਤੁਹਾਨੂੰ ਦੁੱਖ ਉਠਾਉਣਾ ਪੈ ਰਿਹਾ।' ਉਹ ਬੋਲਿਆ।

ਅਮਰੋ ਨੇ ਰੋਟੀ ਖੋਲ੍ਹੀ। ਅਚਾਰ ਨਾਲ ਲਿਆਂਦੇ ਪਰਾਉਂਠਿਆਂ ਦੀ ਮਹਿਕ ਨੇ ਵਾਰਡ ਦੀ ਹਮਕ ਹਟਾ ਦਿੱਤੀ। ਅੰਬ ਦੇ ਅਚਾਰ ਦੀ ਫਾੜੀ ਉੱਤੇ ਰੱਖ ਅਮਰੋ ਨੇ ਪਰਾਉਂਠੀ ਸੂਰਤੀ ਵੱਲ ਵਧਾਈ ਤਾਂ ਪੋਟਿਆਂ ਨਾਲ ਪੋਟੇ ਛੋਹ ਗਏ। ਅਮਰੋ ਦੇ ਅੰਦਰ ਅਜੀਬ ਜਿਹੀ ਝਰਨਾਹਟ ਛਿੜੀ। ਉਹਨੂੰ ਸੂਰਤੀ ਨਾਲ ਸੰਵੇਦਨਾ ਜਿਹੀ ਜਾਗੀ। ਸੱਟ ਤਾਂ ਕਿਤੇ ਵੀ ਲੱਗ ਸਕਦੀ ਸੀ। ਪਰ ਜਿੰਦਾਂ ਇਹ ਕਰ ਰਹੇ ਆ ਓਦਾਂ ਕੌਣ ਕਰਦਾ ਹੋਊ?

ਸੂਰਤੀ ਨਿੱਕੀ ਨਿੱਕੀ ਬੁਰਕੀ ਤੋੜ ਕੇ ਤੇਜੂ ਨੂੰ ਖੁਆਉਂਦਾ ਰਿਹਾ। ਜਿਵੇਂ ਉਹ ਕੋਈ ਨਿੱਕਾ ਬੱਚਾ ਹੋਵੇ। ਅਮਰੋ ਵੇਖਦੀ ਰਹੀ। ਉਹਦੀ ਧੌਣ ਪਿੱਛੇ ਬਾਂਹ ਵਲ਼ਾ ਘੁੱਟ ਘੁੱਟ ਪਾਣੀ ਪਿਆਇਆ। ਫਿਰ ਪੱਖੀ ਝੱਲਣ ਲੱਗਾ। ਬੱਤੀ ਆਈ ਤਾਂ ਵਾਰਡ ਦੇ ਪੁਰਾਣੇ ਪੱਖੇ ਘਰੜ ਘਰੜ ਕਰਕੇ ਚੱਲਣ ਲੱਗੇ। ਤੇਜੂ ਦੀ ਅੱਖ ਲੱਗ ਗਈ। ਸੂਰਤੀ ਨੇ ਕਿਹਾ, 'ਇਹ ਸਾਰੀ ਰਾਤ ਨੀ ਸੁੱਤਾ। ਆ ਜਾ, ਆਪਾਂ ਘੜੀ ਬਾਹਰ ਬਹਿ ਲੈਨੇ ਆਂ।'

ਬਰਾਂਡੇ ਵਿਚ ਡੱਠੇ ਬੈਂਚਾਂ ਤੇ ਬਹਿਣ ਲਈ ਥਾਂ ਲੱਭਦੇ ਲੱਭਦੇ ਉਹ ਬਾਹਰ ਨਿਕਲ ਗਏ। ਉਹ ਕਿਸੇ ਜਾਦੂ ਜਿਹੇ ਚ ਸੰਮੋਹਤ ਹੋਈ ਮਗਰ ਤੁਰੀ ਗਈ। ਸ਼ੇਰਾਂ ਵਾਲਾ ਦਰਵਾਜ਼ਾ ਲੰਘ ਅੰਦਰ ਭੀੜੇ ਬਾਜ਼ਾਰ ਵਿਚ ਜਾ ਵੜੇ। ਇਕ ਹਲਵਾਈ ਦੀ ਵਾਹਵਾ ਸੱਜੀ ਸਜਾਈ ਦੁਕਾਨ ਸਾਹਮਣੇ ਖਲੋ ਉਹ ਬੋਲਿਆ, 'ਕਹਿੰਦੇ ਆ ਇਹਦੀ ਲੱਸੀ ਬੜੀ ਸੁਆਦ ਹੁੰਦੀ ਆ। ਚੱਲ ਪੀ ਕੇ ਵੇਖਦੇ ਆਂ।' ਕਹਿਕੇ ਉਹ ਦੁਕਾਨ ਦੇ ਅੰਦਰ ਵੜ ਗਿਆ। ਝਿਜਕਦੀ ਉਹ ਵੀ ਮਗਰੇ ਲੰਘ ਗਈ। ਮੇਜ਼ ਤੇ ਉਹਦੇ ਸਾਹਮਣੇ ਨੀਵੀਂ ਪਾ ਕੇ ਬਹਿ ਗਈ। ਨੌਕਰ ਨੇ ਸਿਲਵਰ ਦੇ ਦੋ ਵੱਡੇ ਗਿਲਾਸ ਲੱਸੀ ਦੇ ਉਹਨਾਂ ਸਾਹਮਣੇ ਲਿਆ ਰੱਖੇ। ਉੱਤੇ ਮਲ਼ਾਈ ਦੀ ਮੋਟੀ ਤਹਿ ਤਰ ਰਹੀ ਸੀ। ਸੂਰਤੀ ਵੱਲ ਵੇਖ ਉਹ ਵੀ ਚਮਚੇ ਨਾਲ ਖਾਣ ਲੱਗੀ। ਫਿਰ ਘੁੱਟ ਘੁੱਟ ਠੰਢੀ ਤੇ ਸੰਘਣੀ ਲੱਸੀ ਅੰਦਰ ਉਤਰਦੀ ਗਈ। ਨਾੜ ਨਾੜ ਵਿਚ ਠੰਢ ਫਿਰਦੀ ਗਈ। ਸੌ ਦਾ ਨੋਟ ਸੂਰਤੀ ਨੇ ਕੱਢ ਕੇ ਹਲਵਾਈ ਨੂੰ ਫੜਾਇਆ ਤੇ ਬਕਾਇਆ ਲੈ ਕੇ ਉਹ ਬਾਹਰ ਨਿਕਲੇ।

'ਆ, ਕੰਧ ਸਾਹਿਬ ਮੱਥਾ ਟੇਕ ਆਈਏ।' ਸੂਰਤੀ ਬੋਲਿਆ। ਉਹ ਕੁਝ ਵੀ ਨਾ ਕਹਿ ਸਕੀ। ਬਸ ਤੁਰ ਪਈ। ਪਹਿਲਾਂ ਮਗਰ ਮਗਰ, ਫਿਰ ਨਾਲ਼ ਹੋ ਗਈ। ਉਹ ਆਪਣੀ ਜਾਣਕਾਰੀ ਮੁਤਾਬਕ ਬਜ਼ਾਰਾਂ ਬਾਰੇ ਦੱਸਣ ਲੱਗਾ, 'ਇਹ ਚੱਕਰੀ ਬਾਜ਼ਾਰ, ਏਧਰ ਕਾਦੀ ਹੱਟੀ, ਉਹ ਸਰਾਫਾਂ...।'

ਗੁਰਦੁਆਰਿਓਂ ਮੁੜਦਿਆਂ ਸੂਰਤੀ ਨੇ ਦੋ ਪਰਾਂਦੀਆਂ ਖਰੀਦੀਆਂ। ਪੈਸੇ ਦੇ ਕੇ ਤੁਰਦਿਆਂ ਕਹਿਣ ਲੱਗਾ, 'ਇਕ ਤੇਰੀ' ਦੂਜੀ ਸ਼ਿੰਦਰ ਲਈ। ਤੂੰ ਆਪ ਜਾ ਕੇ ਉਹਨੂੰ ਦੇ ਆਵੀਂ। ਪਰ ਮੇਰੇ ਵੱਲੋਂ ਉੱਕਾ ਨਾ ਦੱਸੀਂ ਮੈਂ ਨਾਲ ਸਾਂ। ਬੁਢੀਆਂ ਸ਼ੱਕੀ ਹੁੰਦੀਆਂ।'

ਉਹਨੇ ਬੜੀ ਨਾਂਹ ਨੁੱਕਰ ਕੀਤੀ ਕਿ ਮੈ ਨਹੀਂ ਲੈਣੀ ਪਰ ਸੂਰਤੀ ਦੇ ਹਠ ਅੱਗੇ ਉਹਦੀ ਪੇਸ਼ ਨਾ ਗਈ। ਹਸਪਤਾਲ ਆ ਕੇ ਪਰਾਂਦੀਆਂ ਵਾਲਾ ਲਿਫ਼ਾਫ਼ਾ ਝੋਲ਼ੇ ਵਿਚ ਤੁੰਨਿਆ ਤੇ ਰੋਟੀ ਵਾਲੇ ਭਾਂਡੇ ਬਾਹਰ ਨਲ਼ਕੇ ਤੇ ਧੋਣ ਚਲੇ ਗਈ। ਤੇਜੂ ਉੱਠਿਆ ਤਾਂ ਤਰੋ ਤਾਜ਼ਾ ਸੀ। ਉਹਨੇ ਅਮਰੋ ਨੂੰ ਕਿਹਾ, 'ਕੱਲ੍ਹ ਫੱਤੂ ਨੂੰ ਨਾਲ਼ ਲੈ ਆਵੀਂ। ਬਾਪੂ ਨੂੰ ਕਹੀਂ ਨਾਲ ਆ ਜੇ। ਸੂਰਤੀ ਘਰ ਜਾ ਕੇ ਨਹਾ ਧੋ ਆਊ।'

'ਚੰਗਾ,' ਕਹਿਕੇ ਅਮਰੋ ਤੁਰ ਪਈ। ਸੂਰਤੀ ਨੇ ਕਿਹਾ, 'ਮੈਂ ਟਾਂਗੇ ਬਹਾ ਆਉਨਾ।'

ਉਹ ਬੋਲੀ, 'ਨਹੀਂ, ਤੁਸੀਂ ਬੈਠੋ, ਮੈਂ ਚਲੀ ਜਾਊਂ।'

ਅਗਲੇ ਦਿਨ ਸਵੇਰੇ ਫਿਰ ਅਮਰੋ ਆਈ, ਇਕੱਲੀ। ਜਿਵੇਂ ਸੂਰਤੀ ਏਹੋ ਸੁੱਖਣਾ ਸੁੱਖ ਰਿਹਾ ਸੀ। ਕਹਿਣ ਲੱਗੀ, 'ਬਾਪੂ ਜੀ ਸ਼ਾਮੀਂ ਆਉਣਗੇ, ਨਾਲ ਕਾਕੇ ਨੂੰ ਲੈ ਕੇ। ਅੱਜ ਕੀ ਹਾਲ ਐ ਤੁਹਾਡਾ?'

'ਸ਼ਾਇਦ ਕੱਲ੍ਹ ਛੁੱਟੀ ਦੇ ਦੇਣ। ਡਾਕਟਰ ਕਹਿੰਦਾ ਸੀ ਪਲਸਤਰ ਹਾਲੇ ਪੰਦਰਾਂ ਦਿਨਾਂ ਨੂੰ ਖੁੱਲ੍ਹਣਾ।' ਸੂਰਤੀ ਨੇ ਦੱਸਿਆ। ਕਰੇਲਿਆਂ ਨਾਲ ਤੰਦੂਰੀ ਰੋਟੀਆਂ ਸੁਆਦ ਲਾ ਲਾ ਉਹਨਾਂ ਰਲ਼ ਕੇ ਖਾਧੀਆਂ। ਪਿੰਡ ਦੀਆਂ ਗੱਲਾਂ ਕਰਦਿਆਂ ਦਿਨ ਕਾਫ਼ੀ ਉਤਾਂਹ ਆ ਗਿਆ। ਬੱਤੀ ਆਉਣ ਕਾਰਨ ਪੱਖੇ ਚੱਲ ਰਹੇ ਸਨ। ਸੂਰਤੀ ਬਾਹਰੋਂ ਚਾਹ ਬਣਵਾ ਕੇ ਲਿਆਇਆ। ਚਾਹ ਪੀ ਕੇ ਅਮਰੋ ਨੇ ਕਿਹਾ, 'ਮੈਂ ਚਲਦੀ ਆਂ ਹੁਣ।'

'ਧਿਆਨ ਨਾਲ ਜਾਈਂ।' ਤੇਜੂ ਬੋਲਿਆ।

'ਲੈ ਮੈਂ ਕਿਤੇ ਰਾਹ ਭੁੱਲ ਚੱਲੀ?' ਉਹਨੇ ਘੂਰੀ ਵੱਟੀ।

'ਤੇਰੀ ਉਮਰ ਚ ਜ਼ਨਾਨੀਆਂ ਭੁੱਲ ਵੀ ਜਾਂਦੀਆਂ।' ਉਹ ਹੱਸਿਆ।

'ਇਹਦਾ ਮਤਲਬ ਠੀਕ ਓ ਹੁਣ। ਤਾਂ ਈ ਝੇਡਾਂ ਸੁੱਝਦੀਆਂ। ਕਿਉਂ ਭਾ ਜੀ?'

'ਲੱਗਦੈ।' ਸੂਰਤੀ ਨੇ ਕਿਹਾ, 'ਮੈਂ ਜ਼ਰਾ ਸ਼ੁਕਰਪੁਰੇ ਤੱਕ ਹੋ ਆਵਾਂ। ਇਕ ਬੰਦੇ ਨੂੰ ਮਿਲਣਾ। ਨਾਲੇ ਇਹਨੂੰ ਟਾਂਗੇ ਤੇ ਬਹਾ ਆਵਾਂ। ਤੂੰ ਠੌਂਕਾ ਲਾ ਲੈ ਘੜੀ।'

'ਚੰਗਾ।' ਤੇਜੂ ਨੇ ਕਿਹਾ।

ਹਸਪਤਾਲ 'ਚੋਂ ਨਿਕਲ ਸੂਰਤੀ ਨੇ ਸਿਨਮਾ ਰੋਡ ਵੱਲੋਂ ਰਾਹ ਬਣਾਇਆ। ਉਹ ਬੋਲੀ, 'ਸਿੱਧਾ ਕਿਉਂ ਨੀ ਜਾਂਦੇ। ਇਹ ਵਲ਼ੇਵਾਂ ਜਿਹਾ ਕਿਉਂ?'

'ਜੇ ਬੁਰਾ ਨਾ ਮੰਨੇਂ ਤੈਨੂੰ ਫਿਲਮ ਵਿਖਾਵਾਂ, ਪੰਜਾਬੀ।' ਸੂਰਤੀ ਨੇ ਕਿਹਾ।

'ਘਰ ਕੀ ਦੱਸੂੰ ਏਨੀ ਲੇਟ ਕਿਵੇਂ ਹੋ 'ਗੀ?' ਉਹਦਾ ਮਨ ਦੁਚਿੱਤੀ ਚ ਪੈ ਗਿਆ।

'ਤੂੰ ਸਿਆਣੀ ਐਂ, ਲਾ ਲੀਂ ਕੋਈ ਬਹਾਨਾ।' ਉਹ ਸਿਨਮੇ ਦੇ ਅੰਦਰ ਮੁੜ ਗਿਆ। ਨਾਲ ਅਮਰੋ ਵੀ। ਟਿਕਟਾਂ ਲੈ ਕੇ ਅੰਦਰ ਵੜੇ। ਸਿਨਮੇ ਵਿਚ ਘੁੱਪ ਹਨੇਰਾ ਸੀ। ਟਟੋਲਦੇ ਟਟੋਲਦੇ ਉਹ ਖਾਲੀ ਸੀਟਾਂ ਤੇ ਜਾ ਬੈਠੇ। ਹਾਸਿਆਂ ਤੇ ਗੀਤਾਂ ਨਾਲ ਭਰੀ ਫਿਲਮ ਚੱਲ ਰਹੀ ਸੀ। ਪਿਆਰ ਨਾਲ ਭਰੇ ਦ੍ਰਿਸ਼। ਖੇਤਾਂ ਬੰਨਿਆਂ ਤੇ ਖੁੱਲੇ ਡੁੱਲ੍ਹੇ ਚੋਹਲ ਕਰਦੇ ਪ੍ਰੇਮੀ। ਸੂਰਤੀ ਨੂੰ ਲੱਗਾ ਜਿਵੇਂ ਉਹ ਅਮਰੋ ਨਾਲ ਇਹਨਾਂ ਅਗਿਆਤ ਥਾਵਾਂ ਤੇ ਭਓਂ ਰਿਹਾ ਹੋਵੇ। ਬਾਹਾਂ ਚ ਬਾਹਾਂ ਪਾਈ। ਅਮਰੋ ਨੂੰ ਵੀ ਸ਼ਾਇਦ ਇੰਜ ਹੀ ਲੱਗ ਰਿਹਾ ਸੀ। ਤਾਂ ਹੀ ਉਹਨੇ ਸੂਰਤੀ ਦੇ ਹੱਥ ਵਿਚ ਆਪਣਾ ਹੱਥ ਦੇਣ ਵੇਲੇ ਕੋਈ ਉਜ਼ਰ ਨਹੀਂ ਸੀ ਕੀਤਾ। ਅੱਧੇ ਟਾਇਮ 'ਤੇ ਉਹ ਮੁਰਮੁਰੇ ਲੈ ਕੇ ਚੱਬਦੇ ਰਹੇ। ਇਕ ਦੂਜੇ ਦੇ

ਹੋਰ ਨੇੜੇ ਨੇੜੇ ਮਹਿਸੂਸ ਕਰਦੇ ਰਹੇ। ਫਿਲਮ ਮੁੱਕੀ ਤਾਂ ਉਹ ਕਾਹਲੇ ਕਦਮੀਂ ਟਾਂਗਿਆਂ ਦੇ ਅੱਡੇ ਵੱਲ ਤੁਰੀ। ਸੂਰਤੀ ਹਸਪਤਾਲ ਪਹੁੰਚਿਆ। ਡਰ ਤੇ ਖੁਸ਼ੀ ਦੇ ਰਲ਼ੇ ਮਿਲੇ ਪ੍ਰਭਾਵ ਵਿਚ। ਤੇਜੂ ਸੁੱਤਾ ਪਿਆ ਸੀ। ਉਹਨੇ ਸੁਖ ਦਾ ਸਾਹ ਲਿਆ। ਬਾਹਰ ਬੈਂਚ ਤੇ ਬੈਠਾ ਸੋਚਦਾ ਰਿਹਾ, ਉਹ ਠੀਕ ਕਰ ਰਿਹਾ ਸੀ ਜਾਂ ਗ਼ਲਤ? ਯਾਰ ਮਾਰ ਸੀ ਜਾਂ ਕੋਈ ਰੱਬੀ ਵਰਤਾਰਾ? ਪਰ ਉਹ ਕਿਸੇ ਸਿੱਟੇ ਤੇ ਨਾ ਅੱਪੜ ਸਕਿਆ।

ਸ਼ਾਮੀ ਚਾਚਾ ਹਰਨਾਮ ਸਿਹੁੰ ਤੇ ਫੱਤੂ ਆਏ। ਫੱਤੂ ਆਪਣੇ ਡੈਡੀ ਦੀ ਅਜਿਹੀ ਹਾਲਤ ਵੇਖ ਕੇ ਰੋਣ ਲੱਗਾ। ਘੜੀ ਪਲ ਬਹਿ ਕੇ ਕਾਹਲਾ ਪੈ ਗਿਆ। ਚਾਚੇ ਨੇ ਸੂਰਤੀ ਨੂੰ ਅਖਿਆ, 'ਅੱਜ ਰਾਤ ਮੈਂ ਟਿਕਦਾਂ, ਤੂੰ ਇਹਨੂੰ ਪਿੰਡ ਲੈ ਜਾ।'

ਅਗਲੇ ਦਿਨ ਹਸਪਤਾਲੋਂ ਛੁੱਟੀ ਦੁਆ ਕੇ ਉਹ ਤੇਜੂ ਨੂੰ ਪਿੰਡ ਲੈ ਗਏ ਸਨ। ਅਹਿਸਤਾ ਨਾਲ ਟਾਂਗਿਓਂ ਲਾਹ ਸੂਰਤੀ ਨੇ ਉਹਨੂੰ ਚੁੱਕਿਆ ਤੇ ਵਿਹੜੇ ਵਿਚ ਧਰੇਕ ਦੀ ਛਾਵੇਂ ਮੰਜੇ ਤੇ ਲਿਟਾ ਦਿੱਤਾ। ਪਿੰਡ ਦੇ ਲੋਕ ਤੇ ਰਿਸ਼ਤੇਦਾਰ ਪਤਾ ਲੈਣ ਆਉਂਦੇ ਰਹੇ। ਅਮਰੋ ਤੇ ਉਹਦੀ ਸੱਸ ਦਾ ਚੌਕੇ ਚੋਂ ਨਿਕਲਣ ਨਾ ਹੁੰਦਾ। ਸਵੇਰੇ ਸ਼ਾਮ ਸੂਰਤੀ ਜਾਂਦਾ। ਉਹ ਤੇਜੂ ਦੇ ਸਿਰਹਾਣੇ ਬੈਠ ਨਿੱਕੀਆਂ ਨਿੱਕੀਆਂ ਗੱਲਾਂ ਕਰਦਾ। ਵਿਚ ਵਾਰ ਨਜ਼ਰ ਅਮਰੋ ਨਾਲ ਭਿੜਦੀ। ਉਹ ਕਦੇ ਫਿਕਰਮੰਦ ਦਿਸਦੀ ਕਦੇ ਕਿਸੇ ਵਿਸਮਾਦ ਵਿਚ ਗੜੂੰਦ। ਉਹ ਆਪਣੇ ਆਪ ਨੂੰ ਕੁੰਜਦੀ ਸਮੇਟਦੀ, ਬੋਚ ਬੋਚ ਕੇ ਪੈਰ ਧਰਦੀ। ਦਿਨ ਦੀਵੀਂ ਸੁਪਨੇ ਵੇਖਦੀ। ਅੰਦਰ ਬਾਹਰ ਫਿਰਦੀ ਆਪਣੇ ਆਪ ਨੂੰ ਲੱਭਦੀ। ਚਰਨੀ ਉਹਨੂੰ ਆਵਾਜ਼ ਦਿੰਦੀ, 'ਨੀ ਕੁੜੇ ਕਿੱਥੇ ਗੁਆਚੀ ਫਿਰਦੀ ਐਂ, ਦੁੱਧ ਉੱਬਲ ਕੇ ਚੁੱਲ੍ਹੇ 'ਚ ਪੈ ਗਿਆ।'

ਸੂਰਤੀ ਨੂੰ ਅੱਜ ਵੀ ਘਰ ਦੇ ਉਹੀ ਨਕਸ਼ ਇੰਨ ਬਿੰਨ ਯਾਦ ਆਏ। ਉੱਚੇ ਗੇਟ ਤੇ ਸੀਮਿੰਟ ਨਾਲ ਤੇਜੂ ਨੇ ਬੜੇ ਕਰੀਨੇ ਨਾਲ ਬਣਾਏ ਮੋਰ ਘੁੱਗੀਆਂ ਬਣਾਏ ਸਨ। ਖੁੱਲ੍ਹੇ ਵਿਹੜੇ ਵਿਚ ਕੋਠੇ ਜਿੱਡੀ ਧਰੇਕ ਹੁੰਦੀ ਸੀ। ਇਕ ਗੁੱਠ ਵਿਚ ਚਾਚੇ ਦੀ ਨਿੱਕੀ ਜਿਹੀ ਵਰਕਸ਼ਾਪ ਸੀ, ਜਿੱਥੇ ਭੱਠੀ-ਪੱਖਾ ਲੱਗਾ ਸੀ। ਅੱਗੇ ਡੇਢ ਮਣ ਪੱਕੇ ਦਾ ਅਹਿਰਨ ਤੇ ਲਾਗੇ ਹਥੌੜੇ ਸੰਨ੍ਹੀਆਂ ਛੈਣੀਆਂ ਤੇ ਨਿਕ ਸੁਕ ਪਿਆ ਹੁੰਦਾ। ਚਾਚਾ ਕੋਲੇ ਭਖਾ ਕੇ ਸੁਰਖ਼ ਲੋਹੇ ਨੂੰ ਹਥੌੜੇ ਨਾਲ ਕੁੱਟਦਾ ਤੇ ਵਿਹੰਦੇ ਈ ਵਿਹੰਦੇ ਕੁਝ ਦਾ ਕੁਝ ਬਣਾ ਧਰਦਾ। ਸ਼ੁਰੂ ਤੋਂ ਈ ਜ਼ਰਾ ਉੱਚਾ ਸੁਣਦੀ ਚਾਚੀ ਬਰਾਂਡੇ ਵਿਚ ਚਰਖਾ ਕੱਤਦੀ ਮੂੰਹ ਵਿਚ ਕੁਝ ਨਾ ਕੁਝ ਗੁਣਗੁਣਾਉਂਦੀ ਰਹਿੰਦੀ। ਉਹਦੇ ਗੀਤਾਂ ਦੀ ਕਦੇ ਕਿਸੇ ਨੂੰ ਸਮਝ ਨਹੀਂ ਸੀ ਲੱਗੀ। ਉਹਨੂੰ ਛੇੜਨ ਦੇ ਲਹਿਜ਼ੇ ਨਾਲ ਕੋਈ ਉਹਨੂੰ ਰਤਾ ਹੌਲ਼ੀ ਪੁੱਛਦਾ, 'ਬੇਬੇ ਤਕੜੀ ਐਂ?' ਤਾਂ ਉਹ ਅੰਦਾਜ਼ੇ ਨਾਲ ਈ ਜੁਆਬ ਦਿੰਦੀ, 'ਆਹੋ, ਸ਼ਹਿਰ ਤੱਕ ਗਿਆ, ਕੋਈ ਸੌਦਾ ਪੱਤਾ ਲਿਆਉਣਾ ਸੀ।'

ਉਹਦੇ ਚਿਹਰੇ 'ਤੇ ਮੁਸਕਰਾਹਟ ਫੈਲੀ। ਘਰ ਦਾ ਬੂਹਾ ਲੰਘਦਾ ਤੇਜਾ ਸਿਹੁੰ ਕਹਿ ਰਿਹਾ ਸੀ, 'ਦੋਵੇਂ ਆਪਣੇ ਹਿੱਸੇ ਵੰਡਾ ਕੇ ਵੇਚ ਗਏ। ਸਾਡੇ ਲਈ ਰਹਿਗੀ ਆਹ ਚੁਰ ਜਿਹੀ। ਬਸ ਐਵੇਂ ਹਉਮੈ ਈ ਐ, ਪਈ ਔਲਾਦ ਹੋਵੇ। ਏਸ ਉਮਰੇ ਕਿਹੜਾ ਕੋਈ ਵਾਤ ਪੁੱਛਦਾ।' ਫਿਰ ਉਹਨੇ ਅੰਦਰ ਵੱਲ ਧਿਆਨ ਕਰਕੇ ਆਵਾਜ਼ ਦਿੱਤੀ, 'ਭਾਈ ਅਮਰ ਕੁਰੇ, ਏਧਰ ਤਾਂ ਵੇਖ ਕੌਣ ਆਇਆ?'

ਅੰਦਰੋਂ ਕਮਰੇ 'ਚੋਂ ਨਿਕਲਦੀ ਅਮਰੋ ਵੱਲ ਸੂਰਤਾ ਸਿਹੁੰ ਨੇ ਅੱਖਾਂ ਭੀਚ ਕੇ ਵੇਖਿਆ। ਬੀਤੇ ਦੇ ਨਕਸ਼ ਕਿਧਰੇ ਗੁੰਮ ਸਨ। ਹੰਭਿਆ ਤੇ ਝੁਲਦਾ ਜੁੱਸਾ। ਅਣਵਾਹੇ ਚਿੱਟੇ ਵਾਲ਼। ਸਮੇਂ ਦੀ ਸਿਓਂਕ ਨੇ ਚਿਹਰੇ ਤੇ ਬੇਅੰਤ ਰੇਖਾਵਾਂ ਖਿੱਚ ਦਿੱਤੀਆਂ ਸਨ।

'ਸਤਿ ਸ੍ਰੀ ਅਕਾਲ ਭਾਈ ਅਮਰਕੁਰੇ।' ਉਹਨੇ ਹੱਥ ਜੋੜੇ।

'ਸਾਸਰੀਕਾਲ। ਅੱਜ ਕਿਵੇਂ ਰਾਹ ਭੁੱਲਗੇ? ਮੈਂ ਤੇ ਕਿਹਾ, ਪਿੰਡ ਈ ਛੱਡਗੇ।' ਅਮਰੋ ਦੀ ਆਵਾਜ਼ ਡੋਲਦੀ ਪਈ ਸੀ।

'ਤੂੰ ਤੇ ਜਾਣੀਦਾ ਆਣ ਆਣ ਕੇ ਸਾਡੀ ਬੀਹੀ ਨੀਵੀਂ ਕਰਤੀ। ਸੁਣਾ ਕਿੱਦਾਂ ਆ ਤੇਰੀ ਸਿਹਤ?'

'ਚੰਗੀ ਭਲੀ ਆਂ। ਤੁਰੀ ਫਿਰਦੀ ਆਂ।' ਉਹਨੇ ਹੱਸਣ ਦੀ ਕੋਸ਼ਿਸ਼ ਕੀਤੀ।

'ਲਿਆ ਫਿਰ ਲੱਸੀ ਪਿਆ ਭਾਊ ਨੂੰ। ਖੰਡ ਤੇ ਬਰਫ਼ ਪਾ ਲੀਂ। ਆ ਯਾਰਾ, ਬੈਠਕੇ ਬਹਿੰਨੇ ਆਂ।' ਮਿਸਤਰੀ ਤੇਜਾ ਸਿਹੁੰ ਨੇ ਕਿਹਾ।

ਕਿੰਨਾ ਪਾਣੀ ਪੁਲ਼ਾਂ ਥੱਲਿਓਂ ਲੰਘ ਗਿਆ ਸੀ। ਕਿੰਨਾ ਫ਼ਾਸਲਾ ਤੈਅ ਹੋ ਗਿਆ ਸੀ। ਮਿਸਤਰੀ ਦੇ ਦੋਵਾਂ ਮੁੰਡਿਆਂ ਅੱਡੇ ਤੇ ਵੱਖਰੇ ਵੱਖਰੇ ਕੰਮ ਖੋਲ੍ਹ ਲਏ ਸਨ। ਵੱਡਾ ਫਤਿਹ ਸਿੰਘ ਟ੍ਰੈਕਟਰਾਂ ਟਰਾਲੀਆਂ ਦੀ ਰੀਪੇਅਰ ਕਰਦਾ ਸੀ ਤੇ ਨਿੱਕਾ ਸਤਨਾਮ ਸੀਮੰਟ ਬਜਰੀ ਦੇ ਨਾਲ ਸ਼ਟਰਿੰਗ ਰੱਖੀ ਬੈਠਾ ਸੀ। ਕੁੜੀ ਫਿਰੋਜ਼ਪੁਰ ਵੱਲ ਕਿਧਰੇ ਵਿਆਹੀ ਹੋਈ ਸੀ। ਦੋਹਾਂ ਪੁੱਤਾਂ ਦਾ ਕੰਮ ਚੰਗਾ ਚਲਦਾ ਸੀ। ਓਥੇ ਹੀ ਦੋਹਾਂ ਦੇ ਵਸੇਬੇ ਸਨ। ਨਿਆਣੇ ਅੰਬਰਸਰ ਪੜ੍ਹਨ ਜਾਂਦੇ। ਵੰਡ ਵੰਡਾਈ ਤੋਂ ਹੋਇਆ ਮਨ ਮੁਟਾਵ ਹਾਲੇ ਤੱਕ ਵੀ ਜਾਰੀ ਸੀ। ਕੋਈ ਬਹੁਤ ਜ਼ਿਆਦਾ ਲੋੜ ਪਏ ਤੇ 'ਹੂ ਹਾਂ' ਤੱਕ ਜਾਂਦੇ। ਪਿੰਡ ਵੀ ਕਿਸੇ ਮਰਨੇ ਪਰਨੇ ਤੇ ਆਉਂਦੇ। ਅੱਡੇ ਗਿਆ ਮਿਸਤਰੀ ਘੜੀ ਘੜੀ ਦੋਹਾਂ ਕੋਲ਼ ਬਹਿ ਆਉਂਦਾ। ਕੰਮ ਵਿਚ ਉਹਨਾਂ ਕੋਲ਼ ਵਕਤ ਨਾ ਹੁੰਦਾ ਬਹੁਤੀਆਂ ਲੰਮੀਆਂ ਛੇੜਨ ਦਾ।

'ਤੂੰ ਤਾਂ ਤੇਜਾ ਸਿਆਂ ਫੇਰ ਵੀ ਚੰਗੈਂ। ਮੁੰਡੇ ਆਪਣਾ ਆਪ ਸਾਂਭ ਬੈਠੇ। ਨਹੀਂ ਬਹੁਤਾ ਮਿਲਦੇ ਗਿਲਦੇ ਤਾਂ ਰਾਜ਼ੀ ਰਹਿਣ। ਮੇਰਾ ਕੰਮ ਤਾਂ ਜਮ੍ਹਾਂ ਖਰਾਬ ਹੋਇਆ ਪਿਆ।' ਸੂਰਤਾ ਸਿੰਘ ਦੇ ਚਿਹਰੇ ਤੇ ਫਿਕਰਾਂ ਦਾ ਪਰਛਾਵਾਂ ਗੂੜ੍ਹਾ ਹੋ ਗਿਆ।

'ਸੁਣਿਆ ਮੈਂ।' ਮਿਸਤਰੀ ਨੇ ਹਾਮੀ ਭਰੀ, 'ਪਰ ਗੁਰਮੇਲ ਸਿਹੁੰ ਤੇਰਾ ਸਿਆਣਾ, ਪੜ੍ਹਿਆ ਲਿਖਿਆ। ਉਹਨੂੰ ਚਾਹੀਦਾ ਸੀ ਘਰ ਕਿਸੇ ਚੰਗੇ ਢੰਗ ਨਾਲ ਤੋਰਦਾ।'

'ਸਭ ਮੱਥੇ ਦੇ ਕਰਮ ਨੇ ਭਰਾਵਾ। ਮੈਨੂੰ ਤਾਂ ਸਾਰੀ ਸਾਰੀ ਰਾਤ ਨੀਂਦ ਨੀ ਆਉਂਦੀ। ਬਰੜਾ ਬਰੜਾ ਕੇ ਉੱਠਦਾਂ। ਇਹਨੇ ਮੈਥੋਂ ਬਾਹਰਾ ਹੋ ਕੇ ਆਪਣੀ ਧੀ ਮੀਤੋ ਨੂੰ ਕਰਜ਼ਾ ਚੁੱਕ ਕੇ ਵਿਆਹਿਆ। ਤੈਨੂੰ ਤਾਂ ਸਾਰਾ ਪਤਾ, ਕੀ ਫੈਦਾ ਹੋਇਆ? ਮੈਂ ਕਿਹਾ ਸੀ, ਪੁੱਤ ਗੁਰਮੇਲ ਸਿਆਂ, ਅਸੀਂ ਆਪਣੀ ਚਾਦਰ ਵੇਖੀਏ। ਕਹਿੰਦਾ, ਚਾਦਰ ਵੇਖਦਾ ਵੇਖਦਾ ਨੱਕ ਵਢਾ ਲਵਾਂ? ਮੈਂ ਹਾਰ ਕੇ ਕਿਹਾ, 'ਚੰਗਾ ਪੁੱਤ ਨੱਕ ਬਚਾ ਜਿਵੇਂ ਵੀ ਹੁੰਦਾ।' ਸੂਰਤਾ ਸਿਹੁੰ ਨੇ ਡੂੰਘਾ ਹਉਕਾ ਲਿਆ।

'ਆਹੋ, ਨੱਕ ਰਹਿਜੇ, ਲੱਕ ਭਾਵੇਂ ਟੁੱਟ ਜੇ।' ਲੱਸੀ ਦੇ ਦੋ ਗਿਲਾਸ ਲੈ ਕੇ ਆਈ ਅਮਰੋ ਨੇ ਨਾਲ ਤੋਪਾ ਭਰਿਆ। ਗਿਲਾਸ ਫੜਦਿਆਂ ਸੂਰਤਾ ਸਿਹੁੰ ਦੇ ਹੱਥ ਨਾਲ ਅਮਰੋ ਦਾ ਹੱਥ ਲੱਗਾ, ਬਿਲਕੁਲ ਸੀਤ ਜਿਹਾ। ਕੋਈ ਝਰਨਾਟ ਨਾ ਛਿੜੀ। ਅੱਖਾਂ ਵਿਚ ਬੀਤੇ ਵਕਤ ਨੂੰ ਚਿਤਾਰ ਕੇ ਮੱਧਮ ਜਿਹੀ ਚਮਕ ਆਈ। ਉਹਨਾਂ ਦਸਾਂ ਕੁ ਸਾਲਾਂ ਦਾ ਮਿੱਠਾ ਜਿਹਾ ਰਿਸ਼ਤਾ ਹਮੇਸ਼ਾ ਲਈ ਉਹਦੇ ਚੇਤਿਆਂ ਵਿਚ ਲਹਿ ਗਿਆ ਸੀ। ਉਹਨੂੰ ਕਦੇ ਕਦੇ ਸ਼ੱਕ ਹੁੰਦਾ ਸੀ, ਤੇਜੂ ਦੇ ਨਿੱਕੇ ਸਤਨਾਮ ਬਾਰੇ। ਪਤਾ ਨੀ ਉਹ ਸਹੁਰੀ ਦਾ ਕਿਉਂ ਉਹਦੇ ਕੱਦ ਕਾਠ ਦਾ ਨਿਕਲ ਆਇਆ ਸੀ। ਚੰਗਾ ਹੋਇਆ, ਸ਼ਕਲਾਂ ਨਹੀਂ ਸਨ ਮਿਲਦੀਆਂ। ਨਹੀਂ ਤਾਂ ਖਵਰੇ ਕੋਈ ਕੀ ਕਹਿੰਦਾ? ਘਰ ਵਿਚ ਸ਼ਿੰਦਰ ਕੌਰ ਨੇ ਕਈ ਸਾਲ ਦੱਬਿਆ ਘੁੱਟਿਆ ਵਿਰੋਧ ਚਲਾਇਆ ਸੀ। ਅਖੇ, 'ਤੇਰੀ ਅੱਖ ਮੈਲ਼ੀ ਆ ਅਮਰੋ ਉੱਤੇ। ਤੂੰ ਉਹਦੇ ਵੱਲ ਹੋਰੂੰ ਹੋਰੂੰ ਝਾਕਦੈਂ। ਉਹ ਵੀ ਬੁੱਲ੍ਹ ਘੁੱਟਦੀ ਐ ਤੇਰੇ ਵੱਲ ਵੇਖ ਕੇ। ਤੂੰ ਮੰਨ ਨਾ ਮੰਨ।'

ਉਹ ਮਰਦ ਹਉਂ ਵਿਚ ਭੁੱਬ ਲੈ ਕੇ ਪੈਂਦਾ, 'ਚੁੱਪ ਕਰ ਸਹੁਰੀ ਦੀਏ। ਕਿਸੇ ਦੇ ਕੰਨੀ ਇਹ ਕੁਫ਼ਰ ਪੈ ਗਿਆ ਤਾਂ ਖੰਭਾਂ ਦੀ ਡਾਰ ਬਣਜੂ।'

ਵੱਡੇ ਹੋ ਰਹੇ ਨਿਆਣਿਆਂ ਦਾ ਖਿਆਲ ਕਰਦਿਆਂ ਕਈ ਵਰ੍ਹੇ ਪਹਿਲਾਂ ਉਹਨੇ ਮਿਸਤਰੀ ਤੇਜਾ ਸਿਹੁੰ ਦੇ ਘਰ ਵੱਲ ਜਾਣਾ ਈ ਛੱਡ ਦਿੱਤਾ ਸੀ। ਉਹਦੀ ਤਵੱਕੋ ਘਰ ਦੀਆਂ ਜ਼ਿੰਮੇਵਾਰੀਆਂ ਕਿਉਂਟਣ 'ਤੇ ਲੱਗ ਗਈ ਸੀ। ਉਹ ਚਾਹੁੰਦਾ ਸੀ ਗੁਰਮੇਲ ਪੜ੍ਹ ਕੇ ਕਿਤੇ ਅਫ਼ਸਰ ਲੱਗ ਜਾਏ। ਪਰ ਉਹ ਦੋ ਸਾਲ ਕਾਲਜ ਲਾ ਕੇ ਹੰਭ ਗਿਆ। ਸਕੂਟਰ ਲੈਣ ਦੀ ਜ਼ਿਦ ਵਿਚ ਪੜ੍ਹਨਾ ਛੱਡ ਗਿਆ। ਅੱਧ ਵਰਿੱਤੇ ਮਨ ਨਾਲ ਵਾਹੀ ਵਿਚ ਪੈ ਗਿਆ। ਕੱਪੜਿਆਂ ਨੂੰ ਮਿੱਟੀ ਲੱਗਣੋ ਬਚਾ ਬਚਾ ਰੱਖਦਾ। ਬਿਜਾਈ ਵਾਢੀ ਵੇਲੇ ਭੱਈਆਂ ਮਗਰ ਤੁਰਿਆ ਫਿਰਦਾ। ਵੱਧ ਝਾੜ ਦੇ ਲਾਲਚ ਵਿਚ ਕਿੰਨੇ ਕਿੰਨੇ ਪੈਸੇ ਖਾਦਾਂ ਦਵਾਈਆਂ 'ਤੇ ਰੋੜ੍ਹ ਛੱਡਦਾ। ਸੂਰਤਾ ਸਿਹੁੰ ਚੁੱਪ ਰਹਿਣ ਵਿਚ ਹੀ ਗਨੀਮਤ ਸਮਝਦਾ। ਸੋਚਦਾ, ਹਾਲੇ ਜੁਆਨ ਉਮਰ ਆ, ਭਲੇ ਬੁਰੇ ਦਾ ਬਹੁਤਾ ਪਤਾ ਨਹੀਂ। ਟੱਬਰ 'ਚ ਪੈ ਕੇ ਸਮਝ ਲੱਗ ਜੂ। ਪਰ

ਵਿਆਹ ਨੇ ਕੋਈ ਬਹੁਤਾ ਮਸਲਾ ਹੱਲ ਨਾ ਕੀਤਾ। ਸ਼ਹਿਰਨ ਨੂੰਹ ਆਪ ਵੀ ਸ਼ੁਕੀਨ ਸੀ। ਦਾਜ ਵਿਚ ਲਿਆਂਦੇ ਟੀ. ਵੀ. ਅੱਗੇ ਬਹਿ ਰਹਿੰਦੀ ਜਾਂ ਪਹਿਨ ਪੱਚਰ ਕੇ ਗੁਰਮੇਲ ਨਾਲ ਸ਼ਹਿਰ ਸੈਰਾਂ 'ਤੇ ਤੁਰੀ ਰਹਿੰਦੀ। ਚੌਕੇ ਚੁੱਲ੍ਹੇ ਦਾ ਕੰਮ ਸ਼ਿੰਦਰ ਆਸਰੇ ਤੇ ਵਾਹੀ ਦਾ ਕੰਮ ਕਾਮਿਆਂ ਸਿਰ ਪਿਆ ਰਹਿੰਦਾ।

ਲੱਸੀ ਦਾ ਗਿਲਾਸ ਮੁਕਾ ਉਹਨੇ ਸਾਫ਼ੇ ਨਾਲ ਮੂੰਹ ਪੂੰਝਿਆ ਤੇ ਗਿਲਾਸ ਅਮਰੋ ਵੱਲ ਵਧਾਇਆ, 'ਠੰਢ ਪੈ ਗਈ ਭਾਈ ਤੇਰੀ ਲੱਸੀ ਨਾਲ।'

ਮਿਸਤਰੀ ਜੁਆਬ ਮੋੜਿਆ, 'ਆਹੋ ਭਾਈ, ਅਮਰੋ ਦਾ ਫੋਕਾ ਪਾਣੀ ਵੀ ਤੇਰੇ ਲਈ ਸ਼ਰਬਤ। ਇਹ ਤਾਂ ਫਿਰ ਮਿੱਠੀ ਲੱਸੀ ਸੀ।'

ਸੂਰਤਾ ਸਿਹੁੰ ਕੱਚਾ ਜਿਹਾ ਪੈ ਗਿਆ, 'ਐਵੇਂ ਢੇਕੀਆਂ ਨਾ ਰੇੜ੍ਹ ਤੇਜਾ ਸਿਆਂ ਸਰਦਾਰਾ।' ਬੈਠਕ ਚੋਂ ਨਿਕਲਦੀ ਅਮਰੋ ਵੀ ਬੁੱਲ੍ਹ ਘੁੱਟ ਕੇ ਮੁਸਕਰਾਈ। ਉਹਨੂੰ ਲੱਗਾ ਜਿਵੇਂ ਉਹਦੇ ਅੰਦਰ ਕੋਈ ਬੇਪਛਾਣ ਜਿਹੀ ਲਹਿਰ ਉਠੀ ਹੋਵੇ, ਜਿਵੇਂ ਇਕ ਛਿਣ ਮਾਤਰ ਲਈ ਸਿਰ ਦੇ ਵਾਲ਼ਾਂ ਦਾ ਰੰਗ ਬਦਲਿਆ ਹੋਵੇ, ਜਿਵੇਂ ਚਿਹਰੇ ਦਾ ਢਿਲਕਿਆ ਮਾਸ ਤਣ ਗਿਆ ਹੋਵੇ।

'ਚੰਗਾ ਭਰਾਵਾ ਮੈਂ ਚੱਲਾਂ।' ਸੂਰਤਾ ਸਿਹੁੰ ਉੱਠਦਾ ਬੋਲਿਆ। ਉਹਨਾਂ ਰਸਮੀ ਜਿਹੇ ਹੱਥ ਮਿਲਾਏ। ਘਰੋਂ ਨਿਕਲਦਿਆਂ ਹੀ ਉਹਦੇ ਅੰਦਰ ਪਏ ਤੌਖਲਿਆਂ ਨੇ ਸਿਰ ਚੁੱਕ ਲਿਆ। ਘੜੀ ਪਲ ਦੇ ਮਾਣੇ ਸੁਖਮਈ ਪਲ ਚਿੰਤਾ ਦੇ ਸਾਗਰ ਵਿਚ ਰੁੜ੍ਹਨ ਲੱਗੇ। ਜਿਓਂ ਜਿਓਂ ਪੈਰ ਘਰ ਵੱਲ ਵਧ ਰਹੇ ਸਨ, ਅਣਸੁਲਝੇ ਸੁਆਲ ਸੱਪ ਵਾਂਗ ਫੱਨ ਖਿਲਾਰੀ ਉਹਦੇ ਅੱਗੇ ਮੰਡਰਾਉਣ ਲੱਗੇ। ਉਹਨੂੰ ਲੱਗਦਾ ਕੋਈ ਦੈਂਤ ਉਹਨੂੰ ਸਾਬਤਾ ਨਿਗ਼ਲ ਲੈਣ ਨੂੰ ਜਿਵੇਂ ਤਿਆਰ ਖਲੋਤਾ ਹੋਵੇ।

ਉਹਨੇ ਗੁਰਮੇਲ ਨੂੰ ਸਮਝਾਉਣ ਦੀ ਬੜੀ ਵਾਹ ਲਾਈ ਸੀ ਕਿ ਪੁੱਤ ਆਪਣਾ ਸਰੀ ਜਾਂਦਾ, ਲੋੜ ਪੈਣ 'ਤੇ ਪੈਲ਼ੀ ਕਿਰਾਏ ਤੇ ਵਹਾ ਲਈਦੀ ਐ। ਸੱਤਾਂ ਕਿੱਲਿਆਂ ਦੇ ਜੱਟ ਨੂੰ ਟ੍ਰੈਕਟਰ ਕੀ ਆਂਹਦਾ? ਪਰ ਉਹਨੇ ਇਕੋ ਰੱਟ ਲਾਈ ਸੀ ਕਿ ਬਾਪੂ ਐਂ ਪਿੰਡ ਸਾਹਮਣੇ ਆਪਣਾ ਨੱਕ ਨੀ ਰਹਿੰਦਾ।

ਉਹਨੇ ਪਿਓ ਬਾਹਰਾ ਹੋ ਕੇ ਪਟਵਾਰੀ ਕੋਲੋਂ ਚਹੁੰ ਕਿੱਲਿਆਂ ਦੇ ਨੰਬਰ ਲਏ ਤੇ ਬੈਂਕ ਦੇ ਮੈਨੇਜਰ ਨਾਲ ਗੰਢ ਸੰਢ ਕਰਨ ਤੁਰ ਪਿਆ। ਆਪਣਾ ਦਸਵੰਧ ਕਢਾ ਕੇ ਮੈਨੇਜਰ ਨੇ ਕਾਗ਼ਜ਼ ਪੂਰੇ ਕੀਤੇ। ਕੰਪਨੀ ਦੇ ਨਾਂ ਦਾ ਚੈੱਕ ਲੈਂਦਿਆਂ ਗੁਰਮੇਲ ਨੇ ਫਿਰ ਮੈਨੇਜਰ ਨੂੰ ਪਾਰਟੀ ਦਿੱਤੀ। ਲਾਲ ਰੰਗ ਦਾ ਫੋਰਡ ਲੈ ਕੇ ਜਦੋਂ ਉਹ ਆਇਆ ਤਾਂ ਸ਼ਿੰਦਰ ਕੌਰ ਨੇ ਤੇਲ ਚੋ ਕੇ ਵਿਹੜੇ ਵਾੜਿਆ। ਸਰਬਜੀਤ ਤੇ ਨਿਆਣੇ ਫੁੱਲੇ ਨਹੀਂ ਸਨ ਸਮਾਉਂਦੇ। ਬੱਚਿਆਂ ਨੇ ਜ਼ਿਦ ਫੜ ਲਈ ਕਿ ਖੇਤ ਵਿਚ ਖੜਨ ਤੋਂ ਪਹਿਲਾਂ ਟ੍ਰੈਕਟਰ ਦਰਬਾਰ ਸਾਹਿਬ ਮੱਥਾ ਟਿਕਾਉਣ ਖੜਨਾ। ਗੁਰਮੇਲ ਨੇ ਮੁੱਛਾਂ ਦੇ ਕੁੰਢ ਸੁਆਰਦਿਆਂ ਕਿਹਾ, 'ਕਿਉਂ ਨੀ, ਗੁਰੂ ਘਰ ਤਾਂ ਜਾਵਾਂਗੇ ਈ ਨਾਲ ਤੁਹਾਡੇ ਮਾਮਿਆਂ ਨੂੰ ਵੀ ਮਿਲ ਆਵਾਂਗੇ। ਨਾਲੇ ਉਹਨਾਂ ਨੂੰ ਦੱਸਾਂਗੇ ਕਿ ਵੇਖੋ, ਅਸੀਂ ਕਿਹਦੀ ਨੂੰਹ ਧੀ ਨਾਲੋਂ ਘੱਟ ਆਂ?' ਇਕ ਵਾਰ ਤਾਂ ਸੂਰਤਾ ਸਿਹੁੰ ਦੇ ਆਪਣੇ ਵੀ ਪੈਰ ਧਰਤੀ ਤੋਂ ਗਿੱਠ ਉੱਚੇ ਹੋ ਗਏ ਸਨ। ਉਹਨੂੰ ਲੱਗਾ ਸੀ ਉਹ ਵੀ ਹੁਣ ਉੱਚੀ ਹਵੇਲੀ ਵਾਲਿਆਂ ਤੋਂ ਘੱਟ ਨਹੀਂ ਸਨ। ਗੁਰਮੇਲ ਪੜ੍ਹਿਆ ਲਿਖਿਆ ਹੈ, ਸੋਚ ਸਮਝ ਕੇ ਹੀ ਫੈਸਲੇ ਕਰਦਾ। ਦੱਬ ਕੇ ਵਾਹੇਗਾ ਤੇ ਕਰਜ਼ਾ ਲਾਹ ਦਊ। ਸਾਰੀ ਦੁਨੀਆ ਦੇ ਨਾਲ ਈ ਆਂ।

ਹਾੜੀਓਂ ਬਾਅਦ ਫਤਿਹ ਸਿਹੁੰ ਨੂੰ ਟਰਾਲੀ ਦਾ ਆਰਡਰ ਮਿਲ ਗਿਆ। ਗੁਰਮੇਲ ਨੇ ਕਿਹਾ, 'ਵਿਚ ਵਾਰ ਕੋਈ ਹੋਰ ਮਾਲ ਢੋਅ ਲਿਆ, ਨਿੱਕਾ ਮੋਟਾ ਖ਼ਰਚ ਨਿਕਲ ਆਇਆ। ਟਰਾਲੀ ਦਾ ਫੈਦਾ ਈ ਫੈਦਾ।'

'ਤੂੰ ਸਿਆਣੈ ਪੁੱਤ, ਜਿਵੇਂ ਤੈਨੂੰ ਚੰਗਾ ਲੱਗੇ ਕਰ।' ਉਹਨੇ ਜੁਆਬ ਦਿੱਤਾ ਸੀ।

ਕੁਝ ਚਿਰ ਕਿਸ਼ਤਾਂ ਨੇਮ ਨਾਲ ਜਾਂਦੀਆਂ ਰਹੀਆਂ, ਫਿਰ ਟੁੱਟਣ ਲੱਗੀਆਂ। ਖਰਚੇ ਵਧ ਰਹੇ ਸਨ। ਕਦੀ ਬੰਬੀ ਦਾ ਨਵਾਂ ਬੋਰ, ਕਦੀ ਥਰੈਸ਼ਰ ਹੜੰਬਾ, ਕਦੇ ਮੌਸਮ ਦੀ ਮਾਰ। ਇਧਰ ਮੀਤੋ ਆਪਣੀ ਮਾਂ ਨਾਲੋਂ ਸਿਰ ਕੱਢਣ ਲੱਗੀ ਸੀ। ਦਸਵੀਂ ਤੋਂ ਬਾਅਦ ਸਰਬਜੀਤ ਉਹਨੂੰ ਸ਼ਹਿਰ ਭੇਜਣ ਵਿਚ ਰਜ਼ਾਮੰਦ ਨਹੀਂ ਸੀ। ਨਿੱਕੇ ਦੋਵੇਂ ਅੰਗਰੇਜ਼ੀ ਸਕੂਲ ਵਿਚ ਜਾਂਦੇ ਸਨ। ਉਹਨਾਂ ਦੀਆਂ ਲੋੜਾਂ ਹੀ ਮਸਾਂ ਪੁੱਗਦੀਆਂ। ਗੁਰਮੇਲ ਨੇ ਆਪਣੇ ਕੈਨੇਡਾ ਵੱਸਦੇ ਯਾਰ ਅਟਵਾਲ ਬਾਰੇ ਦੱਸਿਆ ਜੋ ਮੀਤੋ ਦਾ ਰਿਸ਼ਤਾ ਆਪਣੇ ਮੁੰਡੇ ਨਾਲ ਕਰਨ ਵਿਚ ਹਾਮੀ ਭਰ ਰਿਹਾ ਸੀ। ਮੀਤੋ ਨੇ ਵੀ ਇਸ ਖਿਆਲ ਨਾਲ ਅਗਾਂਹ ਪੜ੍ਹਨ ਦਾ ਖਹਿੜਾ ਛੱਡ ਦਿੱਤਾ ਕਿ ਉਹਨੇ ਤਾਂ 'ਬਾਹਰ' ਚਲੀ ਜਾਣਾ। ਗੁਰਮੇਲ ਨੇ ਮੁੰਡੇ ਦੀ ਫੋਟੋ ਵਿਖਾਈ।'ਵੇਖਣ ਚਾਖਣ ਨੂੰ ਤਾਂ ਸੁਹਣਾ।' ਸ਼ਿੰਦਰ ਕੌਰ ਨੇ ਵੀ ਹਾਮੀ ਭਰੀ। 'ਹੋਰ ਸੁਣੋ', ਗੁਰਮੇਲ ਨੇ ਕਿਹਾ, 'ਉਹ ਬਿਨਾ ਕਿਸੇ ਲੈਣ ਦੇਣ ਦੇ ਵਿਆਹ ਕਰਨਗੇ, ਬਿਲਕੁਲ ਸਾਦਾ, ਕਾਮਰੇਡੀ।'

'ਤਾਂ ਤੇ ਚੰਗਾ ਬਈ।' ਸੂਰਤਾ ਸਿਹੁੰ ਨੇ ਵੀ ਕਿਹਾ।

'ਪਰ ਇਹ ਨਹੀਂ ਕਿ ਅਸੀਂ ਪੱਲਾ ਝਾੜ ਕੇ ਵਿਖਾ ਦਿਆਂਗੇ। ਆਪਣੇ ਨੱਕ ਨੂੰ ਕਰਾਂਗੇ। ਮੈਂ ਸੋਚਿਆ, ਅੰਬਰਸਰ ਕਿਸੇ ਚੰਗੇ ਹੋਟਲ ਵਿਚ ਸ਼ਾਨਦਾਰ ਰੀਸੈਪਸ਼ਨ ਪਾਰਟੀ ਕਰਾਂਗੇ। ਥੋੜ੍ਹਾ ਬਹੁਤਾ ਹੋਰ ਵੀ ਵੇਖਾਂਗੇ।'

ਉਹਦਾ ਉਹੀ ਜੁਆਬ ਸੀ, 'ਤੂੰ ਸਿਆਣੈਂ ਪੁੱਤ, ਪਰ ਵੇਖ ਪਰਖ ਲਈਂ। ਆਪਣੀ ਚਾਦਰ...।'

'ਬਾਪੂ, ਤੂੰ ਸਾਰੀ ਉਮਰ ਚਾਦਰ ਈ ਮਿਣਦਾ ਰਿਹਾ।' ਗੁਰਮੇਲ ਨੇ ਮਿੱਠੀ ਜਿਹੀ ਝਾੜ ਪਾਈ।

ਉਸਨੇ ਛਿੱਥਾ ਜਿਹਾ ਪੈਂਦਿਆਂ ਕਿਹਾ, 'ਆਪਣੇ ਪਿੰਡ ਏਡਾ ਵੱਡਾ ਜੰਞ ਘਰ। ਇਹ ਕਾਹਦੇ ਲਈ ਬਣਵਾਇਆ ਸੀ ਅਸਾਂ? ਐਨੀਆਂ ਉਗਰਾਹੀਆਂ ਕਰ ਕਰ।'

'ਮਾਈ ਡੀਅਰ ਬਾਪੂ ਜੀ, ਟੈਨਸ਼ਨ ਨਹੀਂ ਲਈਦੀ।' ਗੁਰਮੇਲ ਨੇ ਕਿਹਾ, 'ਮੇਰੇ ਨਾਲ ਚੱਲੋ, ਦੋ ਕਿੱਲਿਆਂ ਦੇ ਨੰਬਰ ਲਈਏ ਪਟਵਾਰੀ ਕੋਲੋਂ ਤੇ ਜ਼ਰਾ ਬੈਂਕ ਹੋ ਆਈਏ। ਤੁਹਾਡੇ ਦਸਤਖ਼ਤ ਹੋਣੇ ਨੇ ਬੈਂਕ ਦੇ ਫਾਰਮਾਂ ਉੱਤੇ। ਆਪਣੀ ਲਿਮਟ ਹੋਵੇਗੀ ਤੇ ਮੌਜਾਂ ਹੋਣਗੀਆਂ। ਜਿੰਨੇ ਮਰਜ਼ੀ ਪੈਸੇ ਕਢਾਓ ਤੇ ਵਰਤੋ। ਟਹੁਰ ਨਾਲ।'

'ਹਾਲੇ ਪਹਿਲਾ ਤਾਂ ਮੁੱਕਦਾ ਨੀ, ਉਤੋਂ ਹੋਰ।' ਉਹਨੂੰ ਚਿੰਤਾ ਹੋਈ।

ਸ਼ਿੰਦਰ ਕੌਰ ਨੇ ਵੀ ਕਿਹਾ, 'ਦਾਜ ਦੌਣ ਤਾਂ ਕੁੜੀ ਦਾ ਬਣਿਆ ਪਿਐ, ਲੋੜ ਜੋਗੇ ਗਹਿਣੇ ਵੀ। ਰੋਟੀ ਟੁੱਕ ਲਈ ਕਰਜ਼ਾ ਕਾਹਨੂੰ ਲੈਣਾ?'

'ਬੀਬੀ ਜੀ, ਤੁਹਾਨੂੰ ਪਤਾ ਵੀ ਹੁੰਦਾ ਕਾਸੇ ਦਾ? ਆਪਣਾ ਵਾਂਝਾ ਵਾਹ ਦਿੰਦੇ ਓ, ਜਿੱਥੇ ਜੀ ਕਰਦਾ...।' ਉਹ ਝੱਈ ਲੈ ਕੇ ਪਿਆ।

'ਚੱਲ ਤੂੰ ਚੁੱਪ ਕਰ।' ਉਹਨੇ ਆਪਣੀ ਘਰਵਾਲੀ ਨੂੰ ਸਮਝਾਇਆ।

'ਸਾਡੀ ਇਕ ਤਾਂ ਕੁੜੀ ਆ ਝੁੰਗੇ 'ਚ। ਮੇਰੇ ਵੀਰ ਕੀ ਕਹਿਣਗੇ, ਭੈਣ ਨੇ ਗਿੱਲ ਈ ਗਾਲ਼ 'ਤੀ। ਅਸੀਂ ਤੇ ਸ਼ਾਨ ਨਾਲ ਵਿਆਹ ਕਰਾਂਗੇ।' ਸਰਬਜੀਤ ਬੋਲੀ।

'ਬੰਦਾ ਸਿਰਫ਼ ਦੋ ਟੁੱਕ ਰੋਟੀਆਂ ਨਾਲ ਨੀ ਜੀਂਦਾ। ਹੋਰ ਵੀ ਬੜਾ ਕੁਝ ਹੁੰਦਾ। ਨੱਕ ਵੀ ਕੋਈ ਸ਼ੈਅ ਹੁੰਦੀ ਆ। ਕਿ ਨਹੀਂ?' ਗੁਰਮੇਲ ਬੋਲਿਆ।

'ਚੱਲ ਹੱਛਾ ਪੁੱਤ, ਜਿਵੇਂ ਜੀ ਆਉਂਦਾ ਕਰੋ। ਅਸਾਂ ਕਿਹੜਾ ਹਿੱਕ ਤੇ ਧਰ ਕੇ ਖੜਨਾ।' ਉਹ ਉੱਠੀ ਤੇ ਬਾਲਟੀ ਫੜ ਕੇ ਧਾਰ ਕੱਢਣ ਤੁਰ ਪਈ।

ਮਹੀਨੇ ਵਿਚ ਵਿਆਹ ਧਰ ਦਿਤਾ ਸੀ। ਖਰੀਦੋ ਫਰੋਕਤ ਦੀ ਦੌੜ ਭੱਜ ਵਿਚ ਦਿਨ ਫਟਾਫਟ ਬੀਤਣ ਲੱਗੇ। ਦਸ ਦਿਨ ਪਹਿਲਾਂ ਅਟਵਾਲ ਵੀ ਆਪਣੇ ਜੀਆਂ ਨੂੰ ਲੈ ਕੇ ਪਹੁੰਚ ਗਿਆ। ਰੁਝੇਵੇਂ ਸਿਖ਼ਰ ਤੇ ਆ ਗਏ। ਵਿਆਹ ਦੀ ਰਸਮ ਪਿੰਡ ਹੀ ਤੈਅ ਹੋਈ ਬਾਕੀ ਸਾਰਾ ਕੁਝ ਸ਼ਹਿਰ ਵਿਚ ਹੀ ਭੁਗਤਣਾ ਸੀ। ਅਟਵਾਲ ਸਾਹਿਬ ਦੀ ਫਰਮਾਇਸ਼ ਤੇ ਸ਼ਹਿਰ ਦੇ ਬਿਹਤਰੀਨ 'ਹਲਵਾਈ' ਨੂੰ ਆਰਡਰ ਦਿੱਤਾ ਗਿਆ। ਨਵੇਂ ਨਵੇਂ ਭਾਂਤ ਦੇ ਪਕਵਾਨ। ਮਹਿੰਗੀਆਂ ਤੋਂ ਮਹਿੰਗੀਆਂ ਵਿਸਕੀਆਂ। ਵਿਦੇਸ਼ੀ ਸਾਕਾਂ ਦੀ ਖਾਤਰਦਾਰੀ ਵਿਚ ਕੋਈ ਕਸਰ ਨਾ ਛੱਡੀ ਗਈ। ਦਾਜ ਵਿਚ ਕਾਰ ਦੇਣ ਦਾ ਵਾਕਿਆ ਪਿੰਡ ਵਿਚ ਪਹਿਲੀ ਵਾਰ ਹੋਇਆ ਸੀ। ਰਿਸ਼ਤੇਦਾਰਾਂ 'ਚ ਬੱਲੇ  ਬੱਲੇ ਹੋ ਗਈ। ਸਾਰੇ ਪਿੰਡ ਵਿਚ ਚਰਚਾ ਛਿੜੀ, 'ਅਸ਼ਕੇ ਬਈ ਗੁਰਮੇਲ ਸਿਹੁੰ ਦੇ। ਰਾਜੇ ਮਹਾਰਾਜੇ ਦੇ ਬਰਾਬਰ ਵਿਆਹ ਕੀਤਾ ਸੂ ਧੀ ਦਾ।'

ਵਿਆਹ ਤੋਂ ਕਈ ਦਿਨ ਬਾਅਦ ਤੱਕ ਇਹ ਸ਼ਾਨੋ ਸ਼ੌਕਤ ਬਰਕਰਾਰ ਰਹੀ। ਗਹਿਣਿਆਂ ਨਾਲ ਲੱਦੀ ਮੀਤੋ ਪ੍ਰਾਹੁਣੇ ਨਾਲ ਪਹਾੜਾਂ ਦੀਆਂ ਸੈਰਾਂ ਕਰਦੀ ਰਹੀ। ਸੂਰਤਾ ਸਿਹੁੰ ਨੂੰ ਵੀ ਸਾਰਾ ਕੁਝ ਚੰਗਾ ਲੱਗਾ। ਉਹ ਪਿੰਡ ਵਿਚ ਕਹਿੰਦਾ ਫਿਰਦਾ, 'ਭਾਈ, ਇਹ ਕੋਈ ਸਾਡੇ ਤੁਹਾਡੇ ਵੇਲੇ ਦੀਆਂ ਗੱਲਾਂ ਥੋੜ੍ਹਾ ਨੇ, ਨਵੇਂ ਜ਼ਮਾਨੇ ਦੀਆਂ ਨਵੀਆਂ ਬਾਤਾਂ।'

ਮਹੀਨੇ ਬਾਅਦ ਹਵਾਈ ਅੱਡੇ 'ਤੇ ਅਟਵਾਲ ਪਰਿਵਾਰ ਨੂੰ ਵਿਦਿਆ ਕਰਨ ਵੇਲੇ ਸਾਰੇ ਟੱਬਰ ਦੀਆਂ ਅੱਖਾਂ ਨਮ ਸਨ। ਅਟਵਾਲ ਸਾਹਿਬ ਨੇ ਗੁਰਮੇਲ ਨੂੰ ਜੱਫੀ ਵਿਚ ਘੁੱਟਦਿਆਂ ਕਿਹਾ, 'ਵੱਧ ਤੋਂ ਵੱਧ ਮਹੀਨਾ ਦੋ ਮਹੀਨੇ ਲੱਗਣਗੇ ਮਨਮੀਤ ਦੇ ਕਾਗ਼ਜ਼ ਤਿਆਰ ਹੋਣ ਵਿਚ। ਓਨਾ ਚਿਰ ਇਹ ਸਾਡੀ ਅਮਾਨਤ ਤੁਹਾਡੇ ਕੋਲ।' ਸ਼ਿੰਦਰ ਕੌਰ ਨੇ ਸ਼ੁਕੀਨ ਕੁੜਮਣੀ ਨੂੰ ਗਲੇ ਮਿਲ ਕੇ ਵਿਦਿਆ ਕੀਤਾ। ਕੁਝ ਚਿਰ ਲਈ ਟੱਬਰ ਤੋਂ ਉਹਲੇ ਮੀਤੋ ਤੇ ਵਿੱਕੀ ਇਕ ਦੂਜੇ ਨੂੰ ਮਿਲਦੇ ਰਹੇ। ਫਿਰ ਇਕ ਦੂਜੇ ਵੱਲ ਹੱਥ ਲਹਿਰਾ ਲਹਿਰਾ ਕੇ ਦੋਹਾਂ ਪਰਿਵਾਰਾਂ ਦਰਮਿਆਨ ਫ਼ਾਸਲਾ ਪੈ ਗਿਆ।

ਕੁਝ ਸਮਾਂ ਹੋਰ ਖੁਸ਼ੀਆਂ ਖੇੜਿਆਂ ਵਿਚ ਲੰਘਿਆ। ਦੂਜੇ ਤੀਜੇ ਦਿਨ ਅਟਵਾਲ ਪਰਿਵਾਰ ਵੱਲੋਂ ਫੋਨ ਆ ਜਾਂਦਾ। ਕੁੜੀ ਮੁੰਡਾ ਅੱਧਾ ਅੱਧਾ ਘੰਟਾ ਗੱਲਾਂ ਵਿਚ ਮਸਤ ਰਹਿੰਦੇ। ਪੰਜਾਂ ਛਿਆਂ ਮਹੀਨਿਆਂ ਤੱਕ ਫੋਨ ਦਸਵੇਂ ਦਿਨ ਤੱਕ ਆ ਗਿਆ। ਏਨੀ ਕੁ ਜਾਣਕਾਰੀ ਮਿਲਦੀ ਕਿ ਕਾਗ਼ਜ਼ ਤਿਆਰ ਹੋ ਰਹੇ ਨੇ। ਏਧਰ ਬੈਂਕ ਦੀਆਂ ਲਗਾਤਾਰ ਦਸ ਕਿਸ਼ਤਾਂ ਟੁੱਟ ਗਈਆਂ। ਉਧਰੋਂ ਫੋਨਾਂ ਰਾਹੀਂ ਵਾਰ ਵਾਰ ਕਰਜ਼ੇ ਦੇ ਭੁਗਤਾਨ  ਬਾਰੇ ਕਿਹਾ ਜਾਂਦਾ। ਘਰ ਵਿਚ ਖੁਸ਼ੀਆਂ ਦੀ ਥਾਂ ਚਿੰਤਾਵਾਂ ਨੇ ਲੈ ਲਿਆ। ਦੋ ਚਾਰ ਮਹੀਨੇ ਹੋਰ ਤਰਲਿਆਂ ਨਾਲ ਲੰਘਾਏ। ਗੁਰਮੇਲ ਪੀ. ਸੀ. ਓ. ਤੋਂ ਕੈਨੇਡਾ ਫੋਨ ਕਰਦਾ ਪਰ ਅੱਗੋਂ ਫੋਨ ਬੰਦ ਦੀ ਆਵਾਜ਼ ਆਉਂਦੀ। ਉਹ ਅਟਵਾਲ ਦੇ ਪਿੰਡ ਉਹਦੇ ਸਕੇ ਸੋਦਰਿਆਂ ਨੂੰ ਜਾ ਕੇ ਮਿਲਿਆ ਪਰ ਕੋਈ ਠੋਸ ਰਾਹ ਨਾ ਲੱਭਾ।

ਜਿਸ ਦਿਨ ਬੈਂਕ ਵਾਲੇ ਜੀਪ ਲੈ ਕੇ ਘਰ ਆ ਧਮਕੇ ਉਦਣ ਟੱਬਰ ਲਈ ਨਮੋਸ਼ੀ ਦਾ ਸਿਖ਼ਰ ਸੀ। ਜਾਣੂ ਪਛਾਣੂ ਮੈਨੇਜਰ ਗੁਰਮੇਲ ਨਾਲ ਅੱਖ ਵੀ ਨਹੀਂ ਸੀ ਮਿਲਾ ਰਿਹਾ। ਚਾਹ ਦਾ ਕੱਪ ਫੜਨੋ ਇਨਕਾਰੀ ਸੀ। ਨਾਲ਼ ਆਏ ਦੋ ਬਾਊਆਂ ਦਾ ਵਤੀਰਾ ਵੀ ਬੜਾ ਰੁੱਖਾ ਸੀ। ਉਂਗਲ ਖੜੀ ਕਰਦਾ ਮੈਨੇਜਰ ਕਹਿ ਰਿਹਾ ਸੀ, 'ਮੈਂ ਉਵੇਂ ਕੀਤਾ ਜਿਵੇਂ ਤੁਸੀਂ ਕਿਹਾ। ਹੁਣ ਮੇਰੇ ਹੱਥ ਖੜੇ ਆ। ਤੁਸੀਂ ਆਪਣਾ ਪੜ੍ਹਿਆ ਵਿਚਾਰੋ। ਮੈਂ ਰਿਟਾਇਰਮੈਂਟ ਦੇ ਨੇੜੇ ਆਂ। ਕਿਸ਼ਤਾਂ ਤਾਰੋ ਨਹੀਂ ਤਾਂ ਟ੍ਰੈਕਟਰ ਦੀ ਕੁਰਕੀ ਹੋਣੋ ਕੋਈ ਨੀ ਰੋਕ ਸਕਦਾ।'

'ਕੁਰਕੀ?' ਸੂਰਤਾ ਸਿਹੁੰ ਦੇ ਸਿਰ 'ਚ ਜਿਵੇਂ ਵਸਾਹ ਕੇ ਕਿਸੇ ਡਾਂਗ ਮਾਰੀ ਹੋਵੇ।

'ਹਾਂ ਬਾਪੂ ਜੀ ਮੈਂ ਏਹੀ ਕਿਹਾ।' ਮੈਨੇਜਰ ਬੋਲਿਆ। 'ਆਹ ਵੇਖੋ ਮੇਰੇ ਹੱਥ ਜੁੜੇ, ਮੇਰੇ 'ਤੇ ਰਹਿਮ ਕਰੋ। ਛਿਆਂ ਮਹੀਨਿਆਂ ਨੂੰ ਮੈਂ ਰਿਟਾਇਰ ਹੋ ਜਾਣਾ। ਸਾਰੀ ਨੌਕਰੀ ਦਾ ਬਣਾਇਆ ਰਿਕਾਰਡ ਮੈਂ ਖਰਾਬ ਨੀ ਕਰਨਾ।'

ਨਾਲ਼ ਆਇਆ ਮੋਟਾ ਬਾਊ ਲਾਗੇ ਖਲੋਤੀ ਪੂਰੇ ਦਿਨਾਂ ਤੇ ਆਈ ਮੀਤੋ ਵੱਲ ਖ਼ਚਰਾ ਜਿਹਾ ਝਾਕਦਾ ਬੋਲਿਆ, 'ਇਹ ਬੈਂਕ ਦਾ ਧੰਨ ਆ, ਇਹ ਤਾਂ ਅੰਦਰੋਂ ਆਂਦਰਾਂ ਵੀ ਕੱਢ ਲੈਂਦਾ। ਕੋਈ ਹੋਰ ਵੇਲਾ ਹੁੰਦਾ ਤਾਂ ਗੁਰਮੇਲ ਇਹੋ ਜਿਹੇ ਬੰਦੇ ਦੀਆਂ ਵੱਖੀਆਂ ਭੰਨ ਸੁੱਟਦਾ ਪਰ ਉਹ ਵਿਸ ਘੋਲਦਾ ਚੁੱਪ ਰਿਹਾ। ਉਹਨੇ ਖਿਝ ਕੇ ਸਰਬਜੀਤ ਤੇ ਮੀਤੋ ਨੂੰ ਕਿਹਾ, 'ਜਾਓ ਅੰਦਰ ਬੈਠੋ ਜਾ ਕੇ।'

ਮੈਨੇਜਰ ਨੇ ਵੀ ਸ਼ਾਇਦ ਮਹਿਸੂਸ ਕੀਤਾ। ਉਹਨੇ ਬਾਊ ਵੱਲ ਹੱਥ ਨਾਲ ਇਸ਼ਾਰਾ ਕੀਤਾ, 'ਇਕ ਮਿੰਟ ਖੁਰਾਣਾ ਜੀ, ਤੁਸੀਂ ਜ਼ਰਾ ਚੁੱਪ ਰਹੋ।' ਫਿਰ ਸੂਰਤਾ ਸਿਹੁੰ ਤੇ ਗੁਰਮੇਲ ਨੂੰ ਸਾਂਝਾ ਸੰਬੋਧਿਤ ਹੋਇਆ, 'ਵੇਖੋ ਸਰਦਾਰ ਬਹਾਦਰ, ਮਹਿਕਮੇ ਨੇ ਮੇਰੇ 'ਤੇ ਡੰਡਾ ਕੱਸਿਆ। ਮੈਂ ਕਾਨੂੰਨਾਂ ਦਾ ਬੱਝਾਂ। ਤੁਸੀਂ ਮੇਰੇ ਥਾਂ ਹੋਵੋ ਤਾਂ ਬਿਲਕੁਲ ਮੇਰੀ ਕਾਰਵਾਈ ਨੂੰ ਜਾਇਜ਼ ਆਖੋ, ਕਿ ਨਹੀਂ?'

'ਕਰਦੇ ਆਂ ਕੁਛ।' ਦੋਹਾਂ ਨੇ ਕਿਹਾ।

'ਇਕ ਹਫ਼ਤਾ, ਉਹ ਵੀ ਤੁਹਾਡੇ ਮੂੰਹ ਨੂੰ। ਉਸਤੋਂ ਬਾਅਦ ਕੇਸ ਮੈਂ ਇਹਨਾਂ ਖੁਰਾਣਾ ਸਾਹਿਬ ਕੋਲ ਦੇ ਦੇਣਾ। ਫਿਰ ਤੁਸੀਂ ਜਾਣੋ, ਖੁਰਾਣਾ ਸਾਹਿਬ, ਜਾਂ ਬੈਂਕ ਜਾਣੇ। ਤੁਸੀਂ ਟ੍ਰੈਕਟਰ ਚੁਕਾਓ ਜਾਂ ਜ਼ਮੀਨ ਲੇਖੇ ਲਾਓ।' ਉਹਨੇ ਗੱਲ ਮੁਕਾਈ।

ਸੂਰਤਾ ਸਿਹੁੰ ਦੀ ਨੀਂਦ ਹਰਾਮ ਹੋ ਗਈ। ਇਹ ਤਾਂ ਅਜੀਬ ਕੁੜਿੱਕੀ ਸੀ। ਗੁਰਮੇਲ ਹਾਈ ਬਲੱਡ ਪ੍ਰੈਸ਼ਰ ਕਾਰਨ ਬਾਵਲਿਆ ਫਿਰਦਾ। ਇਕ ਸ਼ਾਮ ਉਹਨੇ ਕਿਹਾ, 'ਮੀਤੋ ਦੇ ਸਹੁਰੇ ਕਾਰ ਐਵੇਂ ਪਈ ਐ, ਖਰਾਬ ਹੋਣ ਨੂੰ, ਕਿਉਂ ਨਾ ਵੀਹ ਪੰਜਾਹ ਹਜ਼ਾਰ ਦਾ ਵੱਟਾ ਲਾ ਕੇ ਵੇਚ ਦੇਈਏ। ਕੁਝ ਤਾਂ ਭਾਰ ਘਟੇ।'

'ਨਹੀਂ ਡੈਡੀ, ਏਦਾਂ ਚੰਗਾ ਲੱਗੂ?' ਮੀਤੋ ਨੇ ਕਿਹਾ।'ਕੀ ਕਹਿਣਗੇ ਲੋਕ?'

'ਫਿਰ ਟ੍ਰੈਕਟਰ ਜਾਣ ਦੇਈਏ?' ਸੂਰਤਾ ਸਿਹੁੰ ਨੇ ਰਾਏ ਦਿੱਤੀ।

'ਨਹੀਂ, ਇਹ ਵੀ ਨਹੀਂ। ਪਿੰਡ ਵਿਚ ਨੱਕ ਵੱਢਿਆ ਜਾਊ।' ਗੁਰਮੇਲ ਨੇ ਕਿਹਾ।

'ਕੈਨੇਡਾ ਵਾਲਿਆਂ ਤੋਂ ਕੁਝ ਡਾਲਰ ਮੰਗਾ ਲਓ।' ਸ਼ਿੰਦਰ ਕੌਰ ਬੋਲੀ।

'ਉਹ ਤਾਂ ਕੋਹੜੇ ਹੁਣ ਫੋਨ ਵੀ ਨਹੀਂ ਚੁੱਕਦੇ।' ਗੁਰਮੇਲ ਦੀ ਆਵਾਜ਼ ਹਿਰਾਸੀ ਹੋਈ ਸੀ।

'ਫਿਰ ਇਕ ਕਿੱਲਾ ਬਚਦੈ...।' ਸੂਰਤਾ ਸਿਹੁੰ ਦੇ ਸੰਘੋਂ ਮਸਾਂ ਨਿਕਲਿਆ।

ਘਰ ਦੇ ਗੇਟ ਕੋਲ ਜਾਂਦਿਆਂ ਉਸਦੀਆਂ ਲੱਤਾਂ ਲੜਖੜਾਉਣ ਲੱਗੀਆਂ ਸਨ। ਗੱਚ ਭਰਿਆ ਹੋਇਆ ਸੀ। ਜੀਅ ਕਰਦਾ ਸੀ ਉੱਚੀ ਉੱਚੀ ਰੋ ਪਵੇ। ਮਣ ਮਣ ਭਾਰੇ ਹੋਏ ਪੈਰ ਅੰਦਰ ਪਾਉਂਦਿਆਂ ਉਹ ਡਿਗੂੰ ਡਿਗੂੰ ਕਰਨ ਲੱਗਾ ਸੀ। ਸਾਹਮਣੇ ਮੰਜੀ ਤੇ ਸਿਰ ਸੁੱਟੀ ਗੁਰਮੇਲ ਬੈਠਾ ਸੀ। ਚੌਂਕੇ ਦੇ ਓਟੇ ਨਾਲ ਖਲੋਤੀ ਸਰਬਜੀਤ ਚੁੰਨੀ ਮੂੰਹ ਅੱਗੇ ਲੈ ਸੁਬਕ ਰਹੀ ਸੀ। ਇਸਤੋਂ ਅੱਗੇ ਸਭ ਚੁੱਪ ਚਾਂ ਸੀ।

ਅੰਦਰੋਂ ਸ਼ਿੰਦਰ ਕੌਰ ਕਪੜੇ ਵਿਚ ਲਪੇਟ ਕੁਝ ਬਾਹਰ ਲੈ ਕੇ ਆ ਰਹੀ ਸੀ। ਉਹ ਗੁੰਮ ਸੁੰਮ ਵੇਖਦਾ ਰਿਹਾ। ਉਹ ਉਹਦੇ ਸਾਹਮਣੇ ਆ ਕੇ ਖਲੋ ਗਈ।

'ਕੀ ਹੋਇਆ?' ਸੂਰਤਾ ਸਿਹੁੰ ਨੂੰ ਜਿਵੇਂ ਡੋਬੂ ਪੈਣ ਲੱਗੇ।

'ਮਰਿਆ ਹੋਇਆ ਬੱਚਾ।' ਸ਼ਿੰਦਰ ਕੌਰ ਦੀਆਂ ਅੱਖਾਂ ਛਲਕੀਆਂ, 'ਲੈ ਫੜ, ਦੱਬ ਆ ਕਿਧਰੇ।'

***

# ਗ਼ਜ਼ਲ

ਪ੍ਰਿੰਸੀਪਲ ਦਰਸ਼ਨ ਨੱਤ

ਚੱਲ ਦਰਸ਼ਨ, ਲੱਭਣ ਚੱਲੀਏ, ਕਿਹੜਾ ਰੰਗ ਤਨਹਾਈ ਦਾ?
ਆਪਣੇ ਆਪ 'ਚ ਖ਼ੋ ਕੇ ਆਪੇ, ਖ਼ੁਦ ਨੂੰ ਨਹੀਂ ਥਿਆਈ ਦਾ।

ਪੱਥਰ ਉੱਤੇ ਸ਼ਿਲਾਲੇਖ਼ ਉਕਰਨ ਦੇ ਲਾਲਚ ਵਿੱਚ ਆ ਕੇ,
ਰੇਤ 'ਚ ਪਾਏ ਪੂਰਨਿਆਂ ਨੂੰ, ਐਵੇਂ ਨਹੀਂ ਮਿਟਾਈ ਦਾ।

ਹਾਰਾਂ ਪਿਛੋਂ ਹੀ ਜਿੱਤਾਂ ਦਾ ਰੰਗ ਸੁਨਿਹਰੀ ਲਗਦਾ ਹੈ,
ਧੁੱਦਲ 'ਚੋਂ ਉੱਖੜੇ ਪੈਰਾਂ ਨੂੰ, ਐਵੇਂ ਨਹੀਂ ਜਮਾਈ ਦਾ।

ਮਹਿਫ਼ਲ ਵਿੱਚੋਂ, ਪੋਲੇ-ਪੈਰੀਂ, ਕਿਰਨ-ਮ-ਕਿਰਨੀ,ਕਿਰ ਜਾਣਾ,
ਸਿਰ-ਕਟਿਆਂ ਦੀ ਢਾਣੀ ਚੋਂ ਇੰਞ, ਨਾਵਾਂ ਨਹੀਂ ਕਟਾਈ ਦਾ।

ਤਿੱਤਰ-ਖੰਭੀਆਂ ਜੂਹਾਂ ਅੰਦਰ,ਮਿਰਗ-ਛਲਾਵਾ ਬਾਕੀ ਹੈ,
ਮਿਰਗਾਂ ਨੂੰ ਤੇ ਦਰਵੇਸ਼ਾਂ ਨੂੰ, ਬੰਨ੍ਹ ਕੇ ਨਹੀਂ ਬਿਠਾਈ ਦਾ।

ਮੇਲੇ ਮਗਰੋਂ, ਸੁੰਨ-ਮਸੁੰਨ, ਵੀਰਾਨ ਧਰਤ ਦੇ ਟੋਟੇ 'ਤੇ,
ਉੱਡ ਰਹੀਆਂ ਚੀਲ੍ਹਾਂ ਦਾ ਸਾਇਆ, ਪਿੰਜਰੇ ਵਿੱਚ ਨਹੀਂ ਪਾਈਦਾ।

ਯਾਰ ਹੋਣਗੇ ਮਿਲ ਜਾਵਣਗੇ, ਭੁੱਲ-ਭੁਲੇਖ਼ੇ ਰਾਹਾਂ 'ਤੇ,
ਯਾਰਾਂ ਨਾਲ ਬਹਾਰਾਂ ਨੂੰ ਇੰਞ, ਦਿਲ ਤੋਂ ਨਹੀਂ ਭੁਲਾਈ ਦਾ।

***

ਹਿੰਦੀ ਨਾਵਲ ਦਾ ਅਨੁਵਾਦ – ਕਿਸ਼ਤ 2

# ਧਰਤੀ ਧਨ ਨਾ ਆਪਣਾ

## ਜਗਦੀਸ਼ ਚੰਦਰ

(ਧਰਤੀ ਧਨ ਨਾ ਆਪਣਾ' ਪੰਜਾਬ ਦੇ ਇਕ ਪਿੰਡ ਬਾਰੇ ਹਿੰਦੀ ਵਿੱਚ ਲਿਖਿਆ ਗਿਆ ਨਾਵਲ ਹੈ। ਇਹ ਨਾਵਲ ਪੰਜਾਬ ਦੇ ਪਿੰਡਾਂ ਬਾਰੇ ਲਿਖੇ ਬਹੁਤੇ ਨਾਵਲਾਂ ਤੋਂ ਇਸ ਲਈ ਵੱਖਰਾ ਹੈ ਕਿ ਇਸ ਵਿੱਚ ਪੰਜਾਬ ਦੇ ਪੇਂਡੂ ਦਲਿਤਾਂ ਦੀ ਜਿਸ ਦਸ਼ਾ ਦਾ ਵਰਣਨ ਹੈ, ਉਹ ਹੁਣ ਤੱਕ ਬਹੁਤ ਘੱਟ ਪੰਜਾਬੀ ਨਾਵਲਾਂ ਵਿੱਚ ਪ੍ਰਗਟ ਹੋਈ ਹੈ। ਬੇਸ਼ੱਕ ਇਹ ਨਾਵਲ 1970ਵਿਆਂ ਵਿੱਚ ਛਪਿਆ ਸੀ, ਪਰ ਪੰਜਾਬ ਦੇ ਸਾਹਿਤਕ ਜਗਤ ਵਿੱਚ ਇਸ ਦੀ ਕੋਈ ਬਹੁਤੀ ਚਰਚਾ ਨਹੀਂ ਹੋਈ। ਅਸੀਂ ਇਸ ਨਾਵਲ ਨੂੰ ਵਤਨ ਵਿੱਚ ਲੜੀਵਾਰ ਛਾਪਣ ਦਾ ਫੈਸਲਾ ਕੀਤਾ ਹੈ। ਪੇਸ਼ ਹੈ ਇਸ ਦੀ **ਦੂਜੀ ਕਿਸ਼ਤ**। ਪਹਿਲੀ ਕਿਸ਼ਤ ਪੜ੍ਹਨ ਲਈ ਪਿਛਲਾ ਅੰਕ ਦੇਖੋ। ਜੇ ਤੁਹਾਡੇ ਕੋਲ ਪਿਛਲਾ ਅੰਕ ਸਾਂਭਿਆ ਹੋਇਆ ਨਹੀਂ ਤਾਂ ਸਾਨੂੰ ਈ-ਮੇਲ ਭੇਜੋ। ਤੁਹਾਨੂੰ ਉਹ ਅੰਕ ਭੇਜ ਕੇ ਸਾਨੂੰ ਖੁਸ਼ੀ ਹੋਵੇਗੀ -ਸੰਪਾਦਕ)

### 4

ਥੋੜ੍ਹੀ ਹੀ ਦੇਰ ਬਾਅਦ ਮੁਹੱਲੇ ਦਾ ਮਾਹੌਲ ਫਿਰ ਸਾਧਾਰਣ ਹੋ ਗਿਆ ਜਿਵੇਂ ਉੱਥੇ ਕੁਝ ਹੋਇਆ ਹੀ ਨਹੀਂ ਸੀ। ਮਰਦ ਆਪਣੇ ਕੰਮਾਂ ਕਾਰਾਂ ਲਈ ਬਾਹਰ ਜਾ ਰਹੇ ਸਨ। ਬੱਚੇ ਗਲੀ ਵਿੱਚ ਠੀਕਰੀਆਂ ਨਾਲ ਖੇਡਦੇ ਹੋਏ ਰੌਲਾ ਪਾ ਰਹੇ ਸਨ ਪਰ ਔਰਤਾਂ ਵਿੱਚ ਹਾਲੇ ਗਹਿਮਾ ਗਹਿਮੀ ਸੀ। ਉਹ ਗਲੀ ਵਿੱਚ ਸਵੇਰ ਦੀ ਘਟਨਾ 'ਤੇ ਟਿੱਪਣੀ ਕਰਦੀਆਂ ਕਦੇ ਆਪਸ ਵਿੱਚ ਲੜ ਪੈਂਦੀਆਂ ਅਤੇ ਕਦੇ ਖੁਸਰ-ਫੁਸਰ ਕਰਨ ਲੱਗਦੀਆਂ।

ਕਾਲੀ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਚੌਧਰੀ ਹਰਨਾਮ ਸਿੰਘ ਨੇ ਜੀਤੂ ਨੂੰ ਕਿਉਂ ਕੁੱਟਿਆ। ਉਹਨੇ ਚੌਧਰੀਆਂ ਤੋਂ ਆਪ ਵੀ ਬਚਪਨ ਵਿੱਚ ਕਈ ਵਾਰ ਕੁੱਟ ਖਾਧੀ ਸੀ ਅਤੇ ਉਹ ਹਰ ਵਾਰ ਉਹਨੂੰ ਮਾਮੂਲੀ ਗੱਲ ਸਮਝ ਕੇ ਭੁੱਲ ਜਾਂਦਾ ਸੀ। ਉਹਨੂੰ ਕਦੇ ਸ਼ਰਮ ਮਹਿਸੂਸ ਨਹੀਂ ਹੋਈ ਸੀ। ਪਰ ਜੀਤੂ ਨੂੰ ਕੁੱਟ ਪੈਣ 'ਤੇ ਉਹਨੂੰ ਬਹੁਤ ਦੁੱਖ ਹੋਇਆ ਅਤੇ ਉਹਨੂੰ ਬਹੁਤ ਗੁੱਸਾ ਆ ਰਿਹਾ ਸੀ। ਉਹ ਘਰ ਆ ਕੇ ਕੰਧ ਦੇ ਸਹਾਰੇ ਜ਼ਮੀਨ 'ਤੇ ਹੀ ਬੈਠ ਗਿਆ ਅਤੇ ਗਵਾਚਿਆ ਗਵਾਚਿਆ ਛੱਤ ਵਲ ਦੇਖਣ ਲੱਗਾ। ਉਹਦੇ ਹੱਥ ਇਕ ਦੂਸਰੇ ਵਿੱਚ ਉਲਝਣ ਲੱਗੇ ਅਤੇ ਖੱਬੀ ਲੱਤ ਆਪਣੇ ਆਪ ਹੀ ਹਿੱਲਣ ਲੱਗੀ। ਚਾਚੀ ਨੇ ਉਹਨੂੰ ਇਸ ਤਰ੍ਹਾਂ ਬੈਠਾ ਦੇਖਿਆ ਤਾਂ ਪਿਆਰ ਨਾਲ ਝਿੜਕਦੀ ਹੋਈ ਬੋਲੀ:

"ਪੁੱਤਰਾ, ਇਸ ਤਰ੍ਹਾਂ ਕਿਵੇਂ ਬੈਠਾਂ ਮੰਜਾ ਲੈ ਲਾ।"

ਕਾਲੀ ਨੇ ਕੋਈ ਜੁਆਬ ਨਾ ਦਿੱਤਾ ਤਾਂ ਚਾਚੀ ਉਹਨੂੰ ਧਿਆਨ ਨਾਲ ਦੇਖ ਕੇ ਸਮਝਾਉਂਦੀ ਹੋਈ ਬੋਲੀ:

"ਇਸ ਤਰ੍ਹਾਂ ਲੱਤ ਨਹੀਂ ਹਿਲਾਉਂਦੇ ਹੁੰਦੇ, ਨਹਿਸ਼ ਹੁੰਦੀ ਆ।"

ਕਾਲੀ ਦੀ ਲੱਤ ਹਿੱਲਣੀ ਬੰਦ ਹੋ ਗਈ ਲੇਕਿਨ ਉਹਨੇ ਚਾਚੀ ਨੂੰ ਜੁਆਬ ਨਾ ਦਿੱਤਾ। ਕੁਝ ਦੇਰ ਬਾਅਦ ਚਾਚੀ ਫਿਰ ਬੋਲੀ:

"ਜੀਤੂ ਦੀ ਮਾਂ ਨਿਹਾਲੀ ਬਹੁਤ ਦੁਖੀ ਆ। ਮੈਨੂੰ ਉਹਦੇ 'ਤੇ ਬਹੁਤ ਤਰਸ ਆਉਂਦਾ। ਛੋਟੀ ਉਮਰ 'ਚ ਹੀ ਉਹਦੀ ਮਾਂ ਮਰ ਗਈ ਸੀ। ਰਿਸ਼ਤੇਦਾਰਾਂ ਦੀਆਂ ਝਿੜਕਾਂ ਖਾ ਕੇ ਹੁਸ਼ਿਆਰ ਹੋਈ। ਵਿਆਹ ਦਾ ਚੂੜਾ ਅਜੇ ਮੈਲ਼ਾ ਵੀ ਨਹੀਂ ਹੋਇਆ ਸੀ ਕਿ ਰੰਡੇਪਾ ਦੇਖਣਾ ਪਿਆ। ਅੱਜ ਤੱਕ ਜੀਤੂ ਨੂੰ ਦੇਖ ਦੇਖ ਕੇ ਜਿਉਂਦੀ ਰਹੀ ਆ। ਉਹਨੂੰ ਆਸ ਸੀ ਕਿ ਪੁੱਤ ਦਾ ਸੁੱਖ ਮਿਲੂਗਾ ਪਰ ਏਦਾਂ ਲੱਗਦੈ ਕਿ ਉਹ ਵੀ ਨਸੀਬ 'ਚ ਨਹੀਂ।"

ਚਾਚੀ ਨੇ ਆਪਣੀ ਗੱਲ ਜਾਰੀ ਰੱਖਦੇ ਹੋਏ ਕਿਹਾ:

"ਨਿਹਾਲੀ ਜਿੰਨੀ ਭੋਲੀ ਆ, ਜੀਤੂ ਉਨਾ ਹੀ ਸ਼ੈਤਾਨ ਆ। ਘਰ ਆਉਂਦਾ ਤਾਂ ਮਾਂ ਨਾਲ ਲੜਦਾ। ਬਾਹਰ ਜਾਂਦਾ ਤਾਂ ਲੋਕਾਂ ਨਾਲ ਲੜਾਈ ਮੁੱਲ ਲੈ ਲੈਂਦਾ। ਸੱਤ ਕੋਹਾਂ ਦਾ ਫੇਰਾ ਪਾ ਲੜਨ ਜਾਂਦਾ । ਅੱਜ ਉਹਨੂੰ ਚੌਧਰੀ ਨੇ ਕੁੱਟਿਆ। ਨੱਕ ਦੀ ਹੱਡੀ ਟੁੱਟ ਗਈ ਆ। ਖ਼ੂਨ ਦੇ ਪਰਨਾਲੇ ਵਗ ਗਏ ਆ। ਨਿਹਾਲੀ ਵਿਚਾਰੀ ਦੀਆਂ ਰੋ ਰੋ ਕੇ ਅੱਖਾਂ ਸੁੱਜ ਗਈਆਂ। ਉਹਨੂੰ ਤਾਂ ਜ਼ਿੰਦਗੀ ਦੇ ਅਖੀਰਲੇ ਵਕਤ ਵੀ ਦੁੱਖ ਹੀ ਦੁੱਖ ਮਿਲਿਆ।"

ਚਾਚੀ ਪਰਮਾਤਮਾ ਨੂੰ ਯਾਦ ਕਰਦੀ ਹੋਈ ਕਾਲੀ ਵੱਲ ਦੇਖਣ ਲੱਗੀ। ਉਹ ਸੋਚਾਂ 'ਚ ਡੁੱਬਿਆ ਹੌਲੀ ਹੌਲੀ ਸਿਰ ਹਿਲਾਉਂਦਾ ਬੋਲਿਆ।

"ਚਾਚੀ, ਚੌਧਰੀ ਨੇ ਜੀਤੂ ਨੂੰ ਨਜਾਇਜ਼ ਕੁੱਟਿਆ। ਉਹਦਾ ਕੋਈ ਕਸੂਰ ਨਹੀਂ ਸੀ। ਜੇ ਜੀਤੂ ਦੀ ਥਾਂ ਮੈਂ ਹੁੰਦਾ ਤਾਂ ਬਾਂਹ ਮਰੋੜ ਦਿੰਦਾ।"

ਕਾਲੀ ਦੀ ਗੱਲ ਸੁਣ ਕੇ ਚਾਚੀ ਉਹਦੇ ਵੱਲ ਡਰ ਅਤੇ ਹੈਰਾਨੀ ਭਰੀ ਨਿਗ੍ਹਾ ਨਾਲ ਦੇਖਣ ਲੱਗੀ ਅਤੇ ਜਦੋਂ ਉਹ ਦਰਵਾਜ਼ੇ ਵੱਲ ਵਧਿਆ ਤਾਂ ਉਹਨੂੰ ਰੋਕਦੀ ਹੋਈ ਬੋਲੀ:

"ਕਾਕਾ, ਤੂੰ ਕਿੱਥੇ ਚੱਲਿਆਂ? ਆਪਣੇ ਅੰਦਰ ਬੈਠ। ਚੌਧਰੀ ਤੇ ਜੀਤੂ ਦਾ ਝਗੜਾ। ਆਪਾਂ ਉਹਦੇ 'ਚੋਂ ਕੀ ਲੈਣਾਂ।"

ਪਰ ਕਾਲੀ ਦਰਵਾਜ਼ੇ 'ਤੋਂ ਬਾਹਰ ਨਿਕਲ ਗਿਆ ਤਾਂ ਉਹ ਪਿੱਛੇ ਜਾ ਕੇ ਉਹਨੂੰ ਦੇਖਣ ਲੱਗੀ। ਜਦੋਂ ਉਹ ਜੀਤੂ ਦੇ ਘਰ ਵੱਲ ਜਾਣ ਵਾਲੀ ਗਲੀ ਵਿੱਚ ਮੁੜ ਗਿਆ ਤਾਂ ਉਹ ਘਬਰਾ ਗਈ ਅਤੇ ਸੋਚਣ ਲੱਗੀ ਕਿ ਉਹਦੇ ਪਿੱਛੇ ਜਾਵੇ। ਪਰ ਇਸ ਖਿਆਲ ਨਾਲ ਰੁਕ ਗਈ ਕਿ ਜੇ ਘਰ ਸੁੰਨਾ ਰਹਿ ਗਿਆ ਤਾਂ ਪ੍ਰੀਤੋ ਦੇ ਨਿਆਣੇ ਕੋਈ-ਨ-ਕੋਈ ਚੀਜ਼ ਚੁੱਕ ਕੇ ਲੈ ਜਾਣਗੇ।

ਕਾਲੀ ਤੇਜ਼ ਕਦਮ ਪੁੱਟਦਾ ਹੋਇਆ ਚੁਗਾਨ ਵਿੱਚ ਚਲਾ ਗਿਆ। ਉੱਥੇ ਹੁਣ ਕੋਈ ਨਹੀਂ ਸੀ। ਸਿਰਫ ਵੱਛੇ ਅਤੇ ਵੱਛੀਆਂ ਬੰਨੀਆਂ ਹੋਈਆਂ ਸਨ ਜੋ ਚੌਧਰੀਆਂ ਦੀ ਕ੍ਰਿਪਾ ਨਾਲ ਚਮਾਰਾਂ ਤੱਕ ਪਹੁੰਚਦੀਆਂ ਹਨ। ਉਹ ਆਪਣੇ ਆਪ ਨੂੰ ਮੱਛਰ-ਮੱਖੀ ਤੋਂ ਬਚਾਉਣ ਲਈ ਵਾਰ ਵਾਰ ਪੈਰ ਮਾਰ ਰਹੀਆਂ ਸਨ ਅਤੇ ਪੂਛਾਂ ਨੂੰ ਪੱਖੇ ਦੀ ਤਰ੍ਹਾਂ ਇੱਧਰ ਉੱਧਰ ਹਿਲਾ ਰਹੀਆਂ ਸਨ।

ਜਦੋਂ ਉਹ ਜੀਤੂ ਦੇ ਘਰ ਪਹੁੰਚਿਆ ਤਾਂ ਦੋ ਔਰਤਾਂ ਦਰਵਾਜ਼ੇ ਵਿੱਚੋਂ ਬਾਹਰ ਨਿਕਲ ਰਹੀਆਂ ਸਨ। ਬਾਬੇ ਫੱਤੂ ਦੀ ਘਰਵਾਲੀ ਹੁਕਮਾ ਜੋ ਲਾਠੀ ਦੇ ਸਹਾਰੇ ਰਾਹ ਲੱਭ ਲੱਭ ਕੇ ਅੱਗੇ ਵੱਧ ਰਹੀ ਸੀ ਅਤੇ ਦੂਸਰੀ ਨਿੱਕੂ ਦੀ ਘਰਵਾਲੀ ਪ੍ਰੀਤੋ ਜੋ ਦੋ ਦਰਜ਼ਨ ਦੇ ਲਗਭਗ ਬੱਚੇ ਜੰਮਣ ਤੋਂ ਬਾਅਦ ਵੀ ਰੰਗਦਾਰ ਦਾਤਣ ਅਤੇ ਤੇਲ ਦੇ ਸਹਾਰੇ ਜਵਾਨੀ ਦੀਆਂ ਹੱਦਾਂ ਅੰਦਰ ਹੀ ਰਹਿਣਾ ਚਾਹੁੰਦੀ ਸੀ। ਬੇਬੇ ਹੁਕਮਾ ਨੇ ਤੇਰ੍ਹਾਂ ਬੱਚਿਆਂ ਨੂੰ ਜਨਮ ਦਿੱਤਾ ਸੀ। ਪਰ ਉਹਨਾਂ ਵਿੱਚੋਂ ਬਾਰਾਂ ਨੂੰ ਆਪਣੇ ਹੱਥੀਂ ਧਰਤੀ ਦੀ ਗੋਦ ਵਿੱਚ ਲਿਟਾ ਦਿੱਤਾ ਸੀ। ਉਹ ਪਰਮਾਤਮਾ ਦੇ ਡਰ ਕਾਰਨ ਕਦੇ ਸ਼ਿਕਾਇਤ ਨਹੀਂ ਕਰਦੀ ਸੀ। ਉਸ ਦਾ ਦਿਲ ਏਨਾ ਨਰਮ ਹੋ ਗਿਆ ਸੀ ਕਿ ਉਹ ਕੰਡੇ ਦੀ ਚੋਭ ਨੂੰ ਤਲਵਾਰ ਦਾ ਫੱਟ ਸਮਝ ਆਪਣਾ ਬੁਰਾ ਹਾਲ ਕਰ ਲੈਂਦੀ ਸੀ। ਜੀਤੂ ਦੇ ਨੱਕ ਵਿੱਚੋਂ ਖ਼ੂਨ ਵਗਦਾ ਦੇਖਕੇ ਬੇਬੇ ਹੁਕਮਾ ਰੋ ਪਈ ਅਤੇ ਸੁਬਕੀਆਂ ਲੈਂਦੀ ਹੋਈ ਸਿਰਫ ਏਨਾ ਕਹਿ ਸਕੀ ਕਿ ਪਰਮਾਤਮਾ ਤੋਂ ਡਰਨਾ ਚਾਹੀਦਾ ਜੋ ਸਭ ਦਾ ਹੰਕਾਰ ਤੋੜਦਾ ਹੈ।

ਗਲੀ ਵਿੱਚ ਆਉਂਦੀ ਹੋਈ ਉਹ ਪ੍ਰੀਤੋ ਨੂੰ ਇਹ ਹੀ ਸਮਝਾ ਰਹੀ ਸੀ ਕਿ ਮਾਇਆ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਗਰੀਬ ਦੀ ਆਹ ਤਾਂ ਪਲੇਗ ਤੋਂ ਵੀ ਬੁਰੀ ਹੁੰਦੀ ਹੈ। ਪਰ ਪ੍ਰੀਤੋ ਝੱਟ ਦੇਣੀ ਬੋਲੀ:

"ਬੇਬੇ, ਇਹ ਜੀਤੂ ਵੀ ਆਫਤ ਆ, ਆਫਤ। ਇਸ 'ਤੇ ਜਵਾਨੀ ਕੀ ਆਈ ਆ, ਪੂਰਾ ਮੁਸ਼ਟੰਡਾ ਬਣ ਗਿਆ। ਮੁਹੱਲੇ ਭਰ ਦੀਆਂ ਨਹੁੰਆਂ-ਧੀਆਂ ਨੂੰ ਮੈਲ਼ੀ ਅੱਖ ਨਾਲ ਦੇਖਦਾ। ਤਕੀਏ 'ਤੇ ਬੈਠ ਕੇ ਮੁਟਿਆਰ ਕੁੜੀਆਂ ਦੇ ਗੱਭਰੂ ਮੁੰਡਿਆਂ ਨਾਲ ਰਿਸ਼ਤੇ

ਜੋੜਦਾ। ਜੇ ਇਹਦੀ ਮਾਂ-ਜਾਈ ਭੈਣ ਨਹੀਂ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਉਹ ਸਰਕਾਰੀ ਸਾਨ੍ਹ ਵਾਂਗ ਚਾਰੇ ਪਾਸੇ ਫਸਲਾਂ ਨੂੰ ਮੂੰਹ ਮਾਰਦਾ ਫਿਰੇ।"

ਇਹ ਕਹਿ ਕੇ ਪ੍ਰੀਤੋ ਨੇ ਆਪਣੇ ਦਿਲ ਦੀ ਭੜਾਸ ਕੱਢਣ ਦੀ ਕੋਸ਼ਿਸ਼ ਕੀਤੀ ਅਤੇ ਆਪਣੀ ਕੁੜੀ ਲੱਛੋ ਦਾ ਮੰਗੂ ਨਾਲੋਂ ਉਹ ਰਿਸ਼ਤਾ ਤੋੜ ਦਿੱਤਾ ਜਿਸ ਬਾਰੇ ਜੀਤੂ ਤਕੀਏ ਵਿੱਚ ਬੈਠ ਗੱਲਾਂ ਕਰਿਆ ਕਰਦਾ ਸੀ। ਪਰ ਇਹ ਸਭ ਕੁਝ ਕਹਿ ਦੇਣ ਬਾਅਦ ਵੀ ਪ੍ਰੀਤੋ ਦੇ ਮਨ ਵਿੱਚ ਅਜੇ ਕਸਕ ਰਹਿ ਗਈ ਸੀ। ਉਹ ਬੇਬੇ ਦੇ ਝੁਕੇ ਹੋਏ ਮੋਢਿਆਂ 'ਤੇ ਹੱਥ ਰੱਖਦੀ ਹੋਈ ਬੋਲੀ:

"ਬੇਬੇ, ਜੀਤੂ  ਨੇ ਪਰਸੋਂ ਤਕੀਏ ਵਿੱਚ ਕਿਹਾ ਸੀ ਕਿ ਮੰਗੂ ਬਦਮਾਸ਼ ਆ, ਲੱਛੋ ਦਾ ਪੇ ਬਦਮਾਸ਼ ਆ। ਮੁਹੱਲੇ ਦੀਆਂ ਸਾਰੀਆਂ ਕੁੜੀਆਂ ਬਦਮਾਸ਼ ਨੇ। ਚੌਧਰੀਆਂ ਦੇ ਮੁੰਡੇ ਬਦਮਾਸ਼ ਨੇ। ... ਮੰਗੂ ਨੂੰ ਪਤਾ ਲੱਗ ਗਿਆ ਤਾਂ ਉਹ ਉਹਦੀ ਹੱਡੀ ਪਸਲੀ ਇਕ ਕਰ ਦੇਊਗਾ। ਬਹੁਤ ਜ਼ਹਿਰੀ ਆਦਮੀ ਆ।"

ਬੇਬੇ ਹੁਕਮਾ ਨੇ ਪ੍ਰੀਤੋ ਨੂੰ ਕੋਈ ਜੁਆਬ ਨਹੀਂ ਦਿੱਤਾ ਅਤੇ ਪਰਮਾਤਮਾ ਨੂੰ ਯਾਦ ਕਰਦੀ ਅਗਾਂਹ ਵਧਦੀ ਗਈ। ਪ੍ਰੀਤੋ ਨੇ ਫਿਰ ਗੱਲ ਸ਼ੁਰੂ ਕੀਤੀ ਤਾਂ ਬੇਬੇ ਰੁਕ ਕੇ ਬੋਲੀ:

"ਪ੍ਰੀਤੋ, ਤੂੰ ਮੈਨੂੰ ਸਮਝਾ ਰਹੀ ਏਂ? ਮੈਂ ਇਸੇ ਮੁਹੱਲੇ ਵਿੱਚ ਰਹਿੰਦੀ ਆਂ।"

ਕਾਲੀ ਉਹਨਾਂ ਦੇ ਕੋਲ ਪਹੁੰਚ ਕੇ ਰੁਕ ਗਿਆ ਅਤੇ ਉਸ ਨੇ ਬੇਬੇ ਹੁਕਮਾ ਨੂੰ ਮੱਥਾ ਟੇਕਿਆ। ਉਹ ਗਰਦਨ ਉਤਾਂਹ ਚੁੱਕ ਕੇ ਅਤੇ ਅੱਖਾਂ 'ਤੇ ਖੱਬੇ ਹੱਥ ਨਾਲ ਛਤਰੀ ਬਣਾ ਕੇ ਕਾਲੀ ਨੂੰ ਪਹਿਚਾਣਨ ਦੀ ਕੋਸ਼ਿਸ਼ ਕਰਦੀ ਹੋਈ ਬੋਲੀ:

"ਪੁੱਤਰਾ ਤੂੰ ਕੌਣ ਆਂ? ਮੈਂ ਪਹਿਚਾਣਿਆ ਨਹੀਂ।"

"ਬੇਬੇ, ਮੈਂ.........।" ਕਾਲੀ ਅਜੇ ਆਪਣੀ ਗੱਲ ਵੀ ਪੂਰੀ ਨਹੀਂ ਕਰ ਸਕਿਆ ਸੀ ਕਿ ਪ੍ਰੀਤੋ ਬੋਲ ਪਈ:

"ਬੇਬੇ, ਕਾਲੀ ਆ, ਭਾਬੀ ਪ੍ਰਤਾਪੀ ਦਾ ਭਤੀਜਾ, ਜਿਹੜਾ ਪਰਦੇਸ ਗਿਆ ਹੋਇਆ ਸੀ। ਅੱਜ ਹੀ ਆਇਆ।"

"ਅੱਛਾ ਅੱਛਾ । ਪੁੱਤ ਜੁਗ ਜੁਗ ਜੀਵੇਂ।"

ਬੇਬੇ ਕਾਲੀ ਨੂੰ ਅਸੀਸ ਦਿੰਦੀ ਹੋਈ ਬੋਲੀ:

"ਪੁੱਤ ਮੈਨੂੰ ਨਜ਼ਰ ਨਹੀਂ ਆਉਂਦਾ। ਜਿੱਧਰ ਦੇਖਦੀ ਆਂ ਬਸ ਪਰਛਾਵੇਂ ਈ ਨਜ਼ਰ ਆਉਂਦੇ ਨੇ। ਹੁਣ ਪ੍ਰਤਾਪੀ ਨੂੰ ਸੁੱਖ ਦੇਵੀਂ। ਤੇਰੇ ਸਿਵਾ ਉਹਦਾ ਕੌਣ ਆਂ? ਤੂੰ ਪਰਦੇਸ ਚਲਾ ਗਿਆ ਤਾਂ ਵਿਚਾਰੀ ਕਿੰਨਾ ਕਿੰਨਾ ਰੋਂਦੀ ਰਹੀ।"

"ਬੇਬੇ, ਬਾਬੇ ਦਾ ਕੀ ਹਾਲ ਆ, ਦਲੀਪਾ ਅੱਜ-ਕੱਲ੍ਹ ਕਿੱਥੇ ਆ?" ਕਾਲੀ ਨੇ ਪੁੱਛਿਆ।

"ਕਾਕਾ, ਤੇਰੇ ਬਾਬੇ ਦਾ ਹਾਲ ਏਦਾਂ ਈ ਆ। ਬੁਢਾਪਾ ਆਪਣੇ ਆਪ ਈ ਸਭ ਤੋਂ ਵੱਡਾ ਰੋਗ ਆ। ਉੱਤੋਂ ਬੀਮਾਰ ਰਹਿੰਦਾ। ਕਦੇ ਖੰਘ ਤੇ ਕਦੇ ਤਾਪ। ਕੋਈ ਨਾ ਕੋਈ ਰੋਗ ਘੇਰੀ ਹੀ ਰੱਖਦਾ।.... ਬਾਕੀ ਦਲੀਪਾ... ਆਪਣੀ ਮੌਜ ਕਰ ਰਿਹਾ। ਮਹੀਨੇ ਦੋ ਮਹੀਨੀਂ ਚੱਕਰ ਲਾ ਜਾਂਦਾ। ਸ਼ਹਿਰ 'ਚ ਜੁੱਤੀਆਂ ਬਣਾਉਣ ਦਾ ਕੰਮ ਕਰਦਾ। ਆਪਣਾ ਗੁਜ਼ਾਰਾ ਕਰ ਰਿਹਾ... ਰਾਜੀ ਖੁਸ਼ੀ ਰਹੇ।"

ਇਹ ਕਹਿਕੇ ਬੇਬੇ ਹੁਕਮਾ ਨੇ ਠੰਢੀ ਆਹ ਭਰੀ ਜਿਵੇਂ ਬਹੁਤ ਸਾਰੀਆਂ ਗੱਲਾਂ ਨੂੰ ਜ਼ਬਾਨ 'ਤੇ ਆਉਣੋ ਰੋਕ ਦਿੱਤਾ ਹੋਵੇ। ਫਿਰ ਉਹ ਦੁੱਖ ਭਰੀ ਅਵਾਜ਼ ਵਿੱਚ ਬੋਲੀ:

"ਨਿਹਾਲੀ ਦਾ ਦੁੱਖ ਮੈਥੋਂ ਦੇਖਿਆ ਨਹੀਂ ਗਿਆ। ਜੀਤੂ ਤਾਂ ਕੁੱਟ ਖਾ ਕੇ ਮੰਜੇ 'ਤੇ ਪੈ ਗਿਆ, ਉਹ ਵਿਚਾਰੀ ਤੜਪ ਰਹੀ ਆ। ਅੱਛਾ ... ਜੋ ਕਰਮਾਂ 'ਚ  ਲਿਖਿਆ ਮਿਲਕੇ ਰਹਿਣਾ।"

ਬੇਬੇ ਦੀ ਗੱਲ ਸੁਣ ਕੇ ਪ੍ਰੀਤੋ ਤੁਨਕ ਕੇ ਬੋਲੀ:

"ਜੀਤੂ ਨੂੰ ਚੌਧਰੀ ਨੇ ਕਿਹੜਾ ਗੜਾਸਾ ਮਾਰਿਆ। ਰੰਡੀ ਮਾਂ ਦੇ ਨਾਲ ਖੇਖਣ ਕਰਦਾ। ਮੰਜੇ 'ਤੇ ਏਦਾਂ ਪਿਆ ਜਿਵੇਂ ਸਿਰ 'ਤੇ ਕੁਹਾੜਾ ਲੱਗਾ ਹੋਵੇ।"

ਕਾਲੀ ਨੇ ਪ੍ਰੀਤੋ ਵੱਲ ਧਿਆਨ ਨਾਲ ਦੇਖਿਆ ਅਤੇ ਕੁਝ ਕਹੇ ਬਿਨਾਂ ਅੱਗੇ ਵੱਧ ਗਿਆ।

ਜਦੋਂ ਉਹ ਜੀਤੂ ਦੇ ਘਰ ਪਹੁੰਚਿਆ ਤਾਂ ਤਾਈ ਨਿਹਾਲੀ ਜੀਤੂ ਦੇ ਨੱਕ ਅਤੇ ਮੂੰਹ ਵਿੱਚੋਂ ਖ਼ੂਨ ਸਾਫ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਜੀਤੂ ਚੀਕਦਾ-ਚਿਲਾਉਂਦਾ ਹੋਇਆ ਉਸ ਦੇ ਹੱਥ ਪਰੇ ਕਰ ਦਿੰਦਾ। ਕਾਲੀ ਨੂੰ ਦੇਖ ਕੇ ਤਾਈ ਨਿਹਾਲੀ ਜੀਤੂ ਵੱਲ ਇਸ਼ਾਰਾ ਕਰਦੀ ਬੋਲੀ:

"ਕਾਲੀ, ਦੇਖ ਚੌਧਰੀ ਨੇ ਇਹਦਾ ਕੀ ਹਾਲ ਕਰ ਦਿੱਤਾ। ਨੱਕ ਨੂੰ ਹੱਥ ਲਾਉਂਦੀ ਆਂ ਤਾਂ ਤੜਪ ਉੱਠਦਾ ਹੈ।... ਭਲਾ ਇਹਨੇ ਚੌਧਰੀ ਦਾ ਕੀ ਵਿਗਾੜਿਆ ਸੀ ਜੋ ਇਹਨੂੰ ਪੁਲਸੀਆਂ ਵਾਂਗ ਕੁੱਟ ਸੁੱਟਿਆ ... ਪੂਰਾ ਸਾਲ ਉਹਦੀ ਵਗਾਰ ਕਰਦਾ ਰਿਹਾ... ਅਤੇ ਇਹਨੂੰ ਸਾਰੀ ਮਿਹਨਤ ਦਾ ਇਹ ਇਨਾਮ ਮਿਲਿਆ।"

ਤਾਈ ਨਿਹਾਲੀ ਮੈਲ਼ਾ ਜਿਹਾ ਕੱਪੜਾ ਲੈ ਕੇ ਜੀਤੂ ਦੇ ਮੂੰਹ ਅਤੇ ਨੱਕ ਤੋਂ ਖ਼ੂਨ ਸਾਫ ਕਰਨ ਲੱਗੀ। ਉਹ ਉਹਦੇ ਵੱਲ ਹੱਥ ਵਧਾਉਂਦੀ ਤਾਂ ਜੀਤੂ ਜਾਂ ਤਾਂ ਮੂੰਹ ਪਰੇ ਕਰ ਲੈਂਦਾ ਜਾਂ ਉਹਦਾ ਹੱਥ ਝਟਕ ਦਿੰਦਾ। ਕਾਲੀ ਤਾਈ ਨਿਹਾਲੀ ਦੇ ਹੱਥੋਂ ਕੱਪੜਾ ਲੈਂਦਾ ਹੋਇਆ ਬੋਲਿਆ:

"ਤਾਈ, ਲਿਆ ਮੈਂ ਖ਼ੂਨ ਸਾਫ ਕਰਦਾ, ਤੂੰ ਪਾਣੀ ਗਰਮ ਕਰਕੇ ਲਿਆ।"

ਤਾਈ ਨਿਹਾਲੀ ਦੇ ਉੱਠਣ ਤੋਂ ਪਹਿਲਾਂ ਹੀ ਗਿਆਨੋ, ਜਿਹੜੀ ਦਰਵਾਜ਼ੇ ਦੇ ਉਹਲੇ ਖੜੀ ਸੀ, ਝੱਟ ਸਾਹਮਣੇ ਆ ਕੇ ਬੋਲੀ:

"ਤਾਈ ਤੂੰ ਬੈਠ, ਮੈਂ ਪਾਣੀ ਗਰਮ ਕਰ ਦਿੰਦੀ ਆਂ।"

ਕਾਲੀ ਨੇ ਚੌਂਕ ਕੇ ਗਿਆਨੋ ਵੱਲ ਦੇਖਿਆ ਅਤੇ ਨਾਲ ਹੀ ਉਸਦੀਆਂ ਅੱਖਾਂ ਸਾਹਮਣੇ ਛੇ ਸਾਲ ਪਹਿਲਾਂ ਦੀ ਬੇਬਾਕ, ਨਿਡਰ, ਝਗੜਾਲੂ ਅਤੇ ਖੁੱਲ੍ਹੇ ਵਾਲਾਂ ਵਾਲੀ ਗਿਆਨੋ ਘੁੰਮ ਗਈ ਜੋ ਸਾਰਾ ਦਿਨ ਅੱਲੜ੍ਹ ਵਛੇਰੀ ਵਾਂਗ ਗਲੀਆਂ ਵਿੱਚ ਘੁੰਮਦੀ ਫਿਰਦੀ ਸੀ। ਕਿਤੇ ਗਮੀ ਹੋਵੇ ਜਾਂ ਵਿਆਹ, ਝਗੜਾ ਹੋਵੇ ਜਾਂ ਫਸਾਦ , ਇਹ ਕੁੜੀ ਸਾਰਾ ਦਿਨ ਉਸ ਥਾਂ ਹੀ ਮੰਡਰਾਉਂਦੀ ਰਹਿੰਦੀ। ਕਾਲੀ ਨੇ ਗਿਆਨੋ ਵੱਲ ਧਿਆਨ ਨਾਲ ਦੇਖਿਆ ਅਤੇ ਉਸਦੀ ਜਵਾਨੀ ਅਤੇ ਗੁੰਦਵੇਂ ਸਰੀਰ ਵੱਲ ਦੇਖਦਾ ਬੋਲਿਆ:

"ਗਿਆਨੋ, ਤੂੰ ਤਾਂ ਬਹੁਤ ਬੜੀ ਹੋ ਗਈ ਏਂ?"

"ਤੂੰ ਵੀ ਤਾਂ ਵੱਡਾ ਹੋ ਗਿਆਂ।"

ਗਿਆਨੋ ਨੇ ਬੇਬਾਕੀ ਨਾਲ ਜੁਆਬ ਦਿੱਤਾ ਅਤੇ ਫਿਰ ਸ਼ਰਮਾਉਂਦੀ ਹੋਈ ਬਾਹਰ ਨਿਕਲ ਗਈ।

ਗਿਆਨੋ ਗਰਮ ਪਾਣੀ ਲੈ ਕੇ ਜੀਤੂ ਦੇ ਮੰਜੇ ਦੇ ਪੈਂਦੀ ਖੜੀ ਹੋ ਗਈ। ਕਾਲੀ ਗਿੱਲਾ ਕੱਪੜਾ ਜੀਤੂ ਦੇ ਬੁੱਲ੍ਹਾਂ ਅਤੇ ਨੱਕ ਦੇ ਹੇਠਾਂ ਫੇਰ ਕੇ ਨਿਚੋੜਦਾ ਤਾਂ ਲਾਲ ਪਾਣੀ ਦੇਖ ਤਾਈ ਨਿਹਾਲੀ ਦਾ ਦਿਲ ਬੈਠ ਜਿਹਾ ਜਾਂਦਾ। ਉਹ ਰੋਂਦੀ ਅਵਾਜ਼ ਵਿੱਚ ਬੋਲੀ:

"ਜੀਤੂ ਦੇ ਅੰਦਰੋਂ ਲਹੂ ਦੇ ਘੜੇ ਨਿਕਲ ਰਹੇ ਆ। ਜੇ ਦੋ ਚਾਰ ਵਾਰ ਏਦਾਂ ਦੀ ਕੁੱਟ ਹੋਰ ਪਈ ਤਾਂ ਇਹ ਇਸ ਦੁਨੀਆਂ-ਜਹਾਨ ਤੋਂ ਜਾਂਦਾ ਰਹੂ।"

ਕਾਲੀ ਹਸਦਾ ਹੋਇਆ ਕਹਿਣ ਲੱਗਾ:

"ਤਾਈ ਇਹ ਖ਼ੂਨ ਨਹੀਂ ਪਾਣੀ ਆਂ। ਤੂੰ ਕਿਉਂ ਏਨਾ ਘਬਰਾ ਰਹੀ ਏਂ।"

ਜੀਤੂ ਦੇ ਚਿਹਰੇ ਤੋਂ ਖ਼ੂਨ ਸਾਫ ਹੋ ਗਿਆ ਤਾਂ ਕਾਲੀ ਉਹਦੇ ਨੱਕ 'ਤੇ ਗਰਮ ਪਾਣੀ ਦੀ ਟਕੋਰ ਕਰਦਾ ਹੋਇਆ ਜੀਤੂ ਉੱਪਰ ਝੁਕ ਕੇ ਬੋਲਿਆ:

"ਜੀਤੂ ਹੁਣ ਤਬੀਅਤ ਕਿਸ ਤਰ੍ਹਾਂ ਦੀ ਆ? ਦਰਦ ਕੁਝ ਘਟਿਆ?"

ਉਸ ਨੇ ਕੋਈ ਜੁਆਬ ਨਾ ਦਿੱਤਾ। ਸਿਰਫ ਬੇਬਸ ਨਜ਼ਰਾਂ ਨਾਲ ਕਾਲੀ ਵੱਲ ਦੇਖਦਾ ਰਿਹਾ। ਉਹਦੀਆਂ ਅੱਖਾਂ ਵਿੱਚ ਗਹਿਰੀ ਮਿਟੀ ਰੰਗੀ ਧੁੰਦ ਛਾਈ ਹੋਈ ਸੀ। ਉਹ ਕੁਝ ਪਲਾਂ ਲਈ ਕਾਲੀ ਵੱਲ ਦੇਖਦਾ ਰਿਹਾ। ਫਿਰ ਉਹਦਾ ਹੱਥ ਆਪਣੇ ਦੋਵੇਂ ਹੱਥਾਂ ਵਿੱਚ ਘੁੱਟਦਾ ਬੋਲਿਆ:

"ਕਾਲੀ, ਤੂੰ ਤਾਂ ਇਸ ਪਿੰਡ ਤੋਂ ਚਲਾ ਗਿਆ ਸੀ। ਦੁਬਾਰਾ ਇਸ ਨਰਕ ਵਿੱਚ ਕਿਉਂ ਆ ਗਿਆਂ?"

"ਹੋਰ ਕਿੱਥੇ ਜਾਂਦਾ? ਆਦਮੀ ਸਾਰੀਆਂ ਥਾਂਵਾਂ ਤੋਂ ਨਿਰਾਸ਼ ਹੋ ਕੇ ਘਰ ਵੱਲ ਹੀ ਮੁੜਦਾ।" ਕਾਲੀ ਨੇ ਜੀਤੂ ਨੂੰ ਸਮਝਾਉਂਦੇ ਹੋਏ ਨਰਮੀ ਨਾਲ ਕਿਹਾ। ਉਹਨੇ ਆਪਣੀਆਂ ਅੱਖਾਂ ਮੀਚ ਲਈਆਂ ਅਤੇ ਮੂੰਹ ਦੂਸਰੇ ਪਾਸੇ ਫੇਰ ਲਿਆ। ਕੁਝ ਪਲਾਂ ਬਾਅਦ ਉਹਨੇ ਮੁੜਕੇ ਕਾਲੀ ਵੱਲ ਦੇਖਿਆ ਜਿਵੇਂ ਉਹਨੂੰ ਉਹਦੀ ਗੱਲ 'ਤੇ ਵਿਸ਼ਵਾਸ ਨਾ ਆਇਆ ਹੋਵੇ। ਉਹਦੀਆਂ ਅੱਖਾਂ ਵਿੱਚ ਬੇਵਿਸ਼ਵਾਸੀ ਦੀ ਝਲਕ ਦੇਖ ਕਾਲੀ ਵੀ ਸੋਚ ਵਿੱਚ ਪੈ ਗਿਆ ਅਤੇ ਉਹਨੇ ਮੂੰਹ ਦੂਸਰੇ ਪਾਸੇ ਫੇਰ ਲਿਆ। ਪਰ ਜਦੋਂ ਜੀਤੂ ਨੇ ਆਪਣਾ ਸਵਾਲ ਦੁਹਰਾਇਆ ਤਾਂ ਉਹ ਉਹਦਾ ਮੋਢਾ ਥਪਥਪਾਉਂਦਾ ਹੋਇਆ ਬੋਲਿਆ:

"ਜੀਤੂ, ਆਪਣੇ ਘਰ ਬੈਠ ਕੇ ਦੁਨੀਆਂ ਬਹੁਤ ਵੱਡੀ ਨਜ਼ਰ ਆਉਂਦੀ ਆ, ਪਰ ਗਰੀਬ ਆਦਮੀ ਲਈ ਹਰ ਜਗ੍ਹਾ ਤੰਗ ਆ।" ਫਿਰ ਉਹਨੇ ਗੱਲ ਬਦਲਣ ਲਈ ਤਾਈ ਨਿਹਾਲੀ ਨੂੰ ਕਿਹਾ:

"ਤਾਈ, ਜੀਤੂ ਨੂੰ ਦੋ ਘੁੱਟ ਚਾਹ ਮਿਲ ਜਾਵੇ ਤਾਂ ਇਹਦੇ ਅੰਦਰ ਗਰਮਾਇਸ਼ ਹੋ ਜਾਊਗੀ।"

ਤਾਈ ਨਿਹਾਲੀ ਸੋਚ ਵਿੱਚ ਡੁੱਬੀ ਹੋਈ ਬੋਲੀ:

"ਘਰ ਵਿੱਚ ਗੁੜ ਤਾਂ ਹੈ, ਚਾਹ ਦੀ ਪੱਤੀ ਵੀ ਮਿਲ ਜਾਊ, ਪਰ ਦੁੱਧ ਕਿੱਥੋਂ ਆਊਗਾ? ਚੌਧਰੀਆਂ ਦੇ ਘਰਾਂ ਤੋਂ ਤਾਂ ਲੱਸੀ ਵੀ ਬਹੁਤ ਮੁਸ਼ਕਿਲ ਨਾਲ ਮਿਲਦੀ ਆ, ਦੁੱਧ ਕੌਣ ਦੇਊਗਾ? ਗਲੀ ਵਿੱਚ ਮੰਗੂ ਦੇ ਘਰ ਮੱਝ ਤਾਂ ਹੈ। ਉੱਥੋਂ ਦੁੱਧ ਤਾਂ ਕੀ ਖਾਲੀ ਭਾਂਡਾ ਵੀ ਵਾਪਸ ਨਹੀਂ ਮਿਲੂ।"

ਗਿਆਨੋ ਨੂੰ ਤਾਈ ਨਿਹਾਲੀ ਦੇ ਇਹ ਸ਼ਬਦ ਬਹੁਤ ਬੁਰੇ ਲੱਗੇ। ਪਰ ਨਾਲ ਹੀ ਉਹਨੂੰ ਇਹ ਅਹਿਸਾਸ ਹੋਇਆ ਕਿ ਤਾਈ ਨੇ ਜੋ ਕਿਹਾ ਹੈ, ਉਹ ਸੱਚ ਹੈ। ਗਿਆਨੋ ਅਜੇ ਸੋਚ ਹੀ ਰਹੀ ਸੀ ਕਿ ਕੀ ਜੁਆਬ ਦੇਵੇ ਕਿ ਕਾਲੀ ਝੱਟ ਬੋਲ ਪਿਆ:

'ਮੇਰੇ ਘਰ ਦੁੱਧ ਆ। ਸਵੇਰੇ ਚਾਚੀ ਕਿਤਿਉਂ ਲਿਆਈ ਸੀ। ਮੈਂ ਦੌੜ ਕੇ ਲਿਆਉਂਦਾਂ।" ਕਾਲੀ ਦੇ ਜਾਣ ਤੋਂ ਬਾਅਦ ਤਾਈ ਨਿਹਾਲੀ ਪਰਮਾਤਮਾ ਨੂੰ ਯਾਦ ਕਰਦੀ ਗਿਆਨੋ ਨੂੰ ਕਹਿਣ ਲੱਗੀ:

"ਜੀਤੂ ਦੀ ਤਰ੍ਹਾਂ ਕਾਲੀ ਦਾ ਪੇ ਵੀ ਬਹੁਤ ਛੋਟੀ ਉਮਰ ਵਿੱਚ ਮਰ ਗਿਆ ਸੀ। ਕਾਲੀ ਵਿਚਾਰੇ ਨੂੰ ਤਾਂ ਉਹਦੀ ਸ਼ਕਲ ਵੀ ਯਾਦ ਨਹੀਂ ਹੋਣੀ। ਇਹਦਾ ਪੇ ਬਹੁਤ ਹੌਂਸਲੇ ਵਾਲਾ ਆਦਮੀ ਸੀ। ਪਹਿਲਵਾਨੀ ਕਰਦਾ ਸੀ। ਇੱਜ਼ਤਦਾਰ ਬੰਦਾ ਸੀ। ਚੌਧਰੀ ਵੀ ਘੱਟ ਹੀ ਉਹਦੇ ਮੂੰਹ ਲੱਗਦੇ ਸਨ। ਥਾਣਾ ਤੱਕ ਉਹਦੇ ਕੋਲੋਂ ਡਰਦਾ ਸੀ। ਉਹ ਸ਼ਰੀਫਾਂ ਦਾ ਸ਼ਰੀਫ ਅਤੇ ਬਦਮਾਸ਼ਾਂ ਦਾ ਬਦਮਾਸ਼ ਸੀ। ਕਾਲੀ ਦੀ ਮਾਂ ਵੀ ਉਹਦੇ ਮਰਨ ਤੋਂ ਦੋ ਸਾਲ ਬਾਅਦ ਚੱਲ ਵਸੀ। ਪ੍ਰਤਾਪੀ ਵਿਚਾਰੀ ਨੇ ਚੱਪੇ ਗਿਣ ਗਿਣ ਕੇ ਪਾਲਿਆ। ਬਹੁਤ ਚੰਗਾ ਮੁੰਡਾ। ਜੀਤੂ ਤੋਂ ਤਿੰਨ ਮਹੀਨੇ ਵੱਡਾ। ਬਾਹਰ ਤੋਂ ਤਕੜਾ ਹੋ ਕੇ ਆਇਆ।" ਗਿਆਨੋ ਤਾਈ ਨਿਹਾਲੀ ਦੀਆਂ ਗੱਲਾਂ ਬਹੁਤ ਦਿਲਚਸਪੀ ਨਾਲ ਸੁਣ ਰਹੀ ਸੀ। ਜਦੋਂ ਕਾਲੀ ਵਾਪਸ ਆਇਆ ਤਾਂ ਉਹ ਝੇਂਪ ਕੇ ਵਿਹੜੇ ਵਿੱਚ ਚਲੀ ਗਈ।

ਤਾਈ ਨਿਹਾਲੀ ਦੁੱਧ ਲੈ ਕੇ ਚਾਹ ਬਣਾਉਣ  ਲਈ ਵਿਹੜੇ ਵਿੱਚ ਆ ਗਈ। ਕਾਲੀ ਦਰਵਾਜ਼ੇ ਵਿੱਚ ਖੜ ਗਿਆ ਅਤੇ ਚਾਰੇ ਪਾਸੇ ਚੰਗੀ ਤਰ੍ਹਾਂ ਦੇਖ ਜੀਤੂ ਦੇ ਕੋਲ ਆ ਗਿਆ। ਉਹਨੇ ਜੇਬ ਵਿੱਚੋਂ ਇਕ ਬਹੁਤ ਛੋਟੀ ਜਿਹੀ ਗੰਢ ਕੱਢੀ ਅਤੇ ਉਹਦੇ ਵਿੱਚੋਂ ਛੋਟੀ ਜਿਹੀ ਸ਼ੀਸ਼ੀ ਕੱਢ ਕੇ ਜੀਤੂ ਨੂੰ ਦਿਖਾਉਂਦਾ ਹੋਇਆ ਬੋਲਿਆ:

"ਹੁਣੇ ਤੇਰੇ ਨੱਕ ਵਿੱਚ ਇਹ ਦਵਾਈ ਲਾਉਂਦਾ ਹਾਂ। ਪਹਿਲਾਂ ਤਾਂ ਇਹ ਦਰਦ ਕਰੂ, ਫਿਰ ਇਕਦਮ ਆਰਾਮ ਆ ਜਾਊ।"

ਕਾਲੀ ਨੇ ਕੱਪੜੇ ਦਾ ਇਕ ਟੋਟਾ ਸ਼ੀਸ਼ੀ ਵਿੱਚ ਭਿਉਂ ਕੇ ਕੁਝ ਬੂੰਦਾਂ ਜੀਤੂ ਦੇ ਨੱਕ ਵਿੱਚ ਟਪਕਾ ਦਿੱਤੀਆਂ। ਜੀਤੂ ਦਰਦ ਵਿੱਚ ਕਰਾਹੁਣ ਲੱਗਾ ਅਤੇ ਹੱਥ ਮੂੰਹ 'ਤੇ ਰੱਖ ਲਿਆ।

"ਸਬਰ ਕਰ ਹੁਣੇ ਆਰਾਮ ਆ ਜਾਊ। " ਕਾਲੀ ਨੇ ਉਹਦਾ ਹੱਥ ਮੂੰਹ ਉੱਪਰੋਂ ਪਾਸੇ ਕਰ ਦਿੱਤਾ। ਦੋ-ਚਾਰ ਬੂੰਦਾਂ ਨੱਕ ਤੋਂ ਵਗ ਕੇ ਜੀਤੂ ਦੇ ਉੱਪਰਲੇ ਬੁੱਲ੍ਹ ਤੱਕ ਪਹੁੰਚ ਗਈਆਂ ਅਤੇ ਕੁਝ ਗਲੇ ਵਿੱਚ ਉਤਰ ਗਈਆਂ। ਉਹਨੇ ਉਹਨਾਂ ਨੂੰ ਚੱਟ ਲਿਆ ਅਤੇ ਬੁਰਾ ਜਿਹਾ ਮੂੰਹ ਬਣਾ ਕੇ ਬੋਲਿਆ:

"ਦਾਰੂ (ਸ਼ਰਾਬ) ਆ ਨਾ?" ਅਤੇ ਫਿਰ ਇਕਦਮ ਖੁਸ਼ ਹੋ ਕੇ ਬੋਲਿਆ:

"ਇਹ ਤਾਂ ਠੇਕੇ ਦੀ ਸ਼ਰਾਬ ਲੱਗਦੀ ਆ।"

ਕਾਲੀ ਜੁਆਬ ਵਿੱਚ ਮੁਸਕਰਾ ਪਿਆ ਅਤੇ ਸ਼ੀਸ਼ੀ ਨੂੰ ਕੱਪੜੇ ਵਿੱਚ ਲਪੇਟ ਕੇ ਜੇਬ ਵਿੱਚ ਪਾ ਲਿਆ। ਜੀਤੂ ਉਪਰਲਾ ਬੁੱਲ੍ਹ ਜ਼ਬਾਨ 'ਤੇ ਫੇਰਦਾ ਹੋਇਆ ਬੋਲਿਆ:

"ਇਹ ਤਾਂ ਇਕਦਮ ਠੇਕੇ ਦੀ ਆ। ਦੇਸੀ ਦਾ ਤਾਂ ਸਵਾਦ ਹੀ ਹੋਰ ਹੁੰਦਾ।"

ਕਾਲੀ ਜੁਆਬ ਵਿੱਚ ਫਿਰ ਮੁਸਕਰਾ ਪਿਆ। ਜੀਤੂ ਉੱਠ ਕੇ ਬੈਠਦਾ ਹੋਇਆ ਬੋਲਿਆ:

"ਚਾਹ ਪੀ ਕੇ ਕੀ ਕਰੂੰਗਾ। ਇਹਦੀਆਂ ਦੋ ਘੁੱਟਾਂ ਦੇ ਦੇ। ਦਰਦ ਘੱਟ ਜਾਊਗਾ।" ਉਹਨੇ ਜ਼ੋਰ ਦੇ ਕੇ ਕਿਹਾ।

ਕਾਲੀ ਨੇ ਹੱਸਦਿਆਂ ਉਹਦੇ ਮੂੰਹ ਉੱਤੇ ਹੱਥ ਰੱਖ ਦਿੱਤਾ।

ਤਾਈ ਨਿਹਾਲੀ ਚਾਹ ਲੈ ਕੇ ਆਈ ਤਾਂ ਜੀਤੂ ਨੇ ਬੇਦਿਲੀ ਨਾਲ ਦੋ ਘੁੱਟ ਪੀਤੇ ਅਤੇ ਫਿਰ ਲੰਮਾ ਪੈ ਗਿਆ। ਤਾਈ ਉਹਦਾ ਸਿਰ ਘੁੱਟਣ ਲੱਗੀ। ਉਹਦੇ ਬੁੱਢੇ ਹੱਥਾਂ ਵਿੱਚ ਏਨੀ ਤਾਕਤ ਨਹੀਂ ਸੀ ਕਿ ਜੀਤੂ ਨੂੰ ਆਰਾਮ ਆਉਂਦਾ। ਕਾਲੀ ਨੇ ਤਾਈ ਨੂੰ ਉਠਾ ਦਿੱਤਾ ਅਤੇ ਆਪ ਜੀਤੂ ਦਾ ਸਿਰ ਘੁੱਟਣ ਲੱਗਾ। ਗਿਆਨੋ ਮੰਜੇ ਦੇ ਪੈਂਦੀ ਖੜੀ ਸੀ। ਕਾਲੀ ਕਦੇ ਕਦੇ ਕਨਖੀਆਂ ਰਾਹੀਂ ਉਹਦੇ ਵੱਲ ਦੇਖ ਲੈਂਦਾ। ਥੋੜੀ ਦੇਰ ਬਾਅਦ ਜੀਤੂ ਨੇ ਅੱਖਾਂ ਖੋਲ੍ਹ ਦਿੱਤੀਆਂ ਅਤੇ ਇਕ ਵਾਰ ਫੇਰ ਉਪਰਲੇ ਬੁੱਲ੍ਹ 'ਤੇ ਜ਼ਬਾਨ ਫੇਰਨ ਲੱਗਾ। ਗੁੜ ਦੀ ਮਿਠਾਸ ਦੇ ਸੁਆਦ 'ਤੇ ਉਹਨੇ ਬੁਰਾ ਜਿਹਾ ਮੂੰਹ ਬਣਾਇਆ। ਕਾਲੀ ਨੇ ਜੀਤੂ ਦੇ ਉੱਪਰ ਝੁਕਦਿਆਂ ਹੋਇਆਂ ਦੱਬੀ ਆਵਾਜ਼ ਵਿੱਚ ਪੁੱਛਿਆ:

"ਚੌਧਰੀ ਦੇ ਖੇਤ ਵਿੱਚ ਜਾਨਵਰ ਕੀ ਤੂੰ ਹੱਕੇ ਸੀ?"

"ਨਹੀਂ, ਮੈਂ ਤਾਂ ਉਸ ਵੇਲੇ ਗੜੀ ਦੇ ਭੱਠੇ 'ਤੇ ਸੀ।"

"ਤਾਂ ਫਿਰ ਕਿਹਨੇ ਹੱਕੇ ਸਨ?"

"ਮੈਨੂੰ ਨੀ ਪਤਾ। ਜੀਹਦੀ ਜੀ ਕਰਦਾ ਸਹੁੰ ਖਲਾ ਲੈ।"

ਕਾਲੀ ਦੇ ਇਹਨਾਂ ਸਵਾਲਾਂ ਨਾਲ ਜੀਤੂ ਪਰੇਸ਼ਾਨ ਜਿਹਾ ਹੋ ਗਿਆ।

"ਮੰਗੂ ਨੇ ਤੇਰਾ ਨਾਂ ਕਿਉਂ ਲਿਆ।" ਕਾਲੀ ਨੇ ਪੁੱਛਿਆ।

ਮੰਗੂ ਦਾ ਨਾਂ ਸੁਣ ਕੇ ਗਿਆਨੋ ਚੁਕੰਨੀ ਹੋ ਗਈ ਅਤੇ ਜੀਤੂ ਵੱਲ ਧਿਆਨ ਨਾਲ ਦੇਖਣ ਲੱਗੀ ਕਿ ਉਹ ਕੀ ਜੁਆਬ ਦਿੰਦਾ ਹੈ। ਉਹ ਉੱਠ ਕੇ ਬੈਠਦਾ ਹੋਇਆ ਬੋਲਿਆ:

"ਇਸ ਲਈ ਕਿ ਮੈਂ ਉਹਨੂੰ ਚੰਗਾ ਨਹੀਂ ਲੱਗਦਾ। ਮੈਂ ਉਹਦੀ ਚੌਧਰ ਨਹੀਂ ਮੰਨਦਾ। ਇਸ ਲਈ ਉਹ ਮੇਰੀ ਜਾਨ ਦਾ ਦੁਸ਼ਮਣ ਬਣਿਆ ਹੋਇਆ ਹੈ।"

ਕਾਲੀ ਚੁੱਪ ਹੋ ਗਿਆ। ਜੀਤੂ ਲੰਮਾ ਪੈਂਦਾ ਹੋਇਆ ਬੋਲਿਆ:

"ਤੂੰ ਪਿੰਡ ਵਿੱਚ ਰਹੇਂਗਾ ਤਾਂ ਜਲਦੀ ਹੀ ਮੰਗੂ ਦੇ ਰੰਗ ਢੰਗ ਦੇਖ ਲਏਂਗਾ।"

ਗਿਆਨੋ ਡਰੀਆਂ ਨਜ਼ਰਾਂ ਨਾਲ ਕਾਲੀ ਦੇ ਗੰਭੀਰ ਚਿਹਰੇ ਵੱਲ ਦੇਖਦੀ ਰਹੀ। ਉਹ ਨਹੀਂ ਸੀ ਚਾਹੁੰਦੀ ਕਿ ਕਾਲੀ ਅਤੇ ਮੰਗੂ ਵਿਚਕਾਰ ਕਿਸੇ ਤਰ੍ਹਾਂ ਦੀ ਵੈਰ-ਭਾਵਨਾ ਪੈਦਾ ਹੋਵੇ। ਉਹ ਆਪਣੇ ਮਨ ਨੂੰ ਕਿਸੇ ਹੋਰ ਪਾਸੇ ਲਾਉਣ ਲਈ ਜੀਤੂ ਦੇ ਮੰਜੇ ਹੇਠਾਂ ਪਏ ਖ਼ੂਨ ਨਾਲ ਲਿਬੜੇ ਕੱਪੜਿਆਂ ਦੇ ਟੋਟੇ ਚੁੱਕਣ ਲੱਗੀ।

ਤਾਈ ਨਿਹਾਲੀ ਨੇ ਇਕ-ਦੋ ਵਾਰ ਗਿਆਨੋ ਨੂੰ ਮਨ੍ਹਾਂ ਕੀਤਾ ਪਰ ਜਦੋਂ ਉਹ ਉਹਨਾਂ ਨੂੰ ਸਮੇਟ ਕੇ ਉੱਥੇ ਝਾੜੂ ਲਾਉਣ ਲੱਗੀ ਤਾਂ ਤਾਈ ਖੁਸ਼ ਹੋ ਕੇ ਬੋਲੀ:

"ਪੁੱਤ ਰੱਬ ਤੈਨੂੰ ਭਾਗ ਲਾਵੇ। ਤੈਨੂੰ ਰਾਜਾ ਘਰ ਮਿਲੇ..." ਤਾਈ ਉਹਨੂੰ ਅਸੀਸ ਦੇ ਰਹੀ ਸੀ ਕਿ ਦਰਵਾਜ਼ੇ 'ਤੇ ਜ਼ੋਰ ਦੀ ਠੋਕਰ ਪਈ ਅਤੇ ਮੰਗੂ ਬਦਮਸਤ ਸਾਨ੍ਹ ਦੀ ਤਰ੍ਹਾਂ ਅੰਦਰ ਵੜ ਕੇ ਜੀਤੂ ਦੇ ਮੰਜੇ ਦੇ ਕੋਲ ਆ ਖੜਾ ਹੋਇਆ। ਗਿਆਨੋ ਨੇ ਝਾੜੂ ਉੱਥੇ ਹੀ ਸੁੱਟ ਦਿੱਤਾ ਅਤੇ ਘਬਰਾਈ ਹੋਈ ਦਰਵਾਜ਼ੇ ਵੱਲ ਵਧਣ ਲੱਗੀ। ਜੀਤੂ ਬੇਚੈਨੀ ਵਿੱਚ ਮੰਜੇ 'ਤੇ ਪਾਸੇ ਬਦਲਣ ਲੱਗਾ।

ਮੰਗੂ ਗਿਆਨੋ ਨੂੰ ਦੇਖ ਕੇ ਉੱਚੀ ਅਵਾਜ਼ ਵਿੱਚ ਬੋਲਿਆ:

"ਤੂੰ ਇੱਥੇ ਕੀ ਕਰ ਰਹੀ ਏਂ। ਘਰ ਚੱਲ ਤੇਰੇ ਟੁੱਕੜੇ ਕਰ ਜ਼ਮੀਨ ਵਿੱਚ ਗੱਡ ਦਊਂਗਾ।" ਗਿਆਨੋ ਡਰ ਕੇ ਕੰਧ ਨਾਲ ਲੱਗ ਗਈ ਅਤੇ ਉਹਦੇ ਨਾਲ ਨਾਲ ਘਿਸਰਦੀ ਹੋਈ ਦਰਵਾਜ਼ੇ ਵੱਲ ਵਧਣ ਲੱਗੀ। ਉਹ ਨਹੀਂ ਸੀ ਚਾਹੁੰਦੀ ਕਿ ਕਾਲੀ ਅੱਗੇ ਮੰਗੂ ਉਹਦੀ ਬੇਇਜ਼ਤੀ ਕਰੇ। ਉਹ ਮੰਗੂ ਦੇ ਬਰਾਬਰ ਪਹੁੰਚੀ ਤਾਂ ਉਹਨੇ ਲਾਠੀ ਦਾ ਸਿਰਾ ਉਹਦੇ ਢਿੱਡ ਵਿੱਚ ਚੋਭ ਦਿੱਤਾ। ਗਿਆਨੋ ਚੀਖਦੀ ਹੋਈ ਬਾਹਰ ਦੌੜ ਗਈ। ਕਾਲੀ ਨੂੰ ਮੰਗੂ ਦੀ ਇਸ ਹਰਕਤ 'ਤੇ ਬਹੁਤ ਗੁੱਸਾ ਆਇਆ। ਤਾਈ ਨਿਹਾਲੀ ਮੰਗੂ ਨੂੰ ਝਿੜਕਦੀ ਹੋਈ ਬੋਲੀ:

"ਕਿਸ ਤਰ੍ਹਾਂ ਦਾ ਨਿਰਦਈ ਆਂ, ਕਸਾਈ ਦੀ ਤਰ੍ਹਾਂ ਕੁੱਟਦਾਂ। ਵਿਚਾਰੀ ਜੀਤੂ ਦਾ ਹਾਲ ਪੁੱਛਣ ਆਈ ਸੀ।" ਫਿਰ ਉਹ ਉਸ ਨੂੰ ਸਮਝਾਉਂਦੀ ਹੋਈ ਬੋਲੀ:

"ਮੰਗੂ ਪੁੱਤ, ਦੇਖ, ਬਰਾਬਰ ਦੀ ਭੈਣ 'ਤੇ ਹੱਥ ਨਹੀਂ ਚੁੱਕਣਾ ਚਾਹੀਦਾ।" ਤਾਈ ਨਿਹਾਲੀ ਅਜੇ ਆਪਣੀ ਗੱਲ ਪੂਰੀ ਵੀ ਨਹੀਂ ਕਰ ਸਕੀ ਸੀ ਕਿ ਉਹ ਵਿੱਚ ਹੀ ਬੋਲ ਪਿਆ:

"ਚੁੱਪ ਰਹਿ ਮਾਈ, ਜ਼ਿਆਦਾ ਗੱਲਾਂ ਨਾ ਬਣਾਇਆ ਕਰ।" ਅਤੇ ਉਹ ਲਾਠੀ ਦੇ ਆਸਰੇ ਜੀਤੂ ਦੇ ਮੰਜੇ 'ਤੇ ਝੁਕਦਾ ਹੋਇਆ ਬੋਲਿਆ:

"ਜੀਤੂ ਕਿਉਂ ਮਕਰ ਕਰ ਰਿਹੈਂ, ਅਜੇ ਤਾਂ ਕੁਝ ਵੀ ਕੁੱਟ ਨਹੀਂ ਪਈ। ਅਜੇ ਤਾਂ ਥਾਣੇ ਵਾਲੇ ਤੇਰੀ ਹੱਡੀਆਂ ਦਾ ਸੁਰਮਾ ਬਣਾਉਣਗੇ।" ਫਿਰ ਉਹਨੇ ਤਾਈ ਨਿਹਾਲੀ ਨੂੰ ਕਿਹਾ:

"ਮਾਈ, ਤੂੰ ਇਹਨੂੰ ਸਿਰ 'ਤੇ ਚੜ੍ਹਾ ਰੱਖਿਆ। ਉਠਾ ਇਹਨੂੰ, ਐਵੇਂ ਮੰਜਾ ਤੋੜ ਰਿਹਾ। ਜੇ ਗੱਲ ਥਾਣੇ ਪਹੁੰਚ ਗਈ ਤਾਂ ਉਹ ਕੁੱਟ ਕੁੱਟ ਕੇ ਇਹਨੂੰ ਦਿਨ ਵਿੱਚ ਤਾਰੇ ਅਤੇ ਰਾਤ ਨੂੰ ਸੂਰਜ ਦਿਖਾ ਦੇਣਗੇ।... ਚੌਧਰੀ ਦੇ ਖੇਤ ਦੁਆਲੇ ਵਾੜ ਲਾ ਰਹੇ ਆ, ਇਹਨੂੰ ਕਹਿ ਉੱਥੇ ਚਲਾ ਜਾਵੇ। ਚੌਧਰੀ ਖੁਸ਼ ਹੋ ਜਾਊਗਾ।"

ਮੰਗੂ ਨੇ ਅਜੇ ਤੱਕ ਕਾਲੀ ਨਾਲ ਕੋਈ ਗੱਲ ਨਹੀਂ ਕੀਤੀ ਸੀ। ਉਹ ਉਹਨੂੰ ਧਿਆਨ ਨਾਲ ਦੇਖਦਾ ਹੋਇਆ ਬੋਲਿਆ:

"ਸੁਣਾ ਕਾਲੀ, ਤੈਨੂੰ ਤਾਂ ਸ਼ਹਿਰ ਦਾ ਖਾਣਾ ਘੇ ਦੀ ਤਰ੍ਹਾਂ ਲੱਗਿਆ। ਮਰਿਅਲ ਵੱਛੇ ਵਰਗਾ ਗਿਆ ਸੀ ਅਤੇ ਸਾਨ੍ਹ ਦੀ ਤਰ੍ਹਾਂ ਪਲਕੇ ਆਇਆਂ। ... ਖੈਰ ਪਿੰਡ 'ਚ ਰਿਹਾ ਤਾਂ ਦੋ ਮਹੀਨਿਆਂ ਵਿੱਚ ਸਾਰੀ ਚਰਬੀ ਢਲ ਜਾਊਗੀ। ਇਥੇ ਕਿਸੇ ਨੂੰ ਹਰਾਮ ਦੀ ਰੋਟੀ ਨਹੀਂ ਮਿਲਦੀ।"

"ਜੇ ਇਥੇ ਸਾਰੇ ਹਲਾਲ ਦੀ ਰੋਟੀ ਖਾਂਦੇ ਆ ਤਾਂ ਮੈਂ ਵੀ ਉਹ ਹੀ ਖਾਊਂਗਾ।" ਕਾਲੀ ਨੇ ਏਨਾ ਕਿਹਾ ਅਤੇ ਚੁੱਪਚਾਪ ਬੈਠਾ ਰਿਹਾ।

ਮੰਗੂ ਥੋੜ੍ਹੀ ਦੇਰ ਤੱਕ ਖਾਮੋਸ਼ੀ ਨਾਲ ਕਮਰੇ ਵਿੱਚ ਏਧਰ-ਉਧਰ ਦੇਖਦਾ ਰਿਹਾ। ਜਦੋਂ ਉਹਦੀ ਨਜ਼ਰ ਚਾਹ ਦੇ ਖਾਲੀ ਗਿਲਾਸ 'ਤੇ ਪਈ ਤਾਂ ਉਹ ਜੀਤੂ ਵਲ ਇਵੇਂ ਦੇਖਣ ਲੱਗਾ, ਜਿਵੇਂ ਉਸ ਦਾ ਘੋਰ ਪਾਪ ਫੜ ਲਿਆ ਹੋਵੇ। ਉਹ ਅੱਖਾਂ ਨਚਾਉਂਦਾ ਹੋਇਆ ਧਮਕੀ ਭਰੇ ਲਹਿਜੇ ਵਿੱਚ ਬੋਲਿਆ:

"ਐਸ਼ ਕਰ ਰਿਹਾਂ ਅੱਜਕਲ੍ਹੁ, ਚਾਹ ਪੀਂਦਾ। ਦੁੱਧ ਉਹ ਰੰਡੀ ਦੇ ਗਈ ਹੋਣੀ ਆਂ। ਮੈਂ ਵੀ ਸੋਚਦਾ ਸੀ ਕਿ ਮੰਹਿ ਦੋ ਵੱਟੀਆਂ ਦੁੱਧ ਦਿੰਦੀ ਆ, ਪਰ ਕਾੜ੍ਹਨਾ ਫਿਰ ਵੀ ਖਾਲੀ ਹੀ ਰਹਿੰਦਾ। ਹੁਣੇਂ ਜਾ ਕੇ ਹੀ ਉਹਦੀ ਖਬਰ ਲੈਂਦਾਂ।" ਮੰਗੂ ਨੇ ਘੂਰ ਕੇ ਸਾਰਿਆਂ ਵੱਲ ਦੇਖਿਆ ਅਤੇ ਲਾਠੀ ਪਟਕਾਉਂਦਾ ਹੋਇਆ ਬਾਹਰ ਨਿਕਲ ਗਿਆ।

ਉਹਦੇ ਜਾਣ ਤੋਂ ਬਾਅਦ ਕੁਝ ਸਮਾਂ ਸਾਰੇ ਜਣੇ ਚੁੱਪ ਬੈਠੇ ਰਹੇ। ਕਾਲੀ ਨੇ ਜੀਤੂ ਵੱਲ ਦੇਖਿਆ ਅਤੇ ਸੋਚ ਵਿੱਚ ਡੁੱਬਿਆ ਹੋਇਆ ਬੋਲਾ:

"ਮੰਗੂ ਤਾਂ ਬਹੁਤ ਅੱਗੇ ਨਿਕਲ ਚੁੱਕਿਆ।"

ਜੀਤੂ ਨੇ ਬਹੁਤ ਕਮਜ਼ੋਰ ਅਵਾਜ਼ ਵਿੱਚ ਜੁਆਬ ਦਿੱਤਾ:

"ਆਪ ਸਾਰਾ ਦਿਨ ਚੌਧਰੀ ਦੀ ਦਹਿਲੀਜ ਚੱਟਦਾ ਰਹਿੰਦਾ ਅਤੇ ਇਥੇ ਸਾਰਿਆਂ 'ਤੇ ਰੋਬ ਪਾਉਂਦਾ ਆ। ਸਾਰੇ ਮੁਹੱਲੇ ਨੂੰ ਗਾਲ੍ਹਾਂ ਕੱਢਦਾ। ਨ ਬੜੇ ਦੀ ਸ਼ਰਮ, ਨ ਛੋਟੇ ਦਾ ਲਿਹਾਜ਼। ਪ੍ਰੀਤੋ ਦੀ ਲੱਛੋ ਨੂੰ ਦਿਨ ਦਿਹਾੜੇ ਗਲੀ ਵਿੱਚ ਘੇਰ ਲੈਂਦਾ।"

ਇਹ ਸੁਣ ਕੇ ਤਾਈ ਨਿਹਾਲੀ ਜੀਤੂ ਦੇ ਸਾਹਮਣੇ ਹੱਥ ਜੋੜਦੀ ਹੋਈ ਬੋਲੀ:

"ਪੁੱਤਰਾ, ਤੂੰ ਚੁੱਪ ਰਹਿ। ਮੰਗੂ ਜਾਣੇ, ਲੱਛੋ ਦੇ ਮਾਪੇ ਜਾਣਨ।... ਤੈਂ ਕੀ ਲੈਣਾ... ਤੇਰੇ ਨੱਕ ਵਿੱਚੋਂ ਤਾਂ ਅਜੇ ਤੱਕ ਸਵੇਰ ਦੀ ਕੁੱਟ ਕਾਰਨ ਖੂਨ ਵਗ ਰਿਹਾ।"

ਕੁਛ ਸਮੇਂ ਬਾਅਦ ਕਾਲੀ ਉੱਠ ਕੇ ਗਲੀ ਵਿੱਚ ਆ ਗਿਆ। ਜਦੋਂ ਉਹ ਮੰਗੂ ਦੇ ਘਰ ਸਾਹਮਣੇ ਪਹੁੰਚਿਆ ਤਾਂ ਅੰਦਰੋਂ ਗਿਆਨੋ ਦੀਆਂ ਚੀਕਾਂ ਅਤੇ ਮੰਗੂ ਦੀਆਂ ਗਾਲ੍ਹਾਂ ਦੀਆਂ ਮਿਲੀਆਂ-ਜੁਲੀਆਂ ਅਵਾਜ਼ਾਂ ਆ ਰਹੀਆਂ ਸਨ। ਕਾਲੀ ਕੁਝ ਪਲਾਂ ਲਈ ਦਰਵਾਜ਼ੇ ਦੇ ਸਾਹਮਣੇ ਰੁੱਕ ਗਿਆ ਪਰ ਚੀਕਾਂ ਅਤੇ ਗਾਲ੍ਹਾਂ ਸੁਣ ਕੇ ਉਹਦਾ ਮਨ ਕੰਬਣ ਲੱਗਾ ਅਤੇ ਉਹ ਉਹਨਾਂ ਤੋਂ ਪਿੱਛਾ ਛੁਡਵਾਉਣ ਲਈ ਤੇਜ਼-ਤੇਜ਼ ਕਦਮ ਚੁੱਕਦਾ ਹੋਇਆ ਆਪਣੇ ਘਰ ਆ ਗਿਆ।

**5**

ਕਾਲੀ ਜਦੋਂ ਵੀ ਕੋਠੜੀ ਵਿੱਚ ਲੰਮਾ ਪੈਂਦਾ ਤਾਂ ਉਹਨੂੰ ਇਹ ਹੀ ਡਰ ਲੱਗਾ ਰਹਿੰਦਾ ਕਿ ਛੱਤ ਉਸ ਦੇ ਉੱਪਰ ਆ ਡਿਗੂਗੀ। ਕੰਧਾਂ ਉਹਨੂੰ ਆਪਣੇ ਮਲਬੇ ਦੇ ਹੇਠਾਂ ਦੱਬ ਲੈਣਗੀਆਂ। ਛੱਤ ਥਾਂ ਥਾਂ ਹੇਠਾਂ ਵੱਲ ਝੁਕੀ ਹੋਈ ਸੀ ਅਤੇ ਮੈਲ਼ੇ-ਮੈਲ਼ੇ ਜਾਲੇ ਲਟਕ ਰਹੇ ਸਨ। ਸਰਕੰਡਿਆਂ ਤੋਂ ਮਿੱਟੀ ਡਿਗਦੀ ਰਹਿੰਦੀ ਸੀ। ਸ਼ਤੀਰਾਂ ਨੂੰ ਘੁਣ ਨੇ ਖਾ ਲਿਆ ਸੀ ਅਤੇ ਸਰਕੰਡਿਆਂ ਤੋਂ ਉੱਪਰ ਮਿੱਟੀ ਨੂੰ ਚੂਹਿਆਂ ਨੇ ਖੋਖਲਾ ਕਰ ਕੇ ਆਪਣੇ ਘਰ ਬਣਾ ਲਏ ਸਨ। ਛੱਤ ਨੂੰ ਖੜਾ ਰੱਖਣ ਲਈ ਕਈ ਥੰਮੀਆਂ ਦਾ ਸਹਾਰਾ ਦਿੱਤਾ ਹੋਇਆ ਸੀ। ਫਰਸ਼ ਸਿੱਲ੍ਹਾ ਸੀ ਅਤੇ ਕੋਠੜੀ ਵਿੱਚ ਹਰ ਵੇਲੇ ਅੰਨੀ ਅੱਖ ਵਰਗਾ ਹਨ੍ਹੇਰਾ ਛਾਇਆ ਰਹਿੰਦਾ ਸੀ। ਕੰਧਾਂ ਕੁੱਬੀਆਂ ਹੋ ਗਈਆਂ ਸਨ ਅਤੇ ਕਿਸੇ ਵੀ ਵਕਤ ਛੱਤ ਸਮੇਤ ਧੜੱਮ ਹੇਠਾਂ ਡਿਗ ਸਕਦੀਆਂ ਸਨ।

ਕਾਲੀ ਨੇ ਕੋਠੇ ਦੇ ਅੰਦਰ ਧਿਆਨ ਨਾਲ ਚਾਰੇ ਪਾਸੇ ਦੇਖਿਆ ਅਤੇ ਫਿਰ ਉੱਠ ਕੇ ਛੱਤ ’ਤੇ ਚਲਾ ਗਿਆ। ਛੱਤ ਵੀ ਬੋਦੀ ਹੋ ਚੁੱਕੀ ਸੀ ਅਤੇ ਲੇਪ ਨਾ ਹੋਣ ਕਾਰਨ ਉਸ ਉੱਪਰ ਰੇਤ ਜਿਹੀ ਵਿਛੀ ਹੋਈ ਸੀ। ਉਹ ਪੌੜੀ ਦੇ ਅਖੀਰਲੇ ਡੰਡੇ ’ਤੇ ਖੜਾ ਚੌਧਰੀਆਂ ਅਤੇ ਮਹਾਜਨਾਂ ਦੇ ਮਕਾਨਾਂ ਅਤੇ ਪੱਕੇ ਚੁਬਾਰਿਆਂ ਨੂੰ ਦੇਖਣ ਲੱਗਾ। ਚਮ੍ਹਾਰਲੀ ਦੇ ਕੱਚੇ ਕੋਠਿਆਂ ਦੇ ਮੁਕਾਬਲੇ ਉਹ ਚੁਬਾਰੇ ਅਤੇ ਪੱਕੇ ਮਕਾਨ ਬਹੁਤ ਹੀ ਚੰਗੇ ਲੱਗ ਰਹੇ ਸਨ। ਉਹ ਬਹੁਤ ਦੇਰ ਤੱਕ ਉਹਨਾਂ ਵੱਲ ਦੇਖਦਾ ਰਿਹਾ ਅਤੇ ਸੋਚਣ ਲੱਗਾ ਕਿ ਉਹ ਵੀ ਆਪਣੇ ਕੋਠੇ ਨੂੰ ਢਾਹ ਕੇ ਪੱਕਾ ਮਕਾਨ ਬਣਾਊਗਾ। ਉਸ ਉੱਪਰ ਇਕ ਚੁਬਾਰਾ ਵੀ ਪਾਊਗਾ। ਇਹ ਖਿਆਲ ਉਸ ਦੇ ਦਿਮਾਗ ਵਿੱਚ ਏਨੀ ਛੇਤੀਂ ਮਜ਼ਬੂਤ ਹੋ ਗਿਆ ਕਿ ਉਹ ਇਸ ਨੂੰ ਜਲਦੀ ਤੋਂ ਜਲਦੀ ਪੂਰਾ ਹੋਇਆ ਦੇਖਣ ਲਈ ਬੇਕਰਾਰ ਹੋ ਗਿਆ। ਉਹਨੇ ਦਿਮਾਗ ਵਿੱਚ ਮਕਾਨ ਦਾ ਨਕਸ਼ਾ ਵੀ ਬਣਾ ਲਿਆ ਅਤੇ ਹੇਠਾਂ ਉਤਰਦਾ ਹੋਇਆ ਚਾਚੀ ਨੂੰ ਬਹੁਤ ਉੱਚੀ ਅਵਾਜ਼ ਵਿੱਚ ਅਵਾਜ਼ਾਂ ਦੇਣ ਲੱਗਾ। ਜਦੋਂ ਚਾਚੀ ਨੇ ਕੋਈ ਜੁਆਬ ਨਾ ਦਿੱਤਾ ਤਾਂ ਉਹ ਅਵਾਜ਼ਾਂ ਮਾਰਦਾ ਗਲੀ ਵਿੱਚ ਆ ਗਿਆ ਅਤੇ ਪ੍ਰੀਤੋ ਦੇ ਘਰੋਂ ਚਾਚੀ ਨੂੰ ਸੱਦ ਕੇ ਅੰਦਰ ਲੈ ਆਇਆ। ਕਾਲੀ ਚਾਚੀ ਨੂੰ ਮੰਜੇ ’ਤੇ ਬਿਠਾ ਖੁਦ ਉਸ ਦੇ ਪੈਰਾਂ ਵਿੱਚ ਬੈਠਦਾ ਹੋਇਆ ਬੋਲਿਆ:

“ਚਾਚੀ, ਮੈਂ ਇਕ ਗੱਲ ਸੋਚੀ ਆ।”

“ਕੀ?” ਚਾਚੀ ਨੇ ਇਸ ਖਿਆਲ ਨਾਲ ਖੁਸ਼ ਹੋ ਕੇ ਕਿਹਾ ਕਿ ਸ਼ਾਇਦ ਕਾਲੀ ਆਪਣੇ ਵਿਆਹ ਬਾਰੇ ਗੱਲ ਕਰਨੀ ਚਾਹੁੰਦਾ।

“ਚਾਚੀ, ਮੈਂ ਸੋਚ ਰਿਹਾਂ ਕਿ ਕੋਠੇ ਨੂੰ ਢਾਹ ਕੇ ਪੱਕਾ ਮਕਾਨ ਬਣਾ ਲਵਾਂ। ਇਹ ਮਕਾਨ ਆਪਣੀ ਉਮਰ ਬਿਤਾ ਚੁੱਕਿਆ।” ਕਾਲੀ ਨੇ ਟੁੱਟੇ ਹੋਏ ਦਰਵਾਜ਼ਿਆਂ, ਬੋਦੀਆਂ ਕੰਧਾਂ ਅਤੇ ਝੁਕੀ ਹੋਈ ਛੱਤ ਵੱਲ ਇਸ਼ਾਰਾ ਕਰਦਿਆਂ ਹੋਇਆਂ ਕਿਹਾ।

ਉਹਦੀ ਆਵਾਜ਼ ਸੁਣ ਕੇ ਚਾਚੀ ਨੇ ਹੱਥ ਵਿੱਚੋਂ ਅਟੇਰਨ ਰੱਖ ਦਿੱਤਾ ਅਤੇ ਅੱਖਾਂ ’ਚੋਂ ਪਾਣੀ ਪੂੰਝਦੀ ਹੋਈ ਬੋਲੀ:

“ਪੁੱਤ ਤੇਰਾ ਬਾਪ ਦਾਦੇ ਇਸ ਹੀ ਮਕਾਨ ਵਿੱਚ ਰਹੇ। ਇੱਥੇ ਹੀ ਪੈਦਾ ਹੋਏ ਅਤੇ ਉਹਨਾਂ ਇੱਥੇ ਹੀ ਆਪਣੇ ਸਵਾਸ ਪੂਰੇ ਕੀਤੇ। ਉਹਨਾਂ ਦੇ ਸਮਿਆਂ ਵਿੱਚ ਵੀ ਕੁਝ ਨਾ ਕੁਝ ਟੁੱਟਦਾ ਰਹਿੰਦਾ ਸੀ। ਕੰਧ ਡਿਗੀ ਤਾਂ ਨਵੀਂ ਬਣਾ ਦਿੱਤੀ। ਸ਼ਤੀਰ ਟੁੱਟਿਆ ਤਾਂ ਉਹਨੂੰ ਥੰਮੀ ਦਾ ਸਹਾਰਾ ਦੇ ਦਿੱਤਾ। ਛੱਤ ਤੋਂ ਮਿੱਟੀ ਡਿਗਣ ਲੱਗੀ ਤਾਂ ਸਰਕੰਡੇ ਬਦਲ ਦਿੱਤੇ ਅਤੇ ਪਾਣੀ ਚੋਣ ਲੱਗਾ ਤਾਂ ਉੱਪਰ ਮਿੱਟੀ ਪਾ ਦਿੱਤੀ।... ਇਹ ਦਰਵਾਜ਼ਾ ਵੀ ਤੇਰੇ ਚਾਚੇ ਨੇ ਲਾਇਆ ਸੀ ਨਹੀਂ ਪਹਿਲਾਂ ਤਾਂ ਸਰਕੰਡਿਆਂ ਦੀ ਖਿੜਕੀ ਹੀ ਹੁੰਦੀ ਸੀ... ਤੂੰ ਚਾਰ ਪੈਸੇ ਕਮਾ ਕੇ ਲਿਆਇਆਂ ਤਾਂ ਉਹਨਾਂ ਨੂੰ ਸੰਭਾਲ ਕੇ ਰੱਖ... ਕੱਲ੍ਹ ਨੂੰ ਤੇਰੇ ਵਿਆਹ ਹੋਊਗਾ ਤਾਂ ਕੰਮ ਆਉਣਗੇ। ਤੂੰ ਮੈਨੂੰ ਛੱਪੜ ਤੋਂ ਮਿੱਟੀ ਲਿਆ ਦੇ ਮੈਂ ਸਾਰੇ ਮਕਾਨ ਨੂੰ ਲੇਪ ਕਰ ਦਊਂਗੀ।”

"ਨਹੀਂ ਚਾਚੀ ਮੈਂ ਨਵਾਂ ਮਕਾਨ ਬਣਾਊਂਗਾ। ਪੈਸੇ ਖਰਚ ਹੋ ਗਏ ਤਾਂ ਕੀ ਹੋਇਆ, ਹੋਰ ਕਮਾ ਲਊਂਗਾ।" ਕਾਲੀ ਚਾਚੀ ਦੇ ਗੋਡੇ ਫੜ ਕੇ ਬੋਲਿਆ, "ਚਾਚੀ, ਜਦੋਂ ਤੂੰ ਐਨਕ ਲਾ ਕੇ ਪੱਕੇ ਵਿਹੜੇ 'ਚ ਚਰਖਾ ਕੱਤੂੰਗੀ, ਤਾਂ ਚੌਧਰਾਣੀਆਂ ਵੀ ਤੇਰੇ ਨਾਲ ਈਰਖਾ ਕਰਨਗੀਆਂ।"

ਕਾਲੀ ਦੀਆਂ ਗੱਲਾਂ 'ਤੇ ਚਾਚੀ ਖੁਸ਼ ਸੀ ਅਤੇ ਨਾਲ ਹੀ ਹੈਰਾਨ ਵੀ। ਉਹ ਸੋਚ ਰਹੀ ਸੀ ਕਿ ਅੱਜ ਇਸ ਛੋਕਰੇ ਨੂੰ ਕੀ ਹੋ ਗਿਆ। ਇਹ ਅਣਹੋਣੀਆਂ ਗੱਲਾਂ ਕਿਉਂ ਕਰਨ ਲੱਗਿਆ। ਭਲਾ ਅੱਜ ਤੱਕ ਇਸ ਮੁਹੱਲੇ ਵਿੱਚ ਕਿਸੇ ਨੇ ਮਕਾਨ ਨੂੰ ਪੱਕੀਆਂ ਇੱਟਾਂ ਲਾਈਆਂ। ਚਾਚੀ ਨੇ ਮਨ-ਹੀ-ਮਨ ਵਿੱਚ ਮੰਨਤ ਮੰਗੀ ਕਿ ਕਾਲੀ ਏਦਾਂ ਦੀਆਂ ਗੱਲਾਂ ਕਰਨੀਆਂ ਛੱਡ ਦੇਵੇ। ਜਦੋਂ ਕਾਲੀ ਨੇ ਚਾਚੀ ਦੀ ਇਜਾਜ਼ਤ ਲਈ ਜ਼ੋਰ ਪਾਇਆ ਤਾਂ ਉਹ ਅਟੇਰਨ ਚੁੱਕਦੀ ਹੋਈ ਬੋਲੀ:

"ਕਾਕਾ, ਮੈਂ ਕੀ ਦੱਸਾਂ। ਤੂੰ ਜੋ ਠੀਕ ਸਮਝਦਾਂ ਉਹ ਕਰ। ਤੇਰੀ ਅਕਲ ਮੇਰੀ ਅਕਲ ਤੋਂ ਵੱਡੀ ਆ।"

ਕਾਲੀ ਨੇ ਚਾਚੀ ਨੂੰ ਬਾਹਾਂ ਵਿੱਚ ਚੁੱਕ ਲਿਆ ਅਤੇ ਉਹਨੂੰ ਦੋ ਤਿੰਨ ਘੁੰਮਾਟਣੀਆਂ ਦੇ ਦਿੱਤੀਆਂ। ਚਾਚੀ ਕਰਾਹੁੰਦੀ ਹੋਈ ਬੋਲੀ:

"ਹਟ ਕਾਕਾ, ਮੇਰੀ ਤਾਂ ਜਾਨ ਨਿਕਲ ਗਈ। ਜੋੜ-ਜੋੜ ਹਿੱਲ ਗਿਆ। ਮੇਰੇ ਸਰੀਰ ਵਿੱਚ ਹੁਣ ਤਾਕਤ ਨਹੀਂ ਰਹੀ।"

ਕਾਲੀ ਨੇ ਚਾਚੀ ਨੂੰ ਮੰਜੇ 'ਤੇ ਬਿਠਾ ਦਿੱਤਾ ਅਤੇ ਆਪ ਜੁੱਤੀ ਪਾ ਕੇ ਝੂਮਦਾ ਹੋਇਆ ਦੁਕਾਨਾਂ ਵੱਲ ਚਲਾ ਗਿਆ ਤਾਂ ਕਿ ਮਕਾਨ ਬਾਰੇ ਛੱਜੂ ਸ਼ਾਹ ਨਾਲ ਸਲਾਹ ਕਰ ਸਕੇ। ਨਵੇਂ ਮਕਾਨ ਦਾ ਨਕਸ਼ਾ ਉਹਦੇ ਦਿਮਾਗ ਵਿੱਚ ਵੱਖ ਵੱਖ ਸ਼ਕਲਾਂ ਵਿੱਚ ਉੱਭਰ ਰਿਹਾ ਸੀ ਅਤੇ ਉਹ ਮਹਾਜਨਾਂ ਦੀ ਗਲੀ ਵਿੱਚ ਜਾਂਦਾ ਹੋਇਆ ਹਰੇਕ ਮਕਾਨ ਨੂੰ ਧਿਆਨ ਨਾਲ ਦੇਖ ਰਿਹਾ ਸੀ।

ਕਾਲੀ ਛੱਜੂ ਸ਼ਾਹ ਦੀ ਦੁਕਾਨ 'ਤੇ ਪਹੁੰਚਿਆ ਤਾਂ ਉੱਥੇ ਕਾਫੀ ਭੀੜ ਸੀ। ਸ਼ਾਹ ਸੌਦਾ ਦੇਣ ਵਿੱਚ ਰੁਝਿਆ ਹੋਇਆ ਸੀ। ਉਹ ਦਰਵਾਜ਼ੇ ਦੇ ਨਾਲ ਖੜਾ ਹੋ ਗਿਆ ਤਾਂ ਕਿ ਛੱਜੂ ਸ਼ਾਹ ਦੀ ਨਿਗ੍ਹਾ ਉਸ ਤੱਕ ਪਹੁੰਚੇ ਤਾਂ ਉਹ ਉਹਨੂੰ ਬੰਦਗੀ ਕਰੇ। ਕਾਲੀ ਉਹਨੂੰ ਕੰਮ ਕਰਦੇ ਨੂੰ ਦਿਲਚਸਪੀ ਨਾਲ ਦੇਖਣ ਲੱਗਾ। ਦੁਕਾਨ 'ਤੇ ਗਾਹਕਾਂ ਦੀ ਭੀੜ ਵੱਧ ਰਹੀ ਸੀ। ਪਰ ਛੱਜੂ ਸ਼ਾਹ ਦੀ ਹਰ ਇਕ 'ਤੇ ਨਿਗ੍ਹਾ ਸੀ। ਕੀ ਮਜਾਲ ਆ ਕੋਈ ਸੌਦਾ ਲਏ ਬਿਨਾਂ ਵਾਪਸ ਚਲਾ ਜਾਵੇ। ਛੱਜੂ ਸ਼ਾਹ ਨੂੰ ਬਹੁਤ ਜ਼ਿਆਦ ਰੁਝਿਆ ਦੇਖ ਕੇ ਕਾਲੀ ਨਿਰਾਸ਼ ਹੋ ਗਿਆ ਅਤੇ ਵਾਪਸ ਜਾਣ ਲਈ ਦਰਵਾਜ਼ੇ ਤੋਂ ਹੱਟ ਗਿਆ। ਛੱਜੂ ਸ਼ਾਹ ਦੀ ਨਿਗ੍ਹਾ ਉਹਦੇ ਵੱਲ ਵੀ ਸੀ। ਉਹ ਝੱਟ ਬੋਲ ਪਿਆ:

"ਕਿੱਥੇ ਚੱਲਿਆਂ ਬਾਬੂ ਕਾਲੀ ਦਾਸ, ਬੋਰੀ 'ਤੇ ਬੈਠੋ, ਮੈਂ ਸਾਰਿਆਂ ਨੂੰ ਸੌਦਾ ਤੋਲ ਦੇਵਾਂ, ਫਿਰ ਬੈਠ ਕੇ ਆਰਾਮ ਨਾਲ ਗੱਲਾਂ ਕਰਾਂਗੇ।"

ਕਾਲੀ ਥੜੇ 'ਤੇ ਇਕ ਪਾਸੇ ਵਿਛੀ ਹੋਈ ਪਾਟੀ-ਜਿਹੀ ਬੋਰੀ 'ਤੇ ਬੈਠ ਗਿਆ। ਥੜੇ ਦੇ ਦੂਜੇ ਪਾਸੇ ਵੜੇਵਿਆਂ ਅਤੇ ਖਲ ਦੀਆਂ ਖੁੱਲ੍ਹੀਆਂ ਬੋਰੀਆਂ ਪਈਆਂ ਸਨ ਅਤੇ ਨਾਲ ਵੱਡੀ ਤੱਕੜੀ ਅਤੇ ਵੱਟੇ ਪਏ ਸਨ। ਥੜੇ ਦੇ ਪਿਛਲੇ ਪਾਸੇ ਦਾਲਾਨ ਸੀ ਜਿਹਦੇ ਇਕ ਕੋਨੇ ਵਿੱਚ ਬਜਾਜੀ ਦੀ ਅਲਮਾਰੀ ਸੀ। ਉਸ ਦੇ ਸਾਹਮਣੇ ਇਕ ਬਹੁਤ ਮੈਲ਼ੀ ਚਾਦਰ ਵਿਛੀ ਹੋਈ ਸੀ। ਅਲਮਾਰੀ ਦੇ ਨਾਲ ਲੱਕੜੀ ਦੀ ਸੰਦੂਕੜੀ ਅਤੇ ਉਹਦੇ ਨਾਲ ਲੋਹੇ ਦਾ ਗੱਜ ਪਿਆ ਸੀ। ਦੂਸਰੇ ਖੂੰਜੇ ਵਿੱਚ ਕਈ ਛੋਟੀਆਂ-ਵੱਡੀਆਂ ਬੋਰੀਆਂ ਸਨ। ਉਹਨਾਂ ਦੇ ਪਿੱਛੇ ਟੀਨ ਦੇ ਛੋਟੇ-ਵੱਡੇ ਡੱਬਿਆਂ ਦੀ ਲੱਕ ਤੱਕ ਉੱਚੀ ਲਾਇਨ ਸੀ। ਦਲਾਨ ਦੇ ਪਿੱਛੇ ਇਕ ਲੰਬੀ ਅਤੇ ਡੂੰਘੀ ਕੋਠੜੀ ਸੀ, ਜਿਸ ਦੇ ਅੰਦਰ ਘੁੱਪ ਹਨ੍ਹੇਰਾ ਸੀ। ਸ਼ਾਹ ਜਦੋਂ ਕੋਠੜੀ ਵਿੱਚ ਜਾਂਦਾ ਤਾਂ ਏਦਾਂ ਲੱਗਦਾ ਜਿਵੇਂ ਕਿਸੇ ਗੁਫਾ ਵਿੱਚ ਚਲਾ ਗਿਆ ਹੋਵੇ। ਕਾਲੀ ਉਸ ਨੂੰ ਦੇਖਦਾ ਹੋਇਆ ਸੋਚਣ ਲੱਗਾ ਕਿ ਸੁਭਾਅ ਤੋਂ ਇਹ ਆਦਮੀ ਦੇਵਤਾ ਹੈ। ਕੀ ਬੱਚਾ, ਕੀ ਬੁੱਢਾ, ਕੀ ਚੌਧਰੀ, ਕੀ ਚਮਾਰ ਸਾਰਿਆਂ ਦੇ ਨਾਲ ਜੀ ਕਹਿ ਕੇ ਗੱਲ ਕਰਦਾ ਅਤੇ ਫਿਰ ਕੰਮ ਵਿੱਚ ਏਨਾ ਚੁਸਤ ਆ ਜਿਵੇਂ ਇਹਦੇ ਚਾਰ ਹੱਥ ਹੋਣ।

ਸ਼ਾਹ ਆਪਣੀ ਬਾਂਹ ਨਾਲ ਚਿਹਰੇ ਦਾ ਪਸੀਨਾ ਪੂੰਝਦਾ ਹੋਇਆ ਥੜੇ 'ਤੇ ਆਇਆ ਅਤੇ ਪਲ ਝਪਕਦੇ ਵਿੱਚ ਉਹਨੇ ਵੜੇਵਿਆਂ ਦੀਆਂ ਕਈ ਧੜੀਆਂ ਤੋਲ ਦਿੱਤੀਆਂ। ਉਹ ਕਾਲੀ ਵੱਲ ਦੇਖ ਕੇ ਮੁਸਕਰਾਇਆ ਅਤੇ ਅੰਦਰ ਜਾ ਕੇ ਉਹਦੀ ਵੱਲ ਲੈਂਪ ਦੀ ਸਿਗਰਟ ਅਤੇ ਮਾਚਸ ਸੁੱਟਦਾ ਬੋਲਿਆ:

"ਕਾਲੀ ਦਾਸ ਤੂੰ ਸਿਗਰਟ ਪੀ। ਏਨੀ ਦੇਰ ਵਿੱਚ ਮੈਂ ਇਹਨਾਂ ਦਾ ਹਿਸਾਬ ਕਰ ਦਿਆਂ। ਫਿਰ ਬੇਫਿਕਰ ਹੋ ਕੇ ਗੱਲ ਕਰਾਂਗੇ।"

ਕਾਲੀ ਸਿਗਰਟ ਪੀਂਦਾ ਹੋਇਆ ਮਨ-ਹੀ-ਮਨ ਵਿੱਚ ਛੱਜੂ ਸ਼ਾਹ ਦਾ ਚੌਧਰੀ ਹਰਨਾਮ ਸਿੰਘ ਨਾਲ ਮੁਕਾਬਲਾ ਕਰਨ ਲੱਗਾ। ਇਕ ਗਿੱਲੀ ਮਿੱਟੀ ਵਾਂਗ ਨਰਮ ਅਤੇ ਦੂਜਾ ਸੁੱਕੀ ਮਿੱਟੀ ਵਾਂਗ ਸਖਤ। ਕਾਲੀ ਨੇ ਜ਼ੋਰ ਨਾਲ ਸਿਗਰਟ ਦਾ ਕੱਸ਼ ਖਿੱਚਿਆ ਅਤੇ ਆਪਣੇ ਆਪ ਨਾਲ ਬੁਦਬੁਦਾਇਆ ਕਿ ਸ਼ਾਹ ਵਰਗੇ ਆਦਮੀ ਲਈ ਜਾਨ ਵੀ ਚਲੀ ਜਾਵੇ ਤਾਂ ਕੋਈ ਹਰਜ ਨਹੀਂ।

ਥੋੜੀ ਦੇਰ ਬਾਅਦ ਸਭ ਗਾਹਕਾਂ ਨੂੰ ਨਿਪਟਾ ਕੇ ਛੱਜੂ ਸ਼ਾਹ ਆਪਣਾ ਹੁੱਕਾ ਚੁੱਕ ਕੇ ਕਾਲੀ ਤੋਂ ਜ਼ਰਾ ਪਰ੍ਹੇ ਹੱਟ ਕੇ ਥੜੇ 'ਤੇ ਆ ਬੈਠਿਆ। ਉਹਨੇ ਦੋ-ਚਾਰ ਵਾਰ ਹੁੱਕਾ ਗੁੜਗੁੜਾਇਆ ਅਤੇ ਖੰਘਦਾ ਹੋਇਆ ਬੋਲਿਆ:

"ਕਾਲੀ ਦਾਸ, ਦੇਰ ਹੋ ਗਈ। ਕੀ ਕਰਾਂ, ਦੁਕਾਨਦਾਰੀ ਪੇਸ਼ਾ ਹੀ ਏਦਾਂ ਦਾ। ਲਾਲਚ ਰਹਿੰਦਾ ਕਿ ਗਾਹਕ ਆਇਆ, ਜੇ ਚਾਰ ਪੈਸਿਆਂ ਦਾ ਸੌਦਾ ਲੈ ਜਾਊਗਾ ਤਾਂ ਕੁਛ ਬੱਚਤ ਹੋ ਜਾਊਗੀ। ਦੁਕਾਨਦਾਰੀ ਨਾਂ ਹੀ ਆਈ ਚਲਾਈ ਦਾ।"

ਛੱਜੂ ਸ਼ਾਹ ਨੇ ਆਪਣੀ ਟਿੰਡ 'ਤੇ ਕਈ ਵਾਰ ਹੱਥ ਫੇਰਿਆ ਅਤੇ ਹੁੱਕੇ ਦੇ ਦੋ ਚਾਰ ਲੰਮੇ ਕੱਸ਼ ਖਿੱਚ ਕੇ ਨੜੀ ਇਕਦਮ ਪਰੇ ਕਰ ਦਿੱਤੀ ਜਿਵੇਂ ਉਹਨੂੰ ਅਚਾਨਕ ਕੁਛ ਯਾਦ ਆ ਗਿਆ ਹੋਵੇ। ਉਹ ਕਾਲੀ ਵਲ ਝੁਕਦਾ ਹੋਇਆ ਬੋਲਿਆ:

"ਉਸ ਦਿਨ ਚੌਧਰੀ ਹਰਨਾਮ ਸਿੰਘ ਨੇ ਜੀਤੂ ਨੂੰ ਨਹੱਕ ਕੁੱਟਿਆ। ਉਹ ਵਿਚਾਰਾ ਬੇਕਸੂਰ ਸੀ। ਸਵੇਰ ਤੋਂ ਸ਼ਾਮ ਤੱਕ ਮੇਰੇ ਕੰਮ ਵਿੱਚ ਲੱਗਾ ਰਿਹਾ ਸੀ। ਰਾਤ ਨੂੰ ਜਦੋਂ ਮੈਂ ਦੁਕਾਨ ਬੰਦ ਕੀਤੀ ਤਾਂ ਉਹ ਆਪਣੇ ਘਰ ਗਿਆ ਸੀ।"

"ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਲੋਕ ਕੁੱਟਣ ਦਾ ਹੌਂਸਲਾ ਕਿਵੇਂ ਕਰ ਲੈਂਦੇ ਆ ਅਤੇ ਕਸੂਰ ਨਾ ਹੁੰਦੇ ਹੋਏ ਲੋਕ ਕੁੱਟ ਖਾ ਕਿਉਂ ਲੈਂਦੇ ਆ।" ਕਾਲੀ ਇਹ ਕਹਿ ਕੇ ਕੁਛ ਛਣਾਂ ਤੱਕ ਚੁੱਪ ਰਿਹਾ ਅਤੇ ਫਿਰ ਛੱਜੂ ਸ਼ਾਹ ਵੱਲ ਦੇਖਦਾ ਹੋਇਆ ਬੋਲਿਆ, "ਸ਼ਾਹ ਜੀ ਇਸ ਵਿੱਚ ਚੌਧਰੀ ਦਾ ਏਨਾ ਦੋਸ਼ ਨਹੀਂ, ਜਿੰਨਾ ਮੰਗੂ ਦਾ ਆ। ਉਹ ਚੌਧਰੀ ਦੇ ਕੰਨ ਭਰਦਾ ਰਹਿੰਦਾ। ਮੈਂ ਛੇ ਸਾਲ ਬਾਅਦ ਪਿੰਡ ਆਇਆਂ। ਮੇਰਾ ਉਹਦੇ ਨਾਲ ਕੋਈ ਸ਼ਰੀਕਾ ਭਾਈਚਾਰਾ ਨਹੀਂ, ਫਿਰ ਵੀ ਮੇਰੇ ਨਾਲ ਦੁਸ਼ਮਣੀ ਕਰਨ ਲੱਗ ਪਿਆ ਹੈ। ਜਿੱਥੇ ਮਿਲਦਾ ਨਜਾਇਜ਼ ਗੱਲਾਂ ਕਰਦਾ।"

"ਬਾਬੂ ਕਾਲੀ ਦਾਸ, ਇਸ ਪਿੰਡ ਦਾ ਹਾਲ ਨਾ ਪੁੱਛ। ਚੋਰੀ, ਯਾਰੀ, ਨਿੰਦਾ, ਚੁਗਲੀ ਬਹੁਤ ਵੱਧ ਗਈ ਆ। ਭਲੇਮਾਣਸੀ ਦਾ ਜ਼ਮਾਨਾ ਖਤਮ ਹੋ ਗਿਆ ਅਤੇ ਲੁੱਚਿਆਂ ਦਾ ਰਾਜ ਆ ਗਿਆ।"

ਛੱਜੂ ਸ਼ਾਹ ਨੇ ਖੰਘ-ਖੰਘ ਕੇ ਗਲ ਵਿੱਚ ਫਸੀ ਬਲਗਮ ਕੱਢੀ ਅਤੇ ਗਲੀ ਵਿੱਚ ਥੁੱਕਦਾ ਹੋਇਆ ਬੋਲਿਆ:

"ਛੁੱਟੀ ਕੱਟਣ ਆਇਆਂ ਜਾਂ ਪਿੰਡ ਵਿੱਚ ਹੀ ਰਹਿਣ ਦਾ ਵਿਚਾਰ ਆ।"

"ਇਰਾਦਾ ਤਾਂ ਪਿੰਡ ਵਿੱਚ ਹੀ ਰਹਿਣ ਦਾ ਹੈ, ਅੱਗੇ ਜੋ ਰੱਬ ਨੂੰ ਮਨਜ਼ੂਰ। ਸ਼ਹਿਰਾਂ ਵਿੱਚ ਵੀ ਹਾਲਤ ਜ਼ਿਆਦਾ ਚੰਗੀ ਨਹੀਂ।"

"ਹਾਂ ਸ਼ਹਿਰ ਵਿੱਚ ਗਰੀਬ ਆਦਮੀ ਮਾਰਿਆ ਜਾਂਦਾ। ਪਿੰਡ ਵਿੱਚ ਤਾਂ ਫਿਰ ਵੀ ਪਲ ਜਾਂਦਾ। ਪਿੰਡ ਦੇ ਲੋਕਾਂ ਵਿੱਚ ਅਜੇ ਤੱਕ ਹਮਦਰਦੀ ਹੈ, ਪਰ ਸ਼ਹਿਰ ਵਿੱਚ ਤਾਂ ਆਦਮੀ ਸਾਹਮਣੇ ਤੜਪ-ਤੜਪ ਕੇ ਜਾਨ ਦੇ ਦੇਵੇ, ਕੋਈ ਪਾਣੀ ਤੱਕ ਨਹੀਂ ਪੁੱਛਦਾ।" ਛੱਜੂ ਸ਼ਾਹ ਹੁੱਕਾ ਗੁੜਗੜਾਉਣ ਲੱਗਾ।

ਕਾਲੀ ਉਹਦੀ ਵੱਲ ਦੇਖਦਾ ਹੋਇਆ ਬੋਲਿਆ, "ਸ਼ਾਹ ਜੀ, ਮੇਰਾ ਕੋਠਾ ਬਹੁਤ ਬੋਦਾ ਹੋ ਗਿਆ ਹੈ। ਪਤਾ ਨਹੀਂ ਕਿਸ ਵੇਲੇ ਬੈਠ ਜਾਵੇ। ਸੋਚ ਰਿਆਂ ਕਿ ਉਹਨੂੰ ਢਾਹ ਕੇ ਪੱਕਾ ਬਣਾ ਦੇਵਾਂ। ਇਸ ਬਾਰੇ ਹੀ ਤੁਹਾਡੇ ਨਾਲ ਸਲਾਹ ਕਰਨ ਆਇਆ ਸੀ।"

ਛੱਜੂ ਸ਼ਾਹ ਦੀਆਂ ਅੱਖਾਂ ਅੱਗਿਉਂ ਕਾਲੀ ਦਾ ਦਸ ਰੁਪਈਆਂ ਦਾ ਨੋਟ ਇਕ ਵਾਰ ਫਿਰ ਘੁੰਮ ਗਿਆ। ਉਹ ਉੱਠ ਕੇ ਅੰਦਰ ਗਿਆ ਅਤੇ ਉਹਨੇ ਕਾਲੀ ਵੱਲ ਲੈਂਪ ਦਾ ਇਕ ਹੋਰ ਸਿਗਰਟ ਸੁੱਟਿਆ।

"ਸ਼ਾਹ ਜੀ, ਰਹਿਣ ਦਿਉ। ਮੈਂ ਸਿਗਰਟਾਂ ਘੱਟ ਪੀਂਦਾ। ਇਸ ਤੋਂ ਚੰਗਾ ਤਾਂ ਹੁੱਕਾ।" ਕਾਲੀ ਨੇ ਕਿਹਾ।

"ਗੱਲ ਤਾਂ ਤੇਰੀ ਠੀਕ ਆ। ਮੈਂ ਇਸ ਹੁੱਕੇ ਦੇ ਇਲਾਵਾ ਦੋ ਹੋਰ ਹੁੱਕੇ ਰੱਖੇ ਹੋਏ ਸੀ। ਇਕ ਜੱਟਾਂ ਲਈ ਅਤੇ ਦੂਸਰਾ ਚਮਾਰਾਂ ਲਈ। ਪਰ ਇਸ ਦੁਨੀਆਂ ਵਿੱਚ ਭਾਂਤ ਭਾਂਤ ਦੇ ਲੋਕ ਆ। ਕੁਝ ਦਿਨ ਪਹਿਲਾਂ ਪਾਰੋਂ ਇਕ ਚਮਾਰ ਮੇਰੇ ਲਈ ਸੱਕਰ ਲੈ ਕੇ ਆਇਆ ਸੀ। ਉਹਨੇ ਪੀਣ ਲਈ ਹੁੱਕਾ ਮੰਗਿਆ। ਮੈਂ ਦੇ ਦਿੱਤਾ, ਪਰ ਉਹ ਭਲਾਮਣਸ ਜਾਂਦਾ ਹੋਇਆ ਅੱਖ ਬਚਾ ਕੇ ਹੁੱਕਾ ਲੈ ਕੇ ਖਿਸਕ ਗਿਆ।"

ਕਾਲੀ ਦਾ ਸਿਰ ਸ਼ਰਮ ਨਾਲ ਝੁੱਕ ਗਿਆ ਅਤੇ ਉਹ ਕੁਛ ਦੇਰ ਲਈ ਸਿਗਰਟ ਨੂੰ ਉਂਗਲਾਂ ਵਿੱਚ ਫੜੀ ਜ਼ਮੀਨ ਨੂੰ ਘੂਰਦਾ ਰਿਹਾ। ਛੱਜੂ ਸ਼ਾਹ ਨੇ ਗਲ ਸਾਫ ਕਰਕੇ ਇਕ ਵਾਰ ਫਿਰ ਬਲਗਮ ਗਲੀ ਵਿੱਚ ਥੁੱਕ ਦਿੱਤੀ ਅਤੇ ਕਾਲੀ ਨੂੰ ਕਿਹਾ:

"ਤੂੰ ਮਕਾਨ ਦੀ ਗੱਲ ਕਰ ਰਿਹਾ ਸੀ।... ਵਾਹ ਬੜਾ ਨੇਕ ਖਿਆਲ ਆ। ਤੇਰੇ ਸਦਕੇ ਚਮ੍ਹਾਰਲੀ ਵਿੱਚ ਵੀ ਇਕ ਪੱਕਾ ਮਕਾਨ ਹੋ ਜਾਊਗਾ। ਤੇਰੀ ਇੱਜ਼ਤ ਵਧੂਗੀ। ਚਾਰ ਪਿੰਡਾਂ ਵਿੱਚ ਨਾਂ ਹੋ ਜਾਊਗਾ ਕਿ ਘੋੜੇਵਾਹੇ ਦੀ ਚਮ੍ਹਾਰਲੀ ਵਿੱਚ ਵੀ ਇਕ ਪੱਕਾ ਮਕਾਨ ਬਣ ਗਿਆ ਹੈ।"

"ਸ਼ਾਹ ਜੀ, ਇਸ ਵੇਲੇ ਮੇਰੇ ਕੋਲ ਤਿੰਨ ਸੌ ਰੁਪਈਆ ਹੈਗਾ। ਜੇ ਤਿੰਨ ਸੌ ਵਿੱਚ ਕੰਮ ਹੋ ਜਾਵੇ ਤਾਂ ਕੱਲ੍ਹ ਨੂੰ ਹੀ ਮਕਾਨ ਸ਼ੁਰੂ ਕਰ ਦੇਵਾਂ। ਕੁਛ ਪੈਸੇ ਮਿਲਣ ਵਾਲੇ ਆ ਪਰ ਅਜੇ ਉਸ ਵਿੱਚ ਕੁਛ ਸਮਾਂ ਲੱਗੂਗਾ।" ਕਾਲੀ ਨੇ ਖੁਸ਼ ਰਉਂ ਵਿੱਚ ਕਿਹਾ।

"ਤਿੰਨ ਸੌ ਤਾਂ ਘੱਟ ਆ। ਤੇਰਾ ਘਰ ਮੈਂ ਦੇਖਿਆ ਹੋਇਆ। ਤੇਰੇ ਚਾਚੇ ਸਿੱਦੂ ਨਾਲ ਤਾਂ ਮੇਰਾ ਲੈਣ-ਦੇਣ ਸੀ। ਉਹਨੇ ਵੀ ਇਕ ਵਾਰ ਮਕਾਨ ਪੱਕਾ ਕਰਨ ਦਾ ਇਰਾਦਾ ਕੀਤਾ ਸੀ। ਕੁਛ ਪੈਸਾ ਵੀ ਇਕੱਠਾ ਕੀਤਾ ਸੀ। ਸੌ ਰੁਪਈਏ ਮੇਰੇ ਕੋਲੋਂ ਵੀ ਉਧਾਰ ਲੈ ਗਿਆ ਸੀ। ਪਰ ਤਕਦੀਰ ਨੇ ਸਾਥ ਨਹੀਂ ਦਿੱਤਾ। ਉਸ ਸਸਤੇ ਜ਼ਮਾਨੇ ਵਿੱਚ ਸ਼ਾਇਦ ਏਨੇ ਪੈਸਿਆਂ ਵਿੱਚ ਮਕਾਨ ਬਣ ਜਾਂਦਾ ਪਰ ਹੁਣ ਪੰਜ-ਛੇ ਸੌ ਤੋਂ ਘੱਟ ਨਾਲ ਕੰਮ ਨਹੀਂ ਚੱਲਣਾ। ਹਰ ਚੀਜ਼ ਮਹਿੰਗੀ ਹੋ ਗਈ ਆ।"

"ਇਹ ਤਾਂ ਬਹੁਤ ਵੱਡੀ ਰਕਮ ਆ। ਏਨਾ ਪੈਸਾ ਮੇਰੇ ਕੋਲ ਨਹੀਂ।" ਕਾਲੀ ਨੇ ਬਹੁਤ ਨਿਰਾਸ਼ਾ ਵਿੱਚ ਕਿਹਾ। ਛੱਜੂ ਸ਼ਾਹ ਵੀ ਸੋਚਾਂ ਵਿੱਚ ਪੈ ਗਿਆ ਅਤੇ ਹੁੱਕਾ ਗੁੜਗੜਾਉਣ ਲੱਗਾ। ਫਿਰ ਉਹ ਹੁੱਕੇ ਦੀ ਨੜੀ ਮੂੰਹ ਤੋਂ ਹਟਾਉਂਦਾ ਹੋਇਆ ਬੋਲਿਆ:

"ਬਾਬੂ ਕਾਲੀ ਦਾਸ, ਮੇਰੀ ਸਮਝ ਵਿੱਚ ਤਾਂ ਇਕ ਹੱਲ ਆਉਂਦਾ। ਉਹ ਇਹ ਕਿ ਗਲੀ ਵਾਲੀ ਕੰਧ ਪੱਕੀ ਬਣਾ ਲੈ। ਬਾਕੀ ਪੱਕੇ ਥੰਮ ਖੜੇ ਕਰਕੇ ਕੱਚੀਆਂ ਕੰਧਾਂ ਖੜੀਆਂ ਕਰਦੇ। ਛੱਤ ਦਾ ਸਾਰਾ ਭਾਰ ਪੱਕੇ ਥੰਮਾਂ 'ਤੇ ਰਹੂਗਾ। ਜਦੋਂ ਪੈਸੇ ਹੱਥ ਵਿੱਚ ਆ ਗਏ ਤਾਂ ਉਹ ਕੰਧਾਂ ਵੀ ਪੱਕੀਆਂ ਕਰ ਲਵੀਂ। ਮੈਂ ਵੀ ਪੰਦਰਾਂ ਸਾਲ ਪਹਿਲਾਂ ਇਸ ਹੀ ਤਰ੍ਹਾਂ ਆਪਣਾ ਮਕਾਨ ਬਣਾਇਆ ਸੀ। ਹੁਣ ਦੇਖ ਲੈ, ਭਗਵਾਨ ਦੀ ਕ੍ਰਿਪਾ ਨਾਲ ਉਸ ਹੀ ਮਕਾਨ 'ਤੇ ਦੋ ਮੰਜ਼ਿਲਾ ਚੁਬਾਰਾ ਆ।"

ਕਾਲੀ ਨੇ ਸ਼ਾਹ ਦੀ ਗੱਲ ਨੂੰ ਧਿਆਨ ਨਾਲ ਸੁਣਿਆ ਅਤੇ ਸਮਝ ਲਿਆ। ਉਹਨੇ ਇਕ ਵਾਰ ਫਿਰ ਸਾਰੀ ਗੱਲ ਨੂੰ ਮਨ-ਹੀ-ਮਨ ਵਿੱਚ ਦੁਹਰਾਇਆ। ਛੱਜੂ ਸ਼ਾਹ ਹਿਸਾਬ ਲਾਉਂਦਾ ਹੋਇਆ ਬੋਲਿਆ:

"ਇੱਟਾਂ ਗੜਿਆਂ ਦੇ ਭੱਠੇ ਤੋਂ ਮਿਲ ਜਾਣਗੀਆਂ। ਸ਼ਤੀਰਾਂ ਅਤੇ ਕੜੀਆਂ ਦਾ ਬੰਦੋਬਸਤ ਹੋ ਜਾਊਗਾ। ਦਰਵਾਜ਼ਿਆਂ ਲਈ ਟਾਹਲੀ ਦੀ ਲੱਕੜੀ ਦੇ ਫੱਟੇ ਮਹਾਸ਼ੇ ਤੋਂ ਲੈ ਲਈਂ। ਮਿੱਟੀ ਪਿੱਪਲ ਵਾਲੇ ਛੱਪੜ ਤੋਂ ਪੁੱਟ ਲਵੀਂ।"

ਉਹਨੇ ਸਾਰਾ ਹਿਸਾਬ ਲਾ ਕੇ ਵਿਸ਼ਵਾਸ ਭਰੀ ਅਵਾਜ਼ ਵਿੱਚ ਕਿਹਾ:

"ਪਰਮਾਤਮਾ ਦਾ ਨਾਂ ਲੈ ਕੇ ਮਕਾਨ ਸ਼ੁਰੂ ਕਰ ਦੇ। ਮਹੀਨੇ 'ਚ ਮਕਾਨ ਖੜਾ ਹੋ ਜਾਊ।"

ਕਾਲੀ ਛੱਜੂ ਸ਼ਾਹ ਨੂੰ ਬੰਦਗੀ ਕਰਕੇ ਥੜੇ ਤੋਂ ਹੇਠਾਂ ਉਤਰਨ ਲੱਗਾ ਤਾਂ ਸ਼ਾਹ ਨੇ ਉਹਨੂੰ ਬਹੁਤ ਨਿਮਰਤਾ ਨਾਲ ਅਵਾਜ਼ ਦਿੱਤੀ। ਕਾਲੀ ਪਿੱਛੇ ਮੁੜ ਕੇ ਉਹਦੇ ਵੱਲ ਦੇਖਣ ਲੱਗਾ ਅਤੇ ਉਹਦੇ ਇਸ਼ਾਰੇ 'ਤੇ ਫਿਰ ਥੜੇ 'ਤੇ ਆ ਗਿਆ। ਸ਼ਾਹ ਨੇ ਬਹੁਤ ਹੀ ਗੰਭੀਰ ਅਵਾਜ਼ ਵਿੱਚ ਕਿਹਾ:

"ਕਾਲੀ ਦਾਸ, ਤੇਰੇ ਨਾਲ ਗੱਲ ਕਰਨੀ ਤਾਂ ਨਹੀਂ ਚਾਹੀਦੀ ਕਿਉਂਕਿ ਜਿਹੜੀ ਗੱਲ ਬੀਤ ਗਈ ਹੋਵੇ, ਉਹਦੇ ਜ਼ਿਕਰ ਦਾ ਕੀ ਫਾਇਦਾ।"

"ਕੀ ਗੱਲ ਆ, ਸ਼ਾਹ ਜੀ?" ਕਾਲੀ ਨੇ ਦਿਲਚਸਪੀ ਨਾਲ ਪੁੱਛਿਆ। ਛੱਜੂ ਸ਼ਾਹ ਕਾਲੀ ਦੀ ਗੱਲ ਦਾ ਜੁਆਬ ਦਿੱਤੇ ਬਿਨਾਂ ਉੱਠ ਕੇ ਅੰਦਰ ਚਲੇ ਗਿਆ। ਇਕ ਤਾਕੀ ਵਿੱਚੋਂ ਪੁਰਾਣੇ ਵਹੀ-ਖਾਤੇ ਨੂੰ ਝਾੜਦਾ ਪੂੰਝਦਾ ਚੁੱਕ ਲਿਆਇਆ ਅਤੇ ਸਫੇ ਪਲਟ ਕੇ ਇਕ ਥਾਂ 'ਤੇ ਉਂਗਲ ਰੱਖਦਾ ਹੋਇਆ ਬੋਲਿਆ:

"ਤੇਰੇ ਚਾਚੇ ਸਿੱਦੂ ਨੇ ਬਾਰਾਂ ਸਾਲ ਪਹਿਲਾਂ ਮੇਰੇ ਕੋਲੋਂ ਮਕਾਨ ਬਣਾਉਣ ਲਈ ਇਕ ਸੌ ਰੁਪਈਆ ਉਧਾਰ ਲਿਆ ਸੀ। ਉਹਦੇ ਕੋਲੋਂ ਵਿਆਜ ਲੈਣਾ ਤਾਂ ਮੈਂ ਮੁਨਾਸਬ ਨਾ ਸਮਝਿਆ ਕਿਉਂਕਿ ਉਹ ਆਪਣਾ ਪ੍ਰੇਮੀ ਸੀ। ਉਹਨੇ ਅਸਲ ਰਕਮ ਵਿੱਚੋਂ ਪਝੱਤਰ ਰੁਪਈਏ ਹੀ ਵਾਪਸ ਕੀਤੇ ਸਨ ਅਤੇ ਪੱਚੀ ਅਜੇ ਬਾਕੀ ਸਨ ਜਦੋਂ ਉਹਨੂੰ ਮੌਤ ਨੇ ਆ ਘੇਰਿਆ। ਵਿਚਾਰਾ ਬਹੁਤ ਇਮਾਨਦਾਰ ਆਦਮੀ ਸੀ। ਮੇਰਾ ਵੱਡੇ-ਵੱਡੇ ਚੌਧਰੀਆਂ ਅਤੇ ਸ਼ਾਹੂਕਾਰਾਂ ਨਾਲ ਲੈਣ ਦੇਣ ਆ, ਪਰ ਉਹਦੇ ਵਰਗਾ ਇਮਾਨਦਾਰ ਆਦਮੀ ਅੱਜ ਤੱਕ ਨਹੀਂ ਦੇਖਿਆ।" ਛੱਜੂ ਸ਼ਾਹ ਨੇ ਉਸ ਸਫੇ 'ਤੇ ਉਂਗਲ ਰੱਖ ਕੇ ਵਹੀ ਬੰਦ ਕਰ ਲਈ ਅਤੇ ਅਫਸੋਸ ਭਰੀ ਅਵਾਜ਼ ਵਿੱਚ ਬੋਲਿਆ, "ਜੋ ਮਰ ਗਿਆ ਸੋ ਮਰ ਗਿਆ। ਤੈਨੂੰ ਦੇਖ ਕੇ ਮੈਨੂੰ ਖਿਆਲ ਆ ਗਿਆ ਸੀ। ਅਖੀਰ ਨੂੰ ਤੂੰ ਉਸ ਖਾਨਦਾਨ ਦੀ ਹੀ ਨਿਸ਼ਾਨੀ ਆ। ਜਦੋਂ ਕਦੇ ਸਿੱਦੂ ਦੀ ਯਾਦ ਆਉਂਦੀ ਆ, ਤਾਂ ਇਹ ਵਹੀ ਕੱਢ ਕੇ ਦੇਖ ਲੈਂਦਾਂ। ਇਸ ਵਿੱਚ ਉਸ ਦਾ ਅੰਗੂਠਾ ਲੱਗਿਆ ਹੋਇਆ।" ਛੱਜੂ ਸ਼ਾਹ ਆਪਣੀ ਗੱਲ ਖਤਮ ਚੁੱਕਿਆ ਤਾਂ ਕਾਲੀ ਬਹੁਤ ਹੌਂਸਲੇ ਵਿੱਚ ਬੋਲਿਆ:

"ਸ਼ਾਹ ਜੀ, ਉਹਨਾਂ ਦੀ ਥਾਂ ਮੈਂ ਜਿਉਂ ਬੈਠਾਂ। ਤੁਸੀਂ ਮੈਨੂੰ ਪਹਿਲਾਂ ਦੱਸਿਆ ਹੁੰਦਾ। ਮੈਂ ਅੱਜ ਰਾਤ ਦਿਨ ਢਲੇ ਤੁਹਾਨੂੰ ਪੈਸੇ ਦੇ ਜਾਊਂਗਾ।"

"ਨਹੀਂ ਨਹੀਂ, ਏਦਾਂ ਦੀ ਕੋਈ ਜਲਦੀ ਨਹੀਂ। ਪੈਸੇ ਆ ਜਾਣਗੇ। ਜੇ ਬਾਰਾਂ ਸਾਲ ਬੇਇਤਬਾਰੀ ਨਾ ਹੋਈ ਤਾਂ ਹੁਣ ਦੋ-ਚਾਰ ਦਿਨਾਂ ਲਈ ਕਿਉਂ ਹੋਊਗੀ। ਜਦੋਂ ਕਦੇ ਏਧਰ ਆਵੇਂ ਤਾਂ ਦੇ ਜਾਈਂ।"

ਕਾਲੀ ਥੜੇ ਤੋਂ ਹੇਠਾਂ ਉਤਰਨ ਲੱਗਾ ਤਾਂ ਛੱਜੂ ਸ਼ਾਹ ਕਾਲੀ ਨੂੰ ਹੌਂਸਲਾ ਦਿੰਦਾ ਹੋਇਆ ਬੋਲਿਆ:

"ਮਕਾਨ ਛੇਤੀਂ ਹੀ ਸ਼ੁਰੂ ਕਰ ਦੇ। ਉਦਾਂ ਤਾਂ ਪਰਮਾਤਮਾ ਦੇ ਕੰਮਾਂ ਵਿੱਚ ਕਿਸੇ ਦਾ ਦਖਲ ਨਹੀਂ, ਪਰ ਹਿਸਾਬ ਨਾਲ ਅਜੇ ਬਰਸਾਤ ਵਿੱਚ ਦੋ-ਪੌਣੇ ਦੋ ਮਹੀਨੇ ਬਾਕੀ ਨੇ। ਹਾਂ... ਕਿਸੇ ਕਮੀ ਦੀ ਹਾਲਤ ਵਿੱਚ ਸੰਗਣਾ ਨਹੀਂ। ਸਾਰਿਆਂ ਦੇ ਕਾਰਜ ਕਰਨ ਵਾਲਾ ਪਰਮਾਤਮਾ ਈ ਆ, ਪਰ ਬੰਦਾ ਬੰਦੇ ਦਾ ਦਾਰੂ ਆ।"

"ਤੁਹਾਡੀ ਮਿਹਰਬਾਨੀ ਰਹੇ। ਤੁਹਾਡੇ ਵਰਗੇ ਲੋਕਾਂ ਦੇ ਸਹਾਰੇ ਹੀ ਪਿੰਡ ਵਿੱਚ ਇੱਜ਼ਤ ਨਾਲ ਦਿਨ ਕੱਟਣ ਦੀ ਆਸ ਆ, ਨਹੀਂ ਤਾਂ ਇਥੇ ਤਾਂ ਹਰ ਆਦਮੀ ਖਾਣ ਨੂੰ ਆਉਂਦਾ।" ਕਾਲੀ ਇਹ ਕਹਿ ਕੇ ਥੜੇ ਤੋਂ ਹੇਠਾਂ ਉਤਰ ਆਇਆ ਅਤੇ ਸ਼ਾਹ ਦੀਆਂ ਗੱਲਾਂ 'ਤੇ ਮੁਗਧ ਗਰਦਨ ਚੁੱਕੀ ਆਪਣੇ ਘਰ ਨੂੰ ਜਾਣ ਵਾਲੀ ਗਲੀ ਵੱਲ ਮੁੜ ਗਿਆ।

**6**

ਸੂਰਜ ਪੂਰਬ ਵਿੱਚ ਛਾਏ ਹੋਏ ਬੱਦਲਾਂ ਵਿੱਚੋਂ ਰਜ਼ਾਈ 'ਚ ਲੁਕੇ ਬੱਚਿਆਂ ਵਾਂਗ ਝਾਕ ਰਿਹਾ ਸੀ। ਸਵੇਰ ਦੀ ਹਵਾ ਸੁਰਖ ਖੇਤਾਂ ਵਿੱਚ ਹਲਕੀ ਜਿਹੀ ਧੂੜ ਉਡਾਉਂਦੀ ਹੋਈ ਵੱਗ ਰਹੀ ਸੀ। ਚਮ੍ਹਾਰਲੀ ਦੀਆਂ ਔਰਤਾਂ ਅਤੇ ਮੁਟਿਆਰਾਂ ਸਿਰਾਂ 'ਤੇ ਟੋਕਰੇ ਚੁੱਕੀ ਚੌਧਰੀਆਂ ਦੇ ਘਰਾਂ ਅਤੇ ਹਵੇਲੀਆਂ ਤੋਂ ਕੂੜਾ ਅਤੇ ਗੋਹਾ ਚੁੱਕਣ ਲਈ ਘਰਾਂ ਤੋਂ ਨਿਕਲ ਪਈਆਂ ਸਨ। ਚਮ੍ਹਾਰਲੀ ਦੇ ਮਰਦ ਗਜ-ਗਜ ਦੇ ਸਾਫੇ ਬੰਨੀ ਅਤੇ ਲੱਕ ਤੱਕ ਨੀਵੀਆਂ ਕੁੜਤੀਆਂ ਪਾਈ ਹੱਥਾਂ ਵਿੱਚ ਦਾਤੀਆਂ ਜਾਂ ਰੰਬੇ ਲਈ ਖੇਤਾਂ ਵੱਲ ਜਾ ਰਹੇ ਸਨ।

ਕਾਲੀ ਗਲੀ ਵਿੱਚ ਖੜਾ ਆਪਣੇ ਕੋਠੇ ਨੂੰ ਧਿਆਨ ਨਾਲ ਦੇਖਦਾ ਹੋਇਆ ਨਵੇਂ ਪੱਕੇ ਮਕਾਨ ਦੇ ਨਕਸ਼ੇ ਬਾਰੇ ਸੋਚ ਰਿਹਾ ਸੀ। ਉਹਨੇ ਚਾਚੀ ਨੂੰ ਨਵਾਂ ਮਕਾਨ ਬਣਾਉਣ ਬਾਰੇ ਰਾਜ਼ੀ ਕਰ ਲਿਆ ਸੀ। ਉਹ ਬਹੁਤ ਖੁਸ਼ ਸੀ ਕਿ ਕਾਲੀ ਉਹ ਕੰਮ ਕਰਨ ਜਾ ਰਿਹਾ ਹੈ ਜਿਹੜਾ ਸੱਤਾਂ ਪੀੜੀਆਂ ਤੋਂ ਨਹੀਂ ਹੋ ਸਕਿਆ ਸੀ। ਉਹ ਚਮ੍ਹਾਰਲੀ ਵਿੱਚ ਪਹਿਲਾ ਪੱਕਾ ਮਕਾਨ ਬਣਾ ਰਿਹਾ ਸੀ। ਉਹ ਸਾਰੇ ਇਲਾਕੇ ਵਿੱਚ ਬਾਪ ਦਾਦੇ ਦਾ ਨਾਂ ਉੱਚਾ ਕਰੇਗਾ। ਕੋਈ ਰਾਹੀ ਚੁਬਾਰੇ ਨੂੰ ਦੂਰ ਤੋਂ ਹੀ ਦੇਖ ਕੇ ਪੁੱਛੇਗਾ ਤਾਂ ਲੋਕ ਕਹਿਣਗੇ ਕਿ ਉਹ ਚੁਬਾਰਾ ਮਾਖੇ ਦੇ ਪੁੱਤ ਕਾਲੀ ਦਾ ਆ।

ਚਾਚੀ ਇਹ ਸੋਚ ਕੇ ਕੁਝ ਉਦਾਸ ਜਿਹੀ ਹੋ ਗਈ। ਉਹ ਮਨ ਹੀ ਮਨ ਵਿੱਚ ਸੋਚਣ ਲੱਗੀ ਕਿ ਕਾਸ਼ ਉਹਦਾ ਵੀ ਇਕ ਪੁੱਤ ਜੀਉਂਦਾ ਰਹਿੰਦਾ ਅਤੇ ਉਹ ਵੀ ਚੁਬਾਰਾ ਪਾਉਂਦਾ। ਲੋਕ ਪੁੱਛਦੇ ਤਾਂ ਉਹਨਾਂ ਨੂੰ ਜੁਆਬ ਮਿਲਦਾ ਕਿ ਉਹ ਚੁਬਾਰਾ ਸਿੱਦੂ ਦੇ ਪੁੱਤ ਦਾ ਹੈ। ਚਾਚੀ ਦੀਆਂ ਅੱਖਾਂ ਭਰ ਆਈਆਂ ਅਤੇ ਉਹ ਆਪਣੇ ਪਤੀ ਅਤੇ ਪੰਜ ਪੁੱਤਰਾਂ ਨੂੰ ਯਾਦ ਕਰਕੇ ਖੂਬ ਰੋਈ। ਜਦੋਂ ਉਸਦਾ ਮਨ ਕੁਝ ਹਲਕਾ ਹੋ ਗਿਆ ਤਾਂ ਉਹਨੇ ਆਪਣੇ ਆਪ ਨੂੰ ਇਹ ਸੋਚ ਕੇ ਤਸੱਲੀ ਦਿੱਤੀ ਕਿ ਪੁੱਤ 'ਤੇ ਭਤੀਜੇ ਵਿੱਚ ਕੋਈ ਫਰਕ ਨਹੀਂ ਹੁੰਦਾ। ਅਤੇ ਕਾਲੀ ਤਾਂ ਉਹਦਾ ਹੀ ਪੁੱਤ ਹੈ। ਜੇ ਉਹਨੇ ਉਹਨੂੰ ਜਨਮ ਨਹੀਂ ਦਿੱਤਾ ਤਾਂ ਕੀ ਹੋਇਆ, ਪਾਲਿਆ ਪੋਸਿਆ ਤਾਂ ਹੈ। ਪਿੰਡ ਦੇ ਲੋਕ ਅਜੇ ਵੀ ਇਹ ਹੀ ਕਹਿਣਗੇ ਕਿ ਇਹ ਪ੍ਰਤਾਪੀ ਦੇ ਭਤੀਜੇ ਕਾਲੀ ਦਾ ਚੁਬਾਰਾ ਹੈ।

ਕਾਲੀ ਅੰਦਰ ਆ ਕੇ ਚਾਚੀ ਨੂੰ ਭਾਂਡੇ ਅਤੇ ਹੋਰ ਸਾਮਾਨ ਸਮੇਟਣ ਨੂੰ ਕਹਿ ਕੇ ਆਪ ਛੱਤ 'ਤੇ ਜਾ ਚੜ੍ਹਿਆ। ਉਹਨੇ ਛੱਤ ਅਤੇ ਬਨੇਰਿਆਂ ਨੂੰ ਚੰਗੀ ਤਰ੍ਹਾਂ ਦੇਖਿਆ ਅਤੇ ਹੇਠਾਂ ਉਤਰਕੇ ਸਾਮਾਨ ਕੋਠੜੀ ਵਿੱਚ ਰੱਖਣ ਲੱਗਾ। ਜਦੋਂ ਸਾਰਾ ਸਾਮਾਨ ਬਾਹਰ ਕੱਢ ਲਿਆ ਗਿਆ ਤਾਂ ਚਾਚੀ ਨੇ ਇਕ ਥੰਮੀ ਦੇ ਪਿੱਛਿਉਂ ਇਕ ਪੋਟਲੀ ਕੱਢੀ ਅਤੇ ਉਹਨੂੰ ਆਪਣੇ ਨੇਫੇ ਵਿੱਚ ਲੁਕਾ ਲਿਆ ਅਤੇ ਗਲੀ ਵਿੱਚ ਮੰਜਾ ਡਾਹ ਕੇ ਸੂਤ ਅਟੇਰਨ ਲੱਗੀ।

ਕਾਲੀ ਕਹੀ ਲੈ ਕੇ ਛੱਤ 'ਤੇ ਜਾ ਕੇ ਛੱਤ ਢਾਹੁਣ ਲੱਗਾ। ਛੱਤ ਉਹਦੇ ਭਾਰ ਅਤੇ ਕਹੀ ਦੇ ਟੱਪਾਂ ਨਾਲ ਕੰਬ ਰਹੀ ਸੀ। ਚਾਚੀ ਥੋੜ੍ਹੇ ਥੋੜ੍ਹੇ ਸਮੇਂ ਪਿੱਛੋਂ ਕਾਲੀ ਨੂੰ ਆਵਾਜ਼ ਮਾਰ ਕੇ ਕਹਿੰਦੀ ਕਿ ਕਹੀ ਸੰਭਾਲ ਕੇ ਚਲਾਈਂ। ਛੱਤ ਬੋਦੀ ਹੈ। ਉਹ ਇਕਦਮ ਹੇਠਾਂ ਨਾ ਆ ਡਿਗੇ।

ਗਲੀ ਦੇ ਸਾਰੇ ਨਿਆਣੇ ਚਾਚੀ ਦੇ ਦੁਆਲੇ ਜਮਾਂ ਹੋ ਗਏ। ਜਿਹੜੇ ਬੱਚਿਆਂ ਦੀ ਪ੍ਰੀਤੋ ਦੇ ਬੱਚਿਆਂ ਨਾਲ ਦੋਸਤੀ ਸੀ, ਉਹ ਉਹਨਾਂ ਦੇ ਕੋਠੇ ਦੀ ਛੱਤ 'ਤੇ ਬੈਠ ਕੇ ਕਾਲੀ ਨੂੰ ਬਹੁਤ ਨੇੜਿਓਂ ਦੇਖ ਰਹੇ ਸਨ। ਚਾਚੀ ਗਲੀ ਵਿੱਚ ਆਪਣੇ ਦੁਆਲੇ ਮੰਡਰਾ ਰਹੇ ਬੱਚਿਆਂ ਨੂੰ ਝਿੜਕਦੀ ਹੋਈ ਪਰ੍ਹੇ ਰਹਿਣ ਦੀ ਤਾਕੀਦ ਕਰ ਰਹੀ ਸੀ। ਕਾਲੀ ਨੂੰ ਛੱਤ ਢਾਹੁੰਦੇ ਦੇਖ ਗਲੀ ਦੀਆਂ ਕੁਝ ਔਰਤਾਂ ਕੁੱਛੜ ਦੇ ਬੱਚਿਆਂ ਨੂੰ ਲੱਕ ਦੁਆਲੇ ਚੁੱਕੀ ਚਾਚੀ ਦੇ ਨੇੜੇ ਆ ਗਈਆਂ। ਜਿਹੜੀ ਵੀ ਔਰਤ ਕੰਮ-ਧੰਦੇ ਤੋਂ ਵਾਪਸ ਆਉਂਦੀ ਉਹ ਚਾਚੀ ਦੇ ਕੋਲ ਰੁਕ ਕੇ ਛੱਤ ਢਾਹੁਣ ਦਾ ਕਾਰਨ ਪੁੱਛਦੀ। ਚਾਚੀ ਉਹਨੂੰ ਬਹੁਤ ਮਾਣ ਨਾਲ ਦਸਦੀ ਕਿ ਕਾਲੀ ਪੁਰਾਣੇ ਕੋਠਿਆਂ ਦੀ ਥਾਂ ਨਵਾਂ ਮਕਾਨ ਬਣਾਉਣ ਲੱਗਾ। ਗਿਆਨੋ ਪਾਥੀਆਂ ਪੱਥਣ ਲਈ ਆਪਣੀ ਛੱਤ 'ਤੇ ਆਈ ਤਾਂ ਕਾਲੀ ਨੂੰ ਕਹੀ ਚਲਾਉਂਦਾ ਦੇਖ ਕੇ ਸੋਚੀਂ ਪੈ ਗਈ ਕਿ ਉਹ ਆਪਣੇ ਕੋਠੇ ਦੀ ਛੱਤ ਕਿਉਂ ਢਾਹ ਰਿਹਾ। ਉਹ ਟੋਕਰਾ ਸੁੱਟ ਕੇ ਗੋਹੇ ਭਰੇ ਹੱਥਾਂ ਨੂੰ ਮਲਦੀ ਹੋਈ ਚਾਚੀ ਦੇ ਕੋਲ ਔਰਤਾਂ ਦੀ ਭੀੜ ਵਿੱਚ ਆ ਰਲੀ। ਚਾਚੀ ਚਹਿਕ ਚਹਿਕ ਕੇ ਕਹਿ ਰਹੀ ਸੀ:

"ਕਾਲੀ ਕਹਿੰਦਾ ਕਿ ਪੱਕਾ ਮਕਾਨ ਬਣਾਊਂਗਾ। ਉੱਤੇ ਚੁਬਾਰਾ ਪਾਊਗਾ। ਏਨਾ ਉੱਚਾ ਕਿ ਦੋ ਕੋਹਾਂ ਤੋਂ ਨਜ਼ਰ ਆਏ।"

ਗਿਆਨੋ ਬੱਚਿਆਂ ਨੂੰ ਧੱਕਦੀ ਹੋਈ ਚਾਚੀ ਦੇ ਬਿਲਕੁਲ ਕੋਲ ਚਲੀ ਗਈ ਅਤੇ ਗੋਹੇ ਨਾਲ ਲਿਬੜੇ ਹੋਏ ਹੱਥਾਂ ਨਾਲ ਵਾਲ ਠੀਕ ਕਰਦੀ ਬੋਲੀ:

"ਚਾਚੀ, ਚੁਬਾਰੇ ਦੇ ਬਾਹਰ ਚਾਰੇ ਪਾਸੇ ਲਾਲ ਰੰਗ ਕਰਵਾਇਓ। ਫਿਰ ਉਹ ਦੂਰ ਤੋਂ ਬਿਲਕੁਲ ਚੌਧਰੀ ਹਰਨਾਮ ਸਿੰਘ ਦੇ ਚੁਬਾਰੇ ਵਾਂਗ ਦਿਸੂਗਾ।"

ਗਿਆਨੋ ਦਾ ਸੁਝਾਅ ਸੁਣ ਕੇ ਕਈ ਔਰਤਾਂ ਹੱਸ ਪਈਆਂ। ਪ੍ਰੀਤੋ ਘਿਰਣਾ ਭਰੀ ਆਵਾਜ਼ ਵਿੱਚ ਬੋਲੀ:

"ਰੰਡੀ, ਸਲਾਹ ਤਾਂ ਏਦਾਂ ਦਿੰਦੀ ਆ ਜਿਵੇਂ ਕਾਲੀ ਦੇ ਚੁਬਾਰੇ 'ਚ ਇਹਦਾ ਪਲੰਘ ਵਿਛੂਗਾ।"

ਗਿਆਨੋ ਦੀ ਮਾਂ ਜੱਸੋ ਨੇ ਆਪਣੀ ਕੁੜੀ ਦੀ ਆਵਾਜ਼ ਸੁਣੀ ਤਾਂ ਚੀਖਦੀ ਹੋਈ ਬੋਲੀ:

"ਠਹਿਰ ਜਾ ਸਿਰਮੁੰਨੀਏ, ਤੇਰੀਆਂ ਲੱਤਾਂ ਤੋੜਦੀ ਆਂ। ਤੈਨੂੰ ਮੈਂ ਪਾਥੀਆਂ ਪੱਥਣ ਨੂੰ ਕਿਹਾ ਸੀ। ਤੂੰ ਮੇਰੇ ਤੋਂ ਵੀ ਪਹਿਲਾਂ ਇਥੇ ਪਹੁੰਚ ਗਈ।"

ਗਿਆਨੋ ਗੋਹੇ ਭਰੇ ਹੱਥ ਝਟਕਦੀ ਹੋਈ ਆਪਣੇ ਘਰ ਵੱਲ ਦੌੜ ਗਈ ਅਤੇ ਛੱਤ 'ਤੇ ਜਾ ਕੇ ਕਾਲੀ ਨੂੰ ਕਹੀ ਚਲਾਉਂਦੇ ਦੇਖਣ ਲੱਗੀ। ਉਹ ਦੋ ਪਾਥੀਆਂ ਥੱਪ ਲੈਂਦੀ ਅਤੇ ਫਿਰ ਕਾਲੀ ਵੱਲ ਦੇਖਣ ਲੱਗਦੀ। ਉਹਦੇ ਪੁਰਾਣੀ ਟਾਹਲੀ ਦੇ ਰੰਗ ਦੇ ਮਜ਼ਬੂਤ, ਗੁੰਦਵੇਂ ਅਤੇ ਭਰੇ ਹੋਏ ਸਰੀਰ ਤੋਂ ਗਿਆਨੋਂ ਦੀਆਂ ਨਜ਼ਰਾਂ ਹਟਣ ਦਾ ਨਾ ਹੀ ਨਹੀਂ ਲੈਂਦੀਆਂ ਸਨ। ਫਿਰ ਉਹ ਇਕ ਤਰ੍ਹਾਂ ਨਾਲ ਕਾਲੀ ਨਾਲ ਮੁਕਾਬਲਾ ਕਰਨ ਲੱਗੀ। ਉਧਰ ਕਹੀ ਦੀ ਸੱਟ ਪੈਂਦੀ, ਏਧਰ ਉਹ ਪਾਥੀ ਪੱਥ ਕੇ ਸੁੱਟ ਦਿੰਦੀ। ਜਦੋਂ ਕਾਲੀ ਕਹੀ ਛੱਡ ਕੇ ਸੁਸਤਾਉਣ ਲੱਗਦਾ ਤਾਂ ਗਿਆਨੋ ਵੀ ਪਾਥੀਆਂ ਪੱਥਣੀਆਂ ਬੰਦ ਕਰ ਦਿੰਦੀ। ਤੇਜ਼ੀ ਨਾਲ ਉੱਤੇ ਆਉਂਦੇ ਸੂਰਜ ਨੂੰ ਦੇਖ ਕੇ ਜਦੋਂ ਕਾਲੀ ਤੇਜ਼-ਤੇਜ਼ ਕਹੀ ਚਲਾਉਣ ਲੱਗਾ ਤਾਂ ਗਿਆਨੋ ਦੀ ਪਾਥੀਆਂ ਪੱਥਣ ਦੀ ਰਫਤਾਰ ਵੀ ਉਸੇ ਹਿਸਾਬ ਨਾਲ ਵੱਧ ਗਈ। ਗਿਆਨੋ ਨੇ ਪਾਥੀਆਂ ਪੱਥ ਕੇ ਟੋਕਰਾ ਹੇਠਾਂ ਸੁੱਟ ਦਿੱਤਾ ਅਤੇ ਕਾਲੀ ਵੱਲ ਦੇਖ ਕੇ ਭਰਪੂਰ ਅੰਗੜਾਈ ਲਈ। ਟੋਕਰਾ ਡਿਗਣ ਦੀ ਆਵਾਜ਼ ਸੁਣ ਕੇ ਕਾਲੀ ਉਹਦੇ ਵੱਲ ਦੇਖਣ ਲੱਗਾ ਅਤੇ ਉਹਦੀ ਉੱਤੇ ਚੁੱਕੀ ਕਹੀ ਕੁਝ ਪਲਾਂ ਲਈ ਉਸ ਦੇ ਸਿਰ ਉੱਤੇ ਹੀ ਰੁੱਕ ਗਈ। ਗਿਆਨੋ ਨੇ ਹੇਠਾਂ ਆ ਕੇ ਹੱਥ-ਮੂੰਹ ਧੋਤਾ ਅਤੇ ਆਪਣੀ ਮਾਂ ਦੀਆਂ ਆਵਾਜ਼ਾਂ ਨੂੰ ਅਣਸੁਣਿਆ ਕਰਦੀ ਗਲੀ ਵਿੱਚ ਆ ਗਈ।

ਕਾਲੀ ਦੇ ਘਰ ਵੱਲ ਜਾਂਦਿਆਂ ਉਹਨੂੰ ਅਣਜਾਣਿਆਂ ਜਿਹਾ ਡਰ ਲੱਗਣ ਲੱਗਾ। ਕੰਨਾਂ ਵਿੱਚ ਆਪਣੇ ਭਰਾ ਮੰਗੂ ਦੀਆਂ ਝਿੜਕਾਂ ਅਤੇ ਗਾਲ੍ਹਾਂ ਗੂੰਜਣ ਲੱਗੀਆਂ। ਪਰ ਉਹਨੇ ਡਰ ਨੂੰ ਸਿਰ ਹਿਲਾ ਕੇ ਝਟਕ ਦਿੱਤਾ ਅਤੇ ਆਪਣੀ ਕਮੀਜ਼ ਦੀਆਂ ਉੱਪਰ ਚੜ੍ਹਾਈਆਂ ਬਾਹਾਂ ਨੂੰ ਖੋਲ੍ਹਦੀ ਹੋਈ ਚਾਚੀ ਦੇ ਕੋਲ ਆ ਖੜੀ ਹੋਈ।

ਉਸ ਵੇਲੇ ਚਾਚੀ ਦੇ ਕੋਲ ਦੋ ਤਿੰਨ ਬੱਚੇ ਖੇਡ ਰਹੇ ਸਨ ਅਤੇ ਉਹ ਆਰਾਮ ਨਾਲ ਅਟੇਰਨ ਚਲਾ ਰਹੀ ਸੀ। ਗਿਆਨੋ ਨੂੰ ਦੇਖ ਕੇ ਚਾਚੀ ਬੋਲੀ, "ਕੌਣ, ਗਿਆਨੋ ਆਂ?... ਏਧਰ ਆ ਮੇਰੇ ਕੋਲ ਬੈਠ।" ਚਾਚੀ ਨੇ ਜ਼ੋਰ ਪਾਉਂਦਿਆਂ ਕਿਹਾ।

"ਚਾਚੀ, ਮੈਂ ਇਥੇ ਹੀ ਠੀਕ ਆਂ," ਗਿਆਨੋ ਸਾਹਮਣੇ ਦੀ ਕੰਧ ਸਹਾਰੇ ਖੜੀ ਕਾਲੀ ਵੱਲ ਦੇਖਦੀ ਹੋਈ ਬੋਲੀ। ਚਾਚੀ ਨੇ ਅਟੇਰਨ ਛੱਡ ਕੇ ਕਿਹਾ:

"ਕਾਲੀ ਪੱਕੀਆਂ ਇੱਟਾਂ ਦਾ ਮਕਾਨ ਬਣਾਉਣ ਲੱਗਾ। ਰੱਬ ਇਹਦੀ ਲੰਮੀ ਉਮਰ ਕਰੇ।"

ਗਿਆਨੋ ਚਾਚੀ ਦੀਆਂ ਗੱਲਾਂ ਤੋਂ ਬੇਪਰਵਾਹ, ਕਾਲੀ ਨੂੰ ਕਹੀ ਚਲਾਉਂਦੇ ਨੂੰ ਦੇਖਦੀ ਰਹੀ। ਥੋੜੀ ਦੇਰ ਬਾਅਦ ਉਹਨੇ ਕਹੀ ਸੁੱਟ ਦਿੱਤੀ ਅਤੇ ਬਨੇਰੇ 'ਤੇ ਝੁਕਦਾ ਹੋਇਆ ਬੋਲਿਆ:

"ਚਾਚੀ, ਥਿਆ ਲੱਗੀ ਆ, ਪਾਣੀ ਦੇਈਂ।"

ਚਾਚੀ ਅਟੇਰਨ ਰੱਖ ਕੇ ਉੱਠਣ ਲੱਗੀ ਤਾਂ ਗਿਆਨੋ ਝੱਟ ਦੇਣੀ ਬੋਲ ਪਈ:

"ਚਾਚੀ, ਠਹਿਰ ਜਾ। ਮੈਂ ਲੱਸੀ ਲਿਆਉਂਦੀ ਆਂ।"

"ਰਹਿਣ ਦੇ ਲੱਸੀ। ਤੇਰੇ ਘਰ 'ਚ ਫਿਰ ਕਲੇਸ਼ ਪਊਗਾ।"

ਗਿਆਨੋ ਚਾਚੀ ਦੇ ਰੋਕਦੇ ਰੋਕਦੇ ਆਪਣੇ ਘਰ ਵੱਲ ਦੌੜ ਗਈ। ਕਾਲੀ ਨੇ ਫਿਰ ਪਾਣੀ ਮੰਗਿਆ ਤਾਂ ਚਾਚੀ ਬੋਲੀ:

"ਕਾਕਾ, ਗਿਆਨੋ ਆਪਣੇ ਘਰੋਂ ਤੇਰੇ ਲਈ ਲੱਸੀ ਲੈਣ ਗਈ ਆ। ਬਸ ਆਉਂਦੀ ਈ ਹੋਣੀ ਆਂ।"

ਕਾਲੀ ਗਿਆਨੋ ਦੀ ਉਡੀਕ ਵਿੱਚ ਆਪਣੀਆਂ ਅੱਖਾਂ 'ਤੇ ਹੱਥ ਦੀ ਛੱਤਰੀ ਬਣਾ ਕੇ ਗਲੀ ਵਿੱਚ ਦੇਖਣ ਲੱਗਾ।

ਥੋੜੀ ਦੇਰ ਵਿੱਚ ਗਿਆਨੋ ਗਾਹੜੀ ਲੱਸੀ ਵਿੱਚ ਲੂਣ ਪਾ ਕੇ ਗੜਬੀ ਭਰ ਲਿਆਈ ਅਤੇ ਚਾਚੀ ਨੂੰ ਫੜਾਉਂਦੀ ਬੋਲੀ:

"ਲੈ ਚਾਚੀ, ਲੱਸੀ। ਲੂਣ ਮੈਂ ਪਾ ਦਿੱਤਾ।"

"ਹੁਣ ਤੂੰ ਹੀ ਪਿਲਾ ਦੇ। ਮੈਂ ਤਾਂ ਉੱਠਦੀ ਉੱਠਦੀ ਟੈਮ ਲਾ ਦਊਂ।" ਚਾਚੀ ਨੇ ਅਟੇਰਨ ਚੁੱਕਦਿਆਂ ਕਿਹਾ।

ਗਿਆਨੋ ਇਕ ਹੱਥ ਵਿੱਚ ਲੱਸੀ ਦੀ ਗੜਬੀ ਅਤੇ ਦੂਜੇ ਹੱਥ ਵਿੱਚ ਪਿੱਤਲ ਦਾ ਗਲਾਸ ਫੜੀ ਪੌੜੀ ਦੇ ਅਖੀਰਲੇ ਡੰਡੇ 'ਤੇ ਜਾ ਖੜੀ ਹੋਈ ਅਤੇ ਝਿਜਕਦਿਆਂ ਲੱਸੀ ਨਾਲ ਭਰਿਆ ਗਲਾਸ ਕਾਲੀ ਦੇ ਹੱਥ ਵਿੱਚ ਫੜਾ ਦਿੱਤਾ। ਕਾਲੀ ਗਟਾਗੱਟ ਲੱਸੀ ਪੀਣ ਲੱਗਾ। ਗਿਆਨੋ ਉਹਦੇ ਤਖਤੇ ਵਾਂਗ ਚੌੜੇ ਚਕਲੇ ਸੀਨੇ 'ਤੇ ਵਾਲਾਂ ਵਿੱਚ ਦੀ ਵਗ ਰਹੀ ਪਸੀਨੇ ਦੀ ਨਦੀ ਨੂੰ ਦੇਖਣ ਲੱਗੀ। ਉਹਦੇ ਸਾਰੇ ਪੱਠੇ ਤਣੇ ਹੋਏ ਸਨ। ਵਾਲਾਂ 'ਤੇ ਮਹੀਨ ਮਿੱਟੀ ਦੇ ਕਣ ਅੰਬਾਂ ਦੇ ਬੂਰ ਵਾਂਗ ਖਿਲਰੇ ਹੋਏ ਸਨ। ਉਹਨੇ ਲੱਸੀ ਪੀ ਕੇ ਗਲਾਸ ਨੀਵਾਂ ਕੀਤਾ ਤਾਂ ਗਿਆਨੋ ਦੀਆਂ ਨਜ਼ਰਾਂ ਵੀ ਨਾਲ ਹੀ ਝੁੱਕ ਗਈਆਂ। ਉਹਨੇ ਦੂਸਰਾ ਗਲਾਸ ਭਰ ਦਿੱਤਾ। ਕਾਲੀ ਚੁਸਕੀਆਂ ਲੈ ਕੇ ਲੱਸੀ ਪੀਂਦਾ ਹੋਇਆ ਬੋਲਿਆ:

"ਏਦਾਂ ਦੀ ਸਵਾਦ ਲੱਸੀ ਜ਼ਿੰਦਗੀ 'ਚ ਪਹਿਲੀ ਵਾਰ ਪੀਤੀ ਆ। ਸ਼ਹਿਰ 'ਚ ਤਾਂ ਲੱਸੀ ਪੀਣ ਦਾ ਬਿਲਕੁਲ ਮਜ਼ਾ ਨਹੀਂ ਆਉਂਦਾ ਸੀ।"

ਗਿਆਨੋ ਜਵਾਬ ਵਿੱਚ ਮੁਸਕਰਾ ਪਈ ਅਤੇ ਧੀਮੀ ਆਵਾਜ਼ ਵਿੱਚ ਬੋਲੀ:

“ਜੇ ਲੱਸੀ ਪੀਣ ਦਾ ਏਨਾ ਹੀ ਸ਼ੌਕ ਸੀ ਤਾਂ ਪਿੰਡ ਛੱਡ ਕੇ ਕਿਉਂ ਗਿਆ ਸੀ।”

ਇਹ ਸੁਣ ਕੇ ਕਾਲੀ ਖਿੜਖੜਾ ਕੇ ਹੱਸ ਪਿਆ। ਗਿਆਨੋ ਮੁਸਕਰਾਉਂਦੀ ਹੋਈ ਪੌੜੀਆਂ ਤੋਂ ਹੇਠਾਂ ਉਤਰ ਆਈ ਅਤੇ ਗਲੀ ਵਿੱਚ ਆ ਕੇ ਚਾਚੀ ਦੇ ਪੈਂਦੀ ਬੈਠ ਗਈ।

“ਗਿਆਨੋ, ਏਧਰ ਆ ਕੇ ਆਰਾਮ ਨਾਲ ਬੈਠ।” ਚਾਚੀ ਨੇ ਆਪਣੇ ਸਾਹਮਣੇ ਪਈਆਂ ਸੂਤ ਦੀਆਂ ਅੱਟੀਆਂ ਨੂੰ ਸੰਭਾਲਦੇ ਹੋਏ ਕਿਹਾ।

“ਚਾਚੀ ਮੈਂ ਇਥੇ ਠੀਕ ਆਂ।” ਗਿਆਨੋ ਨੇ ਕਿਹਾ। ਉਹ ਕਦੇ ਕਾਲੀ ਨੂੰ ਕਹੀ ਚਲਾਉਂਦੇ ਨੂੰ ਦੇਖਦੀ ਅਤੇ ਕਦੇ ਅਲਚੇ ਹੋਏ ਸੂਤ ਨੂੰ ਸੂਤ ਕਰਨ ਲਈ ਚਾਚੀ ਦਾ ਹੱਥ ਵਟਾਉਣ ਲੱਗਦੀ।

ਦੁਪਹਿਰ ਤੱਕ ਕਾਲੀ ਨੇ ਛੱਤ ਦਾ ਵੱਡਾ ਹਿੱਸਾ ਡੇਗ ਦਿੱਤਾ। ਜਦੋਂ ਧੁੱਪ ਤੇਜ਼ ਹੋ ਗਈ ਤਾਂ ਉਹ ਹੇਠਾਂ ਆ ਗਿਆ। ਉਸ ਸਮੇਂ ਤੱਕ ਉਸ ਵਲੋਂ ਨਵਾਂ ਪੱਕਾ ਮਕਾਨ ਬਣਾਉਣ ਦੀ ਖਬਰ ਮੁਹੱਲੇ ਵਿੱਚ ਹਰ ਆਦਮੀ ਤੱਕ ਪਹੁੰਚ ਗਈ ਸੀ। ਜੋ ਵੀ ਮਰਦ ਖੇਤਾਂ ਵਿੱਚੋਂ ਘਰ ਵਾਪਸ ਆਉਂਦਾ ਤਾਂ ਉਹਦੇ ਘਰ ਵਾਲੇ ਉਹਨੂੰ ਸਭ ਤੋਂ ਪਹਿਲਾਂ ਇਹ ਹੀ ਦਸਦੇ ਕਿ ਕਾਲੀ ਨਵਾਂ ਪੱਕਾ ਮਕਾਨ ਬਣਾ ਰਿਹਾ ਹੈ। ਉਹ ਖੂਹ ਤੋਂ ਆਉਂਦੇ ਆਉਂਦੇ ਕਾਲੀ ਦੇ ਕੋਲ ਰੁਕਕੇ ਨਵੇਂ ਮਕਾਨ ਬਾਰੇ ਗੱਲਬਾਤ ਕਰਦੇ। ਕਾਲੀ ਨੂੰ ਉਹਨਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਅਜੀਬ ਜਿਹੀ ਖੁਸ਼ੀ ਮਹਿਸੂਸ ਹੁੰਦੀ।

ਕਾਲੀ ਨੇ ਵੀ ਨਹਾ-ਧੋਕੇ ਰੋਟੀ ਖਾਧੀ ਅਤੇ ਕੋਠੜੀ ਦੇ ਦਰਵਾਜ਼ੇ ਵਿੱਚ ਛੋਟੀ ਮੰਜੀ ਡਾਹ ਕੇ ਲੰਮਾ ਪੈ ਗਿਆ। ਹਵਾ ਦੇ ਬੁੱਲਿਆਂ ਨਾਲ ਛੱਤ ਤੇ ਖਿਲਰੀ ਹੋਈ ਮਿੱਟੀ ਉਡ ਉਡ ਕੇ ਉਹਦੇ ਉੱਪਰ ਡਿੱਗ ਰਹੀ ਸੀ। ਅਸਮਾਨ ਦਾ ਨੀਲਾ ਰੰਗ ਤੇਜ਼ ਧੁੱਪ ਵਿੱਚ ਘੁਲ ਗਿਆ ਸੀ। ਕਾਲੀ ਦਾ ਮਨ ਚਾਹੁੰਦਾ ਸੀ ਕਿ ਉਹ ਆਪਣੇ ਘਰ ਬਾਰੇ ਕਿਸੇ ਨਾਲ ਗੱਲ ਕਰੇ। ਜਦੋਂ ਇਹ ਖਾਹਿਸ਼ ਅਤੇ ਧੁੱਪ ਦੋਵੇਂ ਸਹਿਣੀਆਂ ਔਖੀਆਂ ਹੋ ਗਈਆਂ ਤਾਂ ਉਹ ਛੋਟੀ-ਜਿਹੀ ਮੰਜੀ ਚੁੱਕ ਕੇ ਤਕੀਏ ਵਿੱਚ ਚਲਾ ਗਿਆ। (ਚਲਦਾ)

**-ਅਨੁਵਾਦ: ਸੁਖਵੰਤ ਹੁੰਦਲ**

***

ਲੇਖ

# ਮੱਧਕਾਲੀ ਪੰਜਾਬੀ ਸਭਿਆਚਾਰ ਅਤੇ ਸਾਹਿਤ

**ਜਗਬੀਰ ਸਿੰਘ***

jagbir707@yahoo[com

ਮੱਧਕਾਲੀਨ ਪੰਜਾਬੀ ਸਾਹਿਤ ਨੂੰ ਉਸਦੇ ਸਭਿਆਚਾਰਕ ਪਰਿਪੇਖ ਵਿਚ ਰੱਖ ਕੇ ਵਾਚਣ ਅਤੇ ਵਿਚਾਰਨ ਲਈ ਸੱਭ ਤੋਂ ਪਹਿਲਾਂ ਸਾਹਿਤ ਅਤੇ ਸਭਿਆਚਾਰ ਦੇ ਪਰਸਪਰ ਰਿਸ਼ਤੇ ਅਤੇ ਇਨ੍ਹਾਂ ਦੇ ਸੰਕਲਪਗਤ ਸਰੂਪ ਨੂੰ ਸਪਸ਼ਟ ਕਰਨਾ ਜ਼ਰੂਰੀ ਜਾਪਦਾ ਹੈ। ਸਾਹਿਤ ਅਤੇ ਸਭਿਆਚਾਰ ਮਾਨਵੀ ਵਰਤਾਰੇ ਅਤੇ ਵਿਹਾਰ ਦੇ ਦੋ ਮਹੱਤਵਪੂਰਣ ਖੇਤਰ ਹਨ। ਓਪਰੀ ਨਜ਼ਰੇ ਭਾਵੇਂ ਇਹ, ਆਪੋ ਆਪਣੀਆਂ ਵਿਸ਼ੇਸ਼ਤਾਵਾਂ ਰੱਖਣ ਵਾਲੇ, ਸਵੈ-ਆਧਾਰੀ ਖੇਤਰ ਦਿਖਾਈ ਦਿੰਦੇ ਹਨ ਪਰ ਇਨ੍ਹਾਂ ਦੀ ਪ੍ਰਕਿਰਤੀ ਅਤੇ ਹੋਂਦ-ਵਿਧੀ ਵਿਚ ਡੂੰਘੀ ਸਮਾਨਤਾ ਅਤੇ ਸਾਂਝ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਇਨ੍ਹਾਂ ਦੋਹਾਂ ਦਾ ਆਪਸ ਵਿਚ ਡੂੰਘਾ ਵਾਲਾ ਰਿਸ਼ਤਾ ਹੈ। ਅਰਥਾਤ, ਜੇ ਸਭਿਆਚਾਰ ਇਕ ਸਮੁੱਚਾ ਅਤੇ ਵਿਆਪਕ ਮਨੁੱਖੀ ਵਰਤਾਰਾ ਹੈ ਤਾਂ ਸਾਹਿਤ ਇਸਦੇ ਅਨੇਕਾਂ ਪ੍ਰਗਟਾਉ-ਰੂਪਾਂ ਵਿਚੋਂ ਇਕ ਹੈ। ਇਹੀ ਕਾਰਣ ਹੈ ਕਿ ਭਾਵੇਂ ਸਿੱਧਾਂਤਕ ਤੌਰ ਤੇ ਇਨ੍ਹਾਂ ਦੋਹਾਂ ਨੂੰ ਇਕ ਦੂਸਰੇ ਨਾਲੋਂ ਨਿਖੇੜ ਕੇ ਵਿਚਾਰਿਆ ਜਾ ਸਕਦਾ ਹੈ ਪਰ ਵਿਹਾਰਕ ਪੱਧਰ ਉੱਤੇ ਇਹ ਇਕ ਦੂਸਰੇ ਨੂੰ ਪ੍ਰੇਰਿਤ ਅਤੇ ਪ੍ਰਭਾਵਿਤ ਕਰਨ ਵਾਲੇ ਅੰਤਰ-ਸੰਬੰਧਿਤ ਖੇਤਰ ਸਿੱਧ ਹੁੰਦੇ ਹਨ।

ਸਮਕਾਲੀ ਵਿਸ਼ਵ-ਚਿੰਤਨ ਵਿਚ ਮਨੁੱਖ ਦੇ ਸਾਹਿਤਕ ਅਤੇ ਸਭਿਆਚਾਰਕ ਵਰਤਾਰੇ ਸੰਬੰਧੀ ਭਰਪੂਰ ਸਿਧਾਂਤ-ਚਿੰਤਨ ਸਾਮ੍ਹਣੇ ਆਇਆ ਹੈ ਜਿਸਨੇ ਇਨ੍ਹਾਂ ਦੀ ਰਚਨਾ-ਸੰਰਚਨਾ, ਪ੍ਰਕਿਰਤੀ ਅਤੇ ਪ੍ਰਕਾਰਜ ਬਾਰੇ ਭਰੋਸੇਯੋਗ ਸਮਝ ਅਤੇ ਸੂਝ ਵਿਕਸਿਤ ਕਰਨ ਦਾ ਉਪਰਾਲਾ ਕੀਤਾ ਹੈ। ਵਿਸ਼ਵ-ਵਿਆਪੀ ਮਹੱਤਵ ਵਾਲੇ ਇਸ ਨਵੇਂ ਚਿੰਤਨ ਦਾ ਵਿਕਾਸ ਵੀਹਵੀਂ ਸਦੀ ਦੌਰਾਨ ਹੀ ਹੋਇਆ ਹੈ। ਇਸਨੂੰ ਵਿਕਸਿਤ ਕਰਨ ਵਿਚ ਮੁੱਖ ਤੌਰ ਤੇ ਅਮਰੀਕੀ ਨਵ-ਆਲੋਚਨਾ, ਰੂਸੀ ਰੂਪਵਾਦ, ਸੰਰਚਨਾਵਾਦ, ਚਿਹਨਵਿਗਿਆਨ, ਉੱਤਰ-ਸੰਰਚਨਾਵਾਦ, ਮਾਰਕਸਵਾਦ ਅਤੇ ਉੱਤਰ-ਮਾਰਕਸਵਾਦ ਵਰਗੀਆਂ ਨਵੀਨ ਚਿੰਤਨਧਾਰਾਵਾਂ ਨੇ ਮਹੱਤਵਪੂਰਣ ਯੋਗਦਾਨ ਦਿੱਤਾ ਹੈ। ਦਿਲਚਸਪ ਗੱਲ ਇਹ ਹੈ ਕਿ ਭਾਵੇਂ ਸੱਭਿਆਚਾਰ ਅਤੇ ਸਾਹਿਤ ਕਿਸੇ ਨਾ ਕਿਸੇ ਰੂਪ ਵਿਚ, ਮਾਨਵ ਜਾਤੀ ਦੇ ਹਮੇਸ਼ਾ ਅੰਗ-ਸੰਗ ਰਹੇ ਹਨ ਪਰ ਇਨ੍ਹਾਂ ਦੇ ਗਿਆਨਮੂਲਕ ਅਧਿਐਨ ਦੀ ਸ਼ੁਰੂਆਤ ਇਕੋ ਵੇਲੇ ਨਹੀਂ ਹੋਈ। ਜਿੱਥੇ ਸਾਹਿਤ-ਚਿੰਤਨ ਦੀ ਪਰੰਪਰਾ ਅੱਜ ਤੋਂ ਢਾਈ ਹਜ਼ਾਰ ਸਾਲ ਪਹਿਲਾਂ ਪ੍ਰਾਚੀਨ ਭਾਰਤ ਅਤੇ ਯੂਨਾਨ ਵਿਚ ਸਥਾਪਿਤ ਹੋ ਚੁੱਕੀ ਸੀ ਓਥੇ ਸਭਿਆਚਾਰ ਸੰਬੰਧੀ ਚਿੰਤਨ ਦਾ ਵਿਕਾਸ ਅਜੋਕੇ ਸਮੇਂ ਹੀ ਹੋਇਆ ਹੈ। ਇਸ ਸੰਦਰਭ ਵਿਚ ਖ਼ਾਸ ਤੌਰ ਤੇ ਸਭਿਆਚਾਰਕ ਮਾਨਵ-ਵਿਗਿਆਨ, ਸਭਿਆਚਾਰ-ਵਿਗਿਆਨ (Culturology) ਅਤੇ ਸਭਿਆਚਾਰਕ ਅਧਿਐਨ (Cultural Studies) ਵਰਗੇ ਨਵੇਂ ਅਨੁਸ਼ਾਸਨਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਇਨ੍ਹਾਂ ਨਵੇਂ ਅਨੁਸ਼ਾਸਨਾਂ ਨੇ ਸਭਿਆਚਾਰ ਦੇ ਸੰਕਲਪ ਨੂੰ ਪੁਨਰ-ਪਰਿਭਾਸ਼ਿਤ ਕਰਦਿਆਂ ਸਭਿਆਚਾਰਕ ਵਰਤਾਰੇ ਅਤੇ ਵਿਹਾਰ ਬਾਰੇ ਨਵੀਂ ਸਮਝ ਵਿਕਸਿਤ ਕਰਨ ਦਾ ਉਪਰਾਲਾ ਕੀਤਾ ਹੈ। ਚਿੰਤਨ ਦੇ ਇਸ ਨਵੇਂ ਮਾਹੌਲ ਨੇ ਸਭਿਆਚਾਰ ਬਾਰੇ ਪ੍ਰਚੱਲਤ ਅਨੇਕਾਂ ਪਰੰਪਰਕ ਧਾਰਣਾਵਾਂ ਨੂੰ ਵਿਸਥਾਪਿਤ ਕਰ ਦਿੱਤਾ ਹੈ। ਮਿਸਾਲ ਵਜੋਂ ਸਭਿਆਚਾਰਕ ਅਧਿਐਨ ਨਾਲ ਸੰਬੰਧਿਤ ਪ੍ਰਸਿੱਧ ਵਿਦਵਾਨ Chris Barker ਦਾ ਨਿਮਨ-ਅੰਕਿਤ ਕਥਨ ਦੇਖਿਆ ਜਾ ਸਕਦਾ ਹੈ :

---

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

‘‘Culture is concerned with questions of shared social meanings , that is the various ways we make sense of the world[ However, meanings are not simply floating ‘out-there’; rather, they are generated through signs, most notably those of language[”

ਅਰਥਾਤ ਸਭਿਆਚਾਰ ਦਾ ਸਰੋਕਾਰ ਉਨ੍ਹਾਂ ਸਾਂਝੇ ਸਾਮਾਜਿਕ ਅਰਥਾਂ ਨਾਲ ਹੈ ਜਿਨ੍ਹਾਂ ਦੀ ਸਹਾਇਤਾ ਨਾਲ ਅਸੀਂ ਸੰਸਾਰ ਨੂੰ ਅਰਥ ਪ੍ਰਦਾਨ ਕਰਦੇ ਹਾਂ। ਇਹ ਅਰਥ ਹਵਾ ਵਿਚ ਨਹੀਂ ਤੈਰਦੇ ਸਗੋਂ ਵਿਭਿੰਨ ਪ੍ਰਕਾਰ ਦੇ ਚਿਹਨਾਂ ਰਾਹੀਂ ਸਿਰਜੇ ਜਾਂਦੇ ਹਨ ਜਿਨ੍ਹਾਂ ਵਿਚ ਭਾਸ਼ਾਈ ਚਿਹਨਾਂ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਇਸੇ ਤਰ੍ਹਾਂ ਇਕ ਹੋਰ ਸਮਕਾਲੀ ਵਿਦਵਾਨ Stuart Hall ਨੇ ਸਭਿਆਚਾਰ ਨੂੰ ਕਿਸੇ ਸਮਾਜ ਦੇ ਸਮੂਹ ਵਿਹਾਰਾਂ, ਪੇਸ਼ਕਾਰੀਆਂ, ਭਾਸ਼ਾਵਾਂ ਅਤੇ ਰਸਮਾਂ-ਰੀਤਾਂ ਦਾ ਵਾਸਤਵਿਕ ਧਰਾਤਲ ਆਖਿਆ ਹੈ। ਪਰ ਸਭਿਆਚਾਰ ਕੋਈ ਇਕ-ਇਕਹਿਰੀ ਸਦੀਵੀ ਜਾਂ ਸਥਿਰ ਹੋਂਦ ਨਹੀਂ ਸਗੋਂ ਗਤੀਸ਼ੀਲ ਅਤੇ ਜਟਿਲ ਵਰਤਾਰਾ ਹੈ। ਕਿਸੇ ਵੀ ਮਨੁੱਖੀ ਭਾਈਚਾਰੇ ਦੀ ਸਭਿਆਚਾਰਕ ਪਛਾਣ ਭਿੰਨਤਾਵਾਂ ਅਤੇ ਸਮਾਨਤਾਵਾਂ ਦੇ ਸੰਗਠਨ ਰਾਹੀਂ ਹੋਂਦ ਵਿਚ ਆਉਂਦੀ ਹੈ। ਇਸਦੀ ਉਸਾਰੀ ਵਿਚ ਸਮਾਜਕ-ਆਰਥਕ ਦਰਜੇਬੰਦੀ ਦੇ ਆਧਾਰ ’ਤੇ ਵੰਡੇ ਹੋਏ ਭਿੰਨ-ਭਿੰਨ ਵਰਗ - ਹਾਕਮ/ਮਹਿਕੂਮ, ਹਾਵੀ/ਦਮਿਤ, ਕੁਲੀਨ/ਦਲਿਤ - ਸ਼ਾਮਿਲ ਹੁੰਦੇ ਹਨ। ਇਸਤੋਂ ਇਲਾਵਾ ਇਤਿਹਾਸਕ ਵਿਕਾਸ ਦੀ ਪ੍ਰਕਿਰਿਆ ਵਿਚੋਂ ਲੰਘਦਿਆਂ ਇਸ ਸਭਿਆਚਾਰਕ ਪਛਾਣ ਦਾ ਮੁਹਾਂਦਰਾ ਨਿਰੰਤਰ ਤਬਦੀਲ ਹੁੰਦਾ ਰਹਿੰਦਾ ਹੈ। ਅਰਥਾਤ ਸਭਿਆਚਾਰ ‘ਹੋਂਦ’ ਨਾਲੋਂ ਵਧੇਰੇ ਹਮੇਸ਼ਾ ‘ਹੋਵਣ ਦੀ ਪ੍ਰਕਿਰਿਆ’ ਵਿਚ ਰਹਿੰਦਾ ਹੈ।

ਇਸ ਨਵੇਂ ਚਿੰਤਨ ਦੀ ਰੌਸ਼ਨੀ ਵਿਚ ਸਾਹਿਤ ਅਤੇ ਸਭਿਆਚਾਰ ਦੇ ਸੰਕਲਪਗਤ ਸਰੂਪ ਅਤੇ ਪਰਸਪਰ ਰਿਸ਼ਤੇ ਨੂੰ ਸਹਿਜੇ ਹੀ ਸਪਸ਼ਟ ਕੀਤਾ ਜਾ ਸਕਦਾ ਹੈ। ਸੱਭ ਤੋਂ ਪਹਿਲਾਂ ਸਾਹਿਤ ਦੇ ਸੰਕਲਪ ਬਾਰੇ ਗੱਲ ਕੀਤੀ ਜਾ ਸਕਦੀ ਹੈ। ਸਮਕਾਲੀ ਸਾਹਿਤ-ਚਿੰਤਕਾਂ ਨੇ ਸਾਹਿਤ ਦੀ ਸਾਹਿਤਕਤਾ ਅਤੇ ਉਸਦੇ ਸਿਰਜਿਤ ਸੰਸਾਰ ਬਾਰੇ ਗੰਭੀਰ ਸਿੱਧਾਂਤ-ਚਿੰਤਨ ਕੀਤਾ ਹੈ। ਇਨ੍ਹਾਂ ਨੇ ਸਾਹਿਤ ਨੂੰ ਸ਼ਾਬਦਿਕ ਕਲਾ (verbal art) ਆਖਿਆ ਹੈ। ਅਰਥਾਤ ਇਹ ਸ਼ਬਦਾਂ ਦੇ ਮਾਧਿਅਮ ਰਾਹੀਂ ਅਰਥਾਂ ਦਾ ਉਤਪਾਦਨ ਕਰਨ ਦੀ ਕਲਾ ਹੈ। ਮਹੱਤਵਪੂਰਣ ਗੱਲ ਇਹ ਹੈ ਕਿ ਇਸ ਵਿਚਲਾ ਅਰਥਗਤ ਪਾਸਾਰ ਇਸਨੂੰ ਸਮਾਜ ਅਤੇ ਸਭਿਆਚਾਰ ਦੇ ਸੰਦਰਭਾਂ ਨਾਲ ਸੰਬੰਧਿਤ ਕਰ ਦਿੰਦਾ ਹੈ। ਅਸਲ ਵਿਚ ਅਰਥ ਦੀ ਹੋਂਦ ਹੀ ਸੰਦਰਭ-ਸਹਿਤ ਹੁੰਦੀ ਹੈ। ਸਾਹਿਤ ਦੇ ਮੁਕਾਬਲੇ ਉੱਤੇ ਸਭਿਆਚਾਰ ਮਨੁੱਖ ਦੀ ਸਮੁੱਚੀ ਜੀਵਨ-ਵਿਧੀ ਦਾ ਲਖਾਇਕ ਹੈ। ਇਹ ਕਦਰਾਂ-ਕੀਮਤਾਂ, ਰਸਮਾਂ-ਰੀਤਾਂ, ਵਿਸ਼ਵਾਸ਼-ਪਰੰਪਰਾਵਾਂ, ਸਿਰਜਣਾਤਮਕ ਕਲਪਨਾਵਾਂ, ਸੁਪਨਿਆਂ ਅਤੇ ਆਦਰਸ਼ਾਂ ਦਾ ਅਜਿਹਾ ਵਿਆਪਕ ਵਰਤਾਰਾ ਹੈ ਜੋ ਮਨੁੱਖੀ ਹੋਂਦ ਨੂੰ ਅਰਥ-ਸਾਰਥਕਤਾ ਪ੍ਰਦਾਨ ਕਰਦਾ ਹੈ। ਅਸਲ ਵਿਚ ਇਹ ਮਨੁੱਖ ਦੇ ਮਨੁੱਖ ਹੋਣ ਦੀ ਗਵਾਹੀ ਹੈ। ਉਪਰੋਕਤ ਚਰਚਾ ਦੀ ਰੌਸ਼ਨੀ ਵਿਚ ਸਾਹਿਤ ਅਤੇ ਸਭਿਆਚਾਰ ਦਾ ਅੰਤਰ-ਕਿਰਿਆਵੀ ਸੰਬੰਧ ਸਹਿਜੇ ਹੀ ਉਜਾਗਰ ਹੋ ਜਾਂਦਾ ਹੈ। ਹਰ ਸਾਹਿਤ-ਰਚਨਾ, ਅਨੁਭਵ ਅਤੇ ਬੋਧ ਦੇ ਮਾਧਿਅਮ ਰਾਹੀਂ, ਸਭਿਆਚਾਰ ਦੇ ਧਰਾਤਲ ਵਿਚੋਂ ਉਪਜਦੀ ਹੈ ਅਤੇ ਮੋੜਵੇਂ ਰੂਪ ਵਿਚ ਉਸਨੂੰ ਪ੍ਰਭਾਵਿਤ ਵੀ ਕਰਦੀ ਹੈ। ਇਸੇ ਤਰ੍ਹਾਂ, ਹਰ ਮਨੁੱਖੀ ਭਾਈਚਾਰਾ ਆਪਣੇ ਵਿਰਸੇ ਦੇ ਸਾਹਿਤਕ ਪਾਠਾਂ / ਪ੍ਰਵਚਨਾਂ ਵਿਚੋਂ ਆਪਣੀ ਸਭਿਆਚਾਰਕ ਪਛਾਣ ਤਲਾਸ਼ ਕਰਦਾ ਹੈ ਅਤੇ ਮੋੜਵੇਂ ਰੂਪ ਵਿਚ ਉਸੇ ਸਵੈ-ਪਛਾਣ ਨੂੰ ਸਾਹਿਤਕਾਰੀ ਦੇ ਮਾਧਿਅਮ ਰਾਹੀਂ ਪੁਨਰ-ਸਿਰਜਿਤ ਕਰਨ ਵਲ ਰੁਚਿਤ ਹੁੰਦਾ ਹੈ। ਇਕ ਤਰ੍ਹਾਂ ਨਾਲ ਸਾਹਿਤ, ਸਭਿਆਚਾਰ ਦੀ ਸਿਰਜਣਾ ਵੀ ਹੈ ਅਤੇ ਉਸਦਾ ਸਿਰਜਕ ਵੀ।

ਸਾਹਿਤ ਅਤੇ ਸਭਿਆਚਾਰ ਦੀ ਇਸ ਪਰਸਪਰ ਸੰਬੰਧਿਤ ਹੋਂਦ ਅਤੇ ਦੁਵੱਲੀ ਅੰਤਰ-ਕਿਰਿਆ ਦੇ ਸਿੱਧਾਂਤਕ ਵਿਵੇਚਨ ਦੀ ਰੌਸ਼ਨੀ ਵਿਚ ਅਸੀਂ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਅਧਿਐਨ ਵਲ ਪਰਤਦੇ ਹਾਂ। ਇਸ ਮੰਤਵ ਲਈ ਅਸੀਂ ਪੰਜਾਬੀ ਸਾਹਿਤ

ਅਤੇ ਸਭਿਆਚਾਰ ਦੇ ਆਦਿਕਾਲ ਅਤੇ ਮੱਧਕਾਲ (ਅਰਥਾਤ ਪੂਰਬ-ਆਧੁਨਿਕ ਕਾਲ) ਨੂੰ ਹੀ ਦ੍ਰਿਸ਼ਟੀਗੋਚਰ ਕਰਨ ਦਾ ਉਪਰਾਲਾ ਕੀਤਾ ਹੈ। ਇਸ ਸਮੁੱਚੇ ਦੌਰ ਵਿਚ ਪੰਜਾਬੀ ਸਭਿਆਚਾਰ ਆਪਣੇ ਨਿਕਾਸ ਅਤੇ ਵਿਕਾਸ ਦੇ ਅਨੇਕਾਂ ਮਹੱਤਵਪੂਰਣ ਪੜਾਵਾਂ ਥਾਣੀ ਲੰਘਦਾ ਹੈ ਅਤੇ ਆਪਣੇ ਸੁਭਾ ਅਤੇ ਚਰਿਤਰ ਦੀਆਂ ਨਿਖੜਵੀਆਂ ਵਿਸ਼ੇਸ਼ਤਾਵਾਂ ਗ੍ਰਹਿਣ ਕਰਦਾ ਹੈ। ਸਾਹਿਤਕ ਦ੍ਰਿਸ਼ਟੀ ਤੋਂ ਇਹ ਦੌਰ ਰਿਗਵੇਦ, ਮਹਭਾਰਤ ਅਤੇ ਆਦਿ ਗ੍ਰੰਥ ਵਰਗੇ ਮਹਾ-ਗ੍ਰੰਥਾਂ ਦੀ ਸਿਰਜਣਾ ਦਾ ਦੌਰ ਹੈ ਜਿਨ੍ਹਾਂ ਦਾ ਪਾਠ ਤੇ ਪ੍ਰਵਚਨ ਤਤਕਾਲੀਨ ਸਭਿਆਚਾਰ ਦੀ ਹਕੀਕਤ ਨੂੰ ਮੂਰਤੀਮਾਨ ਕਰਨ ਦੇ ਨਾਲ ਨਾਲ ਉਸਦੀ ਪੁਨਰ-ਉਸਾਰੀ ਵੀ ਕਰਦਾ ਹੈ। ਇਸਤੋਂ ਇਲਾਵਾ ਇਸ ਦੌਰ ਵਿਚ ਸੂਫ਼ੀ ਕਾਵਿ, ਕਿੱਸਾ ਕਾਵਿ ਅਤੇ ਵੀਰ ਕਾਵਿ ਵਰਗੀਆਂ ਮਹੱਤਵਪੂਰਣ ਸਾਹਿਤਕ ਧਾਰਾਵਾਂ ਸਾਮ੍ਹਣੇ ਆਉਂਦੀਆਂ ਹਨ ਜੋ ਆਪੋ ਆਪਣੇ ਢੰਗ ਨਾਲ ਪੰਜਾਬੀ ਸਭਿਆਚਾਰ ਦੇ ਜੀਵੰਤ ਸਰੋਕਾਰਾਂ ਅਤੇ ਵਿਦਰੋਹੀ ਜੀਵਨ-ਜਾਚ ਦੀ ਤਰਜਮਾਨੀ ਕਰਦੀਆਂ ਹਨ। ਇਹ ਪੰਜਾਬੀ ਬੰਦੇ ਨੂੰ ਰੂਹਾਨੀਅਤ, ਆਸ਼ਕੀ, ਫ਼ਕੀਰੀ ਅਤੇ ਬਹਾਦਰੀ ਨਵੇਂ ਪ੍ਰਤਿਮਾਨ ਵੀ ਪ੍ਰਦਾਨ ਕਰਦੀਆਂ ਹਨ।

ਸੱਭ ਤੋਂ ਪਹਿਲਾਂ ਪੰਜਾਬੀ ਸਭਿਆਚਾਰ ਦੇ ਪ੍ਰਥਮ ਪ੍ਰਕਾਸ਼ ਦੀ ਗੱਲ ਕਰਨੀ ਉਚਿਤ ਹੈ। ਜਿਹਾ ਕਿ ਅਸੀਂ ਜਾਣਦੇ ਹਾਂ, ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਮੁੱਢਲੀ ਪਛਾਣ ਭਾਰਤੀ ਉਪ-ਮਹਾਦੀਪ ਦੇ ਉਸ ਭੂਗੋਲਿਕ ਖੇਤਰ ਦੇ ਹਵਾਲੇ ਨਾਲ ਹੁੰਦੀ ਹੈ ਜਿਸਨੂੰ ਪੰਜ ਦਰਿਆਵਾਂ ਦੀ ਧਰਤੀ ਆਖਿਆ ਜਾਂਦਾ ਹੈ। ਧਰਤੀ ਦੇ ਇਸ ਖਿੱਤੇ ਦਾ ਵਰਤਮਾਨ ਨਾਮ (ਪੰਜਾਬ) ਮੱਧਕਾਲ ਵਿਚ - ਮੁਗ਼ਲ ਕਾਲ ਸਮੇਂ - ਪਿਆ। ਇਸਤੋਂ ਪਹਿਲਾਂ ਇਸਦੇ ਕਈ ਨਾਮ ਪ੍ਰਚੱਲਤ ਸਨ ਜਿਵੇਂ - ਸਪਤ-ਸਿੰਧੂ, ਪੰਚਨਦ, ਮੱਦ੍ਰ ਦੇਸ ਆਦਿ। ਪੰਜ ਦਰਿਆਵਾਂ ਦੀ ਇਸ ਧਰਤੀ ਦਾ ਸਭਿਆਚਾਰਕ ਵਿਰਸਾ ਅਤਿਅੰਤ ਪ੍ਰਚੀਨ ਹੈ। ਇਸ ਦੀਆਂ ਜੜ੍ਹਾਂ ਸਿੰਧ ਘਾਟੀ ਦੀ ਸਭਿਅਤਾ ਤਕ ਫੈਲੀਆਂ ਹੋਈਆਂ ਹਨ ਜਿਸਦੀ ਗਿਣਤੀ ਵਿਸ਼ਵ ਦੀਆਂ ਪ੍ਰਾਚੀਨ ਸਭਿਅਤਾਵਾਂ ਵਿਚ ਕੀਤੀ ਜਾਂਦੀ ਹੈ। ਪੰਜਾਬੀ ਸਭਿਆਚਾਰ ਦੇ ਸੁਭਾ ਅਤੇ ਚਰਿਤਰ ਦਾ ਨਿਖੇੜਾ ਕਰਨ ਲਈ ਸਾਨੂੰ ਪੰਜਾਬ ਦੇ ਇਤਿਹਾਸ ਉੱਤੇ ਝਾਤ ਪਾਉਣੀ ਪਵੇਗੀ ਕਿਉਂਜੋ ਸਭਿਆਚਾਰ ਦੀ ਰੂਪਰੇਖਾ ਇਤਿਹਾਸ ਦੇ ਗਤੀਸ਼ੀਲ ਪ੍ਰਵਾਹ ਵਿਚ ਹੀ ਉੱਸਰਦੀ ਹੈ।

ਪ੍ਰਚੀਨ ਪੰਜਾਬ ਦੇ ਇਤਿਹਾਸਕਾਰਾਂ - ਐਲ। ਜੋਸ਼ੀ, ਬੁੱਧ ਪ੍ਰਕਾਸ਼ ਆਦਿ - ਨੇ ਪੰਜਾਬੀ ਸਭਿਆਚਾਰ ਦਾ ਪਹਿਲਾ ਪ੍ਰਮਾਣ, ਅੱਜ ਤੋਂ ਤਕਰੀਬਨ ਪੰਜ ਹਜ਼ਾਰ ਸਾਲ ਪਹਿਲਾਂ ਵਿਕਸਿਤ ਹੋਈ, ਸਿੰਧ-ਘਾਟੀ ਦੀ ਸਭਿਅਤਾ ਵਿਚੋਂ ਤਲਾਸ਼ ਕਰਨ ਦੀ ਚੇਸ਼ਟਾ ਕੀਤੀ ਹੈ। ਭਾਵੇਂ ਇਸ ਸਭਿਅਤਾ ਦੀ ਲਿਪੀ ਹਾਲੇ ਤਕ ਉਠਾਈ ਨਹੀਂ ਜਾ ਸਕੀ ਪਰ ਪੁਰਾਤੱਤ-ਵਿਗਿਆਨੀਆਂ ਨੇ ਹੜੱਪਾ ਅਤੇ ਮੋਹਿੰਜੋੜੋ ਦੇ ਪੁਰਤਨ ਥੇਹਾਂ ਤੋਂ ਪ੍ਰਾਪਤ ਠੀਕਰ-ਮੋਹਰਾਂ ਉੱਤੇ ਉੱਕਰੇ ਚਿੱਤਰਾਂ, ਟੁੱਟੀਆਂ ਭੱਜੀਆਂ ਮੂਰਤੀਆਂ, ਖਿਡੌਨਿਆਂ, ਹਾਰ-ਸ਼ਿੰਗਾਰ ਅਤੇ ਕਫ਼ਨ-ਦਫ਼ਨ ਨਾਲ ਸੰਬੰਧਿਤ ਵਸਤਾਂ, ਧਿਆਨੀ ਮੁਦਰਾ ਵਿਚ ਬੈਠੇ ਵਿਅਕਤੀ (ਸ਼੍ਰਮਣ?) ਦੇ ਆਕਾਰ, ਇਸ਼ਨਾਨ-ਘਰ ਦੇ ਅਵਸ਼ੇਸ਼ਾਂ ਦੀ ਮੂਕ ਭਾਸ਼ਾ ਨੂੰ ਪੜ੍ਹਨ ਅਤੇ ਪੂਰਬ-ਇਤਿਹਾਸਕ ਯੁੱਗ ਦੇ ਇਸ ਲੁਪਤ ਸਭਿਆਚਾਰ ਨੂੰ ਜ਼ੁਬਾਨ ਦੇਣ ਦਾ ਉਪਰਾਲਾ ਕੀਤਾ ਹੈ।

ਅੱਜ ਤੋਂ ਤਕਰੀਬਨ ਸਾਢੇ ਤਿੰਨ ਹਜ਼ਾਰ ਸਾਲ ਪਹਿਲਾਂ ਜਦੋਂ ਆਰੀਆ ਜਾਤੀ ਨੇ ਮੱਧ ਏਸ਼ੀਆ ਤੋਂ, ਈਰਾਨ ਦੇ ਰਸਤੇ, ਭਾਰਤ ਵਿਚ ਪ੍ਰਵੇਸ਼ ਕੀਤਾ ਅਤੇ ਤਾਂ ਇਸਦਾ ਸਾਮ੍ਹਣਾ ਇਸੇ ਸਿੰਧ-ਘਾਟੀ ਦੀ ਸਭਿਅਤਾ ਨਾਲ ਹੋਇਆ। ਆਰੀਆਂ ਨੇ ਆਪਣਾ ਪਹਿਲਾ ਨਿਵਾਸ ਸਥਾਨ ਪੰਜਾਬ ਨੂੰ ਹੀ ਬਣਾਇਆ। ਉਨ੍ਹਾਂ ਨੇ ਇਥੇ ਹੀ ਵਿਸ਼ਵ ਦੀ ਸੱਭ ਤੋਂ ਪੁਰਾਣੀ ਪੁਸਤਕ **ਰਿਗ ਵੇਦ** ਦੀ ਰਚਨਾ ਕੀਤੀ ਜਿਸਦੇ ਮਿਥਕ ਪ੍ਰਸੰਗਾਂ ਵਿਚ ਅਸਿੱਧੇ ਤੌਰ ਤੇ ਦੋਹਾਂ ਸਭਿਅਤਾਵਾਂ (ਆਰੀਆ/ਅਨਾਰੀਆ) ਦੇ ਸੰਘਰਸ਼ ਅਤੇ ਟਕਰਾਉ ਦੀ ਗਾਥਾ ਲੁਕੀ ਹੋਈ ਹੈ। ਮਿਸਾਲ ਵਜੋਂ ਇੰਦਰ ਦੇ ਦਸਯੂਆਂ ਨੂੰ ਮਾਰ ਮੁਕਾਉਣ ਅਤੇ ਉਨ੍ਹਾਂ ਦੇ 99 ਕਿਲੇ ਮਿੱਟੀ ਵਿਚ ਮਿਲਾਉਣ ਦਾ ਪ੍ਰਸੰਗ ਇਸੇ ਗੱਲ ਵਲ ਸੰਕੇਤ ਕਰਦਾ ਹੈ। ਸਿੰਧ ਘਾਟੀ ਦੇ ਅਨੇਕਾਂ ਨਾਗ੍ਰਿਕ ਕੇਂਦਰਾਂ ਦਾ ਅਚਾਨਕ ਢਹਿ ਢੇਰੀ ਹੋ ਜਾਣ ਦਾ ਪੁਰਾਤੱਤ-ਵਿਗਿਆਨਕ ਪ੍ਰਮਾਣ ਇਸੇ ਤੱਥ ਦੀ ਪੁਸ਼ਟੀ ਕਰਦਾ ਹੈ। ਰਿਗਵੇਦ ਵਿਚ ਵਰਣਿਤ ਦਸਯੂ ਜਾਂ ਅਸੁਰ ਲੋਕ ਨਿਸ਼ਚੇ ਹੀ ਪੰਜਾਬ ਦੀ

ਪੂਰਬ-ਆਰੀਆ ਜਾਤੀ ਦੇ ਲੋਕ ਸਨ ਜੋ ਆਰੀਆ ਜਾਤੀ ਦੀ ਸੈਨਿਕ ਸ਼ਕਤੀ ਅੱਗੇ ਹਾਰ ਗਏ। ਉਨ੍ਹਾਂ ਵਿਚੋਂ ਬਚੇ-ਖੁਚੇ ਲੋਕ ਜਾਂ ਤਾਂ ਦਾਸ ਬਣਾ ਲਏ ਗਏ ਅਤੇ ਜਾਂ ਜੰਗਲਾਂ ਬੀਆਬਾਨਾਂ ਵਿਚ ਜਾ ਲੁਕੇ। ਹਾਰ ਦੇ ਬੋਝ ਹੇਠਾਂ ਦਬੇ ਹੋਏ ਇਹ ਲੋਕ ਸਦੀਆਂ ਤਕ ਆਪਣੇ ਖੋਲ ਵਿਚ ਸਿਮਟੇ ਚਿੰਤਨ ਅਤੇ ਚੇਤਨਾ ਦੇ ਅੰਤਰਮੁਖੀ ਸੰਸਾਰ ਵਿਚ ਵਿਚਰਦੇ ਰਹੇ। ਇਹ ਸ਼੍ਰਮਣਾਂ ਅਤੇ ਮੁਨੀਆਂ ਦੇ ਰੂਪ ਵਿਚ ਧਰਮ, ਦਰਸ਼ਨ ਅਤੇ ਨੈਤਿਕਤਾ ਦੇ ਪ੍ਰਬੰਧ ਉਸਾਰਨ ਵਿਚ ਜੁਟੇ ਰਹੇ ਅਤੇ ਆਰੀਆਂ ਦੀ ਭੌਤਿਕ ਸ਼ਕਤੀ ਦਾ ਬੌਧਿਕ ਪ੍ਰਤਿਉੱਤਰ ਤਲਾਸ਼ ਕਰਨ ਵਲ ਰੁਚਿਤ ਰਹੇ। ਇਸਦੀ ਸਰਬੋਤਮ ਪ੍ਰਾਪਤੀ ਬੁੱਧਮਤ ਅਤੇ ਜੈਨਮਤ ਦੇ ਰੂਪ ਵਿਚ ਸਾਮ੍ਹਣੇ ਆਈ।

ਇਸ ਤਰ੍ਹਾਂ **ਰਿਗਵੇਦ** ਪੰਜਾਬੀ ਵਿਰਸੇ ਦੀ ਪਹਿਲੀ ਸਾਹਿਤਕ ਸਿਰਜਣਾ ਹੈ। ਇਸਦਾ ਪਾਠ ਅਤੇ ਪ੍ਰਵਚਨ ਜੇਤੂ ਸਭਿਆਚਾਰ ਦੀ ਵਿਜੈ-ਯਾਤਰਾ ਨੂੰ ਵੀ ਮੂਰਤੀਮਾਨ ਕਰਦਾ ਹੈ ਅਤੇ ਪੰਜਾਬੀ ਬੰਦੇ ਦੀ ਮਾਨਸਿਕਤਾ, ਉਸਦੀ ਵਿਸ਼ਵ-ਦ੍ਰਿਸ਼ਟੀ ਅਤੇ ਜੀਵਨ-ਵਿਧੀ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਪ੍ਰਕਿਰਤਕ ਸ਼ਕਤੀਆਂ ਦੇ ਦੈਵੀਕਰਣ ਰਾਹੀਂ ਇਹ ਸੁਖ-ਸਮ੍ਰਿਧੀ ਦੀ ਲਾਲਸਾ ਅਤੇ ਕਾਮਨਾ ਦੇ ਜਸ਼ਨ ਦਾ ਪ੍ਰਵਚਨ ਵੀ ਸਿਰਜਦਾ ਹੈ ਅਤੇ ਬ੍ਰਮਿੰਡੀ ਚੇਤਨਾ ਦਾ ਸੰਚਾਰ ਵੀ ਕਰਦਾ ਹੈ।

ਮੁੱਢਲੇ ਟਕਰਾਉ ਤੋਂ ਬਾਦ ਆਰੀਆ ਅਤੇ ਪੂਰਬ-ਆਰੀਆ ਸਭਿਆਚਾਰਾਂ ਵਿਚਕਾਰ ਬੌਧਿਕ ਸੰਵਾਦ ਦੀ ਸਥਿਤੀ ਦਾ ਉੱਭਰਨਾ ਵੀ ਸੁਭਾਵਕ ਹੀ ਸੀ। ਇਸਦੇ ਸਿੱਟੇ ਵਜੋਂ ਉਪਨਿਸ਼ਦਾਂ ਅਤੇ ਦਰਸ਼ਨਸ਼ਾਸਤਰਾਂ ਦੀ ਰਚਨਾ ਹੋਈ ਜਿਸਨੂੰ ਪਰੋਖ ਰੂਪ ਵਿਚ ਆਰੀਆ ਅਤੇ ਪੂਰਬ-ਆਰੀਆ ਚਿੰਤਨ ਵਿਚਕਾਰ ਸੰਵਾਦ ਦੀ ਉਪਜ ਮੰਨਿਆਂ ਜਾ ਸਕਦਾ ਹੈ। ਇਨ੍ਹਾਂ ਸਮਨਵੈਕਾਰੀ ਗਤੀ-ਵਿਧੀਆਂ ਨੇ ਪੰਜਾਬ ਅਤੇ ਭਾਰਤ ਵਿਚ ਇਕ ਵਿਸ਼ੇਸ਼ ਭਾਂਤ ਦੇ ਸਾਂਝੇ-ਮਿੱਸੇ ਸਭਿਆਚਾਰ ਨੂੰ ਜਨਮ ਦਿੱਤਾ। ਇਸੇ ਦੌਰ ਵਿਚ **ਰਾਮਾਇਣ** ਅਤੇ **ਮਹਾਭਾਰਤ** ਵਰਗੇ ਮਹਾਕਾਵਿਆਂ ਦੀ ਸਿਰਜਣਾ ਵੀ ਸਾਮ੍ਹਣੇ ਆਉਂਦੀ ਹੈ ਜਿਨ੍ਹਾਂ ਵਿਚਲੇ ਅਨੇਕਾਂ ਮਿਥਕ ਬਿਰਤਾਂਤ ਦੋਹਾਂ ਸਭਿਆਚਾਰਾਂ ਦੇ ਸੁਮੇਲ ਦੀ ਦੱਸ ਪਾਉਂਦੇ ਹਨ। ਭਾਵੇਂ ਇਨਾਂ ਦੋਹਾਂ ਮਹਾਕਾਵਿਆਂ ਦੇ ਨਾਇਕ (ਰਾਮ ਅਤੇ ਕ੍ਰਿਸ਼ਣ) ਪੰਜਾਬ ਦੀ ਧਰਤੀ ਤੋਂ ਬਾਹਰਲੇ ਹਨ ਅਤੇ ਇਨ੍ਹਾਂ ਵਿਚਲੀ ਕਥਾ-ਵਸਤੂ ਅਤੇ ਥੀਮ ਸਰਬ-ਭਾਰਤੀ ਮਹੱਤਵ ਰੱਖਦੀ ਹੈ ਪਰ ਇਨ੍ਹਾਂ ਵਿਚਲੇ ਅਨੇਕਾਂ ਕਥਾ-ਪ੍ਰਸੰਗ ਪੰਜਾਬ ਦੀ ਧਰਤੀ ਅਤੇ ਉਸਦੀਆਂ ਸਭਿਆਚਾਰਕ ਰਵਾਇਤਾਂ ਨੂੰ ਵੀ ਮੂਰਤੀਮਾਨ ਕਰਦੇ ਹਨ। ਖ਼ਾਸ ਤੌਰ ਤੇ ਮਹਾਭਾਰਤ ਵਿਚਲੀ ਕਥਾ-ਵਸਤੂ ਦਾ ਮੂਲ ਘਟਨਾ ਸਥਲ ਤਾਂ ਉਸ ਵੇਲੇ ਦਾ ਪੰਜਾਬ ਹੀ ਹੈ ਅਤੇ ਕੁਝ ਵਿਦਵਾਨਾਂ ਅਨੁਸਾਰ ਇਸਦੀ ਸਰਿਜਣਾ ਵੀ ਸ਼ਾਇਦ ਪੰਜਾਬ ਦੀ ਧਰਤੀ ਤੇ ਹੀ ਹੋਈ ਹੈ। ਇਸ ਤਰ੍ਹਾਂ ਰਿਗਵੇਦ ਅਤੇ ਮਹਾਭਾਰਤ ਪੰਜਾਬ ਦੀ ਸਾਹਿਤਕ ਅਤੇ ਸਭਿਆਚਾਰਕ ਵਿਰਾਸਤ ਅੰਗ ਹਨ। ਇਨ੍ਹਾਂ ਵਿਚ ਉਸ ਵੇਲੇ ਦਾ ਪੰਜਾਬੀ ਸਭਿਆਚਾਰ ਭਲੀ ਭਾਂਤ ਪ੍ਰਤਿਬਿੰਬਿਤ ਹੁੰਦਾ ਹੈ।

ਪੰਜਾਬ ਦੇ ਸਭਿਆਚਾਰਕ ਇਤਿਹਾਸ ਵਿਚ ਹਮਲਾਵਰ ਦੇ ਰੂਪ ਵਿਚ ਦਾਖ਼ਲ ਹੋਏ ਬਾਹਰਲੇ ਸਭਿਆਚਾਰਾਂ ਦਾ ਵਿਆਪਕ ਪ੍ਰਭਾਵ ਰਿਹਾ ਹੈ। ਮੁੱਢਲੇ ਆਰੀਆ ਕਬੀਲਿਆਂ ਤੋਂ ਬਾਦ ਸ਼ੱਕ, ਹੁੱਨ, ਸੀਥੀਅਨ ਆਦਿ ਹੋਰ ਅਨੇਕਾਂ ਜੰਗਜੂ ਕਬੀਲੇ ਇਥੇ ਆਉਂਦੇ ਰਹੇ। ਇਹ ਧਾੜਵੀ ਕਬੀਲੇ ਜਾਂ ਤਾਂ ਉਥਲ-ਪੁਥਲ ਮਚਾ ਕੇ ਵਾਪਸ ਪਰਤ ਜਾਂਦੇ ਰਹੇ ਅਤੇ ਜਾਂ ਇਸ ਜ਼ਰਖ਼ੇਜ਼ ਸਰਜ਼ਮੀਨ ਉੱਤੇ ਵਸ ਜਾਂਦੇ ਰਹੇ। ਇਨ੍ਹਾਂ ਨੇ ਪੰਜਾਬ ਦੇ ਸਾਂਝੇ ਸਭਿਆਚਾਰ ਦੀ ਉਸਾਰੀ ਵਿਚ ਆਪੋ ਆਪਣਾ ਯੋਗਦਾਨ ਪਾਇਆ। 326 ਈਸਾ ਪੂਰਬ ਵਿਚ ਸਿਕੰਦਰ ਮਹਾਨ ਆਖੇ ਜਾਣ ਵਾਲੇ ਧਾੜਵੀ ਨੇ ਵੱਡੇ ਲਸ਼ਕਰ ਸਮੇਤ ਪੰਜਾਬ ਉੱਤੇ ਹਮਲਾ ਕੀਤਾ। ਸਥਾਨਕ ਰਾਜਾਂ ਦੀ ਆਪਸੀ ਫੁੱਟ ਕਾਰਣ ਸ਼ੁਰੂ ਸ਼ੁਰੂ ਵਿਚ ਉਸਨੂੰ ਕਾਫੀ ਸਫਲਤਾ ਵੀ ਪ੍ਰਾਪਤ ਹੋਈ ਪਰ ਪੰਜਾਬ ਦੇ ਗਣਤੰਤਰੀ ਕਬੀਲਿਆਂ ਦੀਆਂ ਗੁਰੀਲਾ-ਯੁੱਧ ਦੀਆਂ ਕਾਰਵਾਈਆਂ ਨੇ ਉਸਦੀ ਫੌਜ ਦੇ ਹੌਸਲੇ ਪਸਤ ਕਰ ਦਿੱਤੇ ਅਤੇ ਉਹ ਆਪਣੇ ਜਿੱਤੇ ਹੋਏ ਕੁਝ ਇਲਾਕਿਆਂ ਵਿਚ ਆਪਣੇ ਸਤਰਪ ਮੁਕੱਰਰ ਕਰਕੇ ਲਾਮ-ਲਸ਼ਕਰ ਸਮੇਤ ਵਾਪਸ ਪਰਤ ਗਿਆ। ਪੰਜਾਬ ਦੀ ਉੱਤਰ-ਪੱਛਮੀ ਸਰਹੱਦ ਉੱਤੇ ਕਾਫੀ ਅਰਸੇ ਤਕ ਇਨ੍ਹਾਂ ਯੂਨਾਨੀਆਂ ਦਾ ਕਬਜ਼ਾ ਰਿਹਾ। ਇਸ ਸਮੇਂ ਪੰਜਾਬੀ ਸਭਿਆਚਾਰ ਉੱਤੇ ਯੂਨਾਨੀ ਪ੍ਰਭਾਵ ਪੈਣਾ ਸੁਭਾਵਕ ਸੀ।

ਯੂਨਾਨੀ ਹਮਲੇ ਤੋਂ ਬਾਦ ਪੰਜਾਬ ਦੇ ਸਭਿਆਚਾਰਕ ਇਤਿਹਾਸ ਵਿਚ ਅਗਲੇਰੀ ਮਹੱਤਵਪੂਰਣ ਘਟਨਾ ਇਸਲਾਮੀ / ਸਾਮੀ ਸਭਿਆਚਾਰ ਦੀ ਆਮਦ ਹੈ। ਅੱਠਵੀਂ ਸਦੀ ਈ। ਤੋਂ ਲੈਕੇ ਦਸਵੀਂ ਸਦੀ ਈ। ਤਕ ਅਰਬ ਅਤੇ ਅਫ਼ਗ਼ਾਨਿਸਤਾਨ ਵਲੋਂ ਪੰਜਾਬ ਉੱਤੇ ਮੁਸਲਿਮ ਸ਼ਾਸਕਾਂ ਵਲੋਂ ਲਗਾਤਾਰ ਹਮਲੇ ਹੁੰਦੇ ਰਹੇ। ਇਨ੍ਹਾਂ ਵਿਚ ਮੁਹੰਮਦ ਬਿਨ ਕਾਸਿਮ, ਮਹਿਮੂਦ ਗ਼ਜ਼ਨਵੀ ਅਤੇ ਮਹੰਮਦ ਗ਼ੌਰੀ ਵਰਗੇ ਹਮਲਾਵਰਾਂ ਦਾ ਨਾਮ ਲਿਆ ਜਾ ਸਕਦਾ ਹੈ। 1001 ਈ। ਵਿਚ ਪੰਜਾਬ ਪੂਰੀ ਤਰ੍ਹਾਂ ਮੁਸਲਮਾਨ ਹਾਕਮਾਂ ਦੇ ਕਬਜ਼ੇ ਵਿਚ ਆ ਗਿਆ ਅਤੇ ਇਨ੍ਹਾਂ ਦੇ ਕਈ ਵੰਸ਼ ਸੱਤ ਸਦੀਆਂ ਤਕ ਇਥੇ ਹਕੂਮਤ ਕਰਦੇ ਰਹੇ। ਇਨ੍ਹਾਂ ਵਿਚ ਖਿਲਜੀ, ਤੁਗ਼ਲਕ ਅਤੇ ਲੋਧੀ ਅਤੇ ਮੁਗ਼ਲ ਵੰਸ਼ਾਂ ਦਾ ਨਾਮ ਖ਼ਾਸ ਤੌਰ ਤੇ ਵਰਣਨਯੋਗ ਹੈ। ਤੁਰਕ ਅਤੇ ਮੁਗ਼ਲ ਹਮਲਿਆਂ ਨੇ ਪੰਜਾਬ ਅਤੇ ਭਾਰਤ ਵਿਚ ਸਾਮੀ / ਇਸਲਾਮੀ ਸੱਭਿਆਚਾਰ ਦੇ ਪ੍ਰਭਾਵ ਦਾ ਰਾਹ ਖੋਲ੍ਹ ਦਿੱਤਾ ਜੋ ਆਰੀਆ-ਹਿੰਦੂ ਸੱਭਿਆਚਾਰ ਨਾਲੋਂ ਬਿਲਕੁਲ ਵੱਖਰਾ ਸੀ। ਸਮਾ ਪਾਕੇ ਦੋਹਾਂ ਸੱਭਿਆਚਾਰਾਂ ਵਿਚਕਾਰ ਟਕਰਾਉ ਅਤੇ ਤਣਾਉ ਦਾ ਮੁੱਢਲਾ ਦੌਰ ਪਰਸਪਰ ਸੰਵਾਦ ਰਾਹੀਂ ਸਮਨਵੈ ਅਤੇ ਸੁਮੇਲ ਦੀ ਭਾਵਨਾ ਵਿਚ ਵਟਣ ਲੱਗਾ। ਇਸ ਦਿਸ਼ਾ ਵਿਚ ਸੰਤਾਂ, ਭਗਤਾਂ, ਸੂਫ਼ੀਆਂ ਅਤੇ ਗੁਰੂ-ਵਿਅਕਤੀਆਂ ਨੇ ਬਹੁਤ ਅਹਿਮ ਰੋਲ ਅਦਾ ਕੀਤਾ। ਇਨ੍ਹਾਂ ਧਰਮ-ਪ੍ਰਵਰਤਕਾਂ ਨੇ ਆਪਣੀ ਉਦਾਰ ਮਾਨਵਵਾਦੀ ਜੀਵਨ-ਦ੍ਰਿਸ਼ਟੀ ਅਤੇ ਸਰਬ-ਸਾਂਝੀਵਾਲਤਾ ਦੇ ਪੈਗ਼ਾਮ ਰਾਹੀਂ ਮੱਧਕਾਲੀਨ ਭਾਰਤ ਵਿਚ ਸੱਭਿਆਚਾਰਕ ਜਾਗ੍ਰਿਤੀ ਦੀ ਇਕ ਅਜਿਹੀ ਵਿਆਪਕ ਲਹਿਰ ਨੂੰ ਜਨਮ ਦਿੱਤਾ ਜਿਸਨੇ ਭਿੰਨ-ਭਿੰਨ ਧਰਮ-ਸੰਪ੍ਰਦਾਵਾਂ, ਜਾਤ-ਬਰਾਦਰੀਆਂ ਅਤੇ ਵਰਗਾਂ ਵਿਚਕਾਰ ਸਾਂਝ ਅਤੇ ਸ਼ਾਂਤਮਈ ਸਹਿ-ਹੋਂਦ ਦਾ ਸੰਦੇਸ਼ ਸੰਚਾਰਿਤ ਕੀਤਾ।

ਅਜੋਕੇ ਰੂਪ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਵਿਕਾਸ ਇਸੇ ਦੌਰਾਨ ਹੋਇਆ। ਇਸ ਸਮੁੱਚੇ ਦੌਰ ਨੂੰ ਮੱਧਕਾਲ ਦਾ ਨਾਮ ਦਿੱਤਾ ਗਿਆ ਹੈ। ਸਾਹਿਤਕ ਦ੍ਰਿਸ਼ਟੀ ਤੋਂ ਇਸ ਦੌਰ ਦੀ ਮੁੱਖ ਪ੍ਰਾਪਤੀ ਗੁਰਮਤਿ ਕਾਵਿ ਦੇ ਰੂਪ ਵਿਚ ਸਾਮ੍ਹਣੇ ਆਉਂਦੀ ਹੈ ਜਿਸਦਾ ਪ੍ਰਾਮਾਣਿਕ ਸੰਕਲਨ **ਆਦਿ ਗ੍ਰੰਥ** (ਸ੍ਰੀ ਗੁਰੂ ਗ੍ਰੰਥ ਸਾਹਿਬ) ਦੇ ਰੂਪ ਵਿਚ ਪ੍ਰਾਪਤ ਹੈ। 'ਧੁਰ ਕੀ ਬਾਣੀ' ਜਾਂ 'ਸ਼ਬਦ ਗੁਰੂ' ਵਜੋਂ ਮਾਨਤਾ ਰੱਖਣ ਵਾਲੇ ਇਸ ਅਦੁੱਤੀ ਧਰਮ-ਗ੍ਰੰਥ ਵਿਚ ਸਿੱਖ ਧਰਮ ਦੇ ਪ੍ਰਵਰਤਕ ਗੁਰੂ ਨਾਨਕ ਦੇਵ ਅਤੇ ਹੋਰਨਾਂ ਗੁਰੂ-ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਮੱਧਕਾਲੀਨ ਭਾਰਤ ਦੇ ਪ੍ਰਮੁੱਖ ਸੰਤਾਂ, ਭਗਤਾਂ ਅਤੇ ਸੂਫ਼ੀ-ਸੰਤ ਬਾਬਾ ਫ਼ਰੀਦ ਦੀ ਰਚਨਾ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਬਾਰ੍ਹਵੀਂ ਸਦੀ ਈਸਵੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਈਸਵੀ ਤਕ ਦੇ ਲੰਮੇ ਵਿਸਤਾਰ ਵਿਚ ਪ੍ਰਵਾਹਿਤ ਹੋਣ ਵਾਲੀ ਇਹ ਪਾਵਨ ਰਚਨਾ ਭਾਰਤੀ ਉਪ-ਮਹਾਂਦੀਪ ਦੇ ਭਿੰਨ-ਭਿੰਨ ਭੂਗੋਲਿਕ ਖੇਤਰਾਂ ਨਾਲ ਵੀ ਸੰਬੰਧਿਤ ਹੈ। ਇਹੀ ਕਾਰਣ ਹੈ ਕਿ ਸਿੱਖ-ਵਿਰਸੇ ਦੀ ਇਸ ਪਾਵਨ ਰਚਨਾ ਨੂੰ ਮੱਧਕਾਲੀਨ ਭਾਰਤ ਦੀ ਮੁੱਲਵਾਨ ਸੱਭਿਆਚਾਰਕ ਟੈਕਸਟ ਵਜੋਂ ਵੀ ਵਾਚਿਆ ਜਾ ਸਕਦਾ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਇਹ ਰਚਨਾ ਮੱਧਕਾਲੀਨ ਭਾਰਤ ਦੇ ਉਸ ਦੌਰ ਦੀ ਪ੍ਰਤਿਨਿਧਤਾ ਕਰਦੀ ਹੈ ਜਿਸਨੂੰ ਸਭਿਆਚਾਰਕ ਨਵ-ਜਾਗ੍ਰਿਤੀ ਦਾ ਦੌਰ ਆਖਿਆ ਗਿਆ ਹੈ। ਨਵ-ਜਾਗ੍ਰਿਤੀ ਦੀ ਇਸ ਲਹਿਰ ਨੂੰ ਉਸਾਰਨ ਵਿਚ ਸੰਤਾਂ, ਭਗਤਾਂ ਅਤੇ ਗੁਰੂ-ਵਿਅਕਤੀਆਂ ਦਾ ਯੋਗਦਾਨ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਇਨ੍ਹਾਂ ਮੱਧਕਾਲੀਨ ਧਰਮ-ਪ੍ਰਵਰਤਕਾਂ ਨੇ ਆਪਣੀ ਬਾਣੀ ਅਤੇ ਕਲਾਮ ਰਾਹੀਂ ਸੱਭਿਆਚਾਰਕ ਕ੍ਰਾਂਤੀ ਅਤੇ ਮਾਨਵ-ਮੁਕਤੀ ਦਾ ਅਜਿਹਾ ਸੰਦੇਸ਼ ਸੰਚਾਰਿਤ ਕੀਤਾ ਜਿਸਨੂੰ ਮਨੁੱਖੀ ਹੋਂਦ ਦੀ ਗੌਰਵਮਈ ਪ੍ਰਾਪਤੀ ਮੰਨਿਆਂ ਜਾ ਸਕਦਾ ਹੈ। ਅਜਿਹੀ ਸਥਿਤੀ ਦੇ ਪ੍ਰਸੰਗ ਵਿਚ ਆਦਿ ਗ੍ਰੰਥ ਬਾਣੀ ਨੂੰ **ਕ੍ਰਾਂਤੀ** ਅਤੇ **ਮੁਕਤੀ** ਦਾ ਪ੍ਰਵਚਨ ਵੀ ਆਖਿਆ ਜਾ ਸਕਦਾ ਹੈ। ਗੁਰਬਾਣੀ ਦਾ ਪ੍ਰਵਚਨ ਹਾਕਮ ਸ਼੍ਰੇਣੀ ਅਤੇ ਕੁਲੀਨ ਵਰਗਾਂ ਦਾ ਪੱਖ ਪੂਰਣ ਵਾਲੀ ਸ਼ੋਸ਼ਣਕਾਰੀ ਵਿਚਾਰਧਾਰਾ ਦਾ ਖੰਡਨ ਕਰਦਾ ਹੈ। ਇਹ ਮੁਗ਼ਲ ਸਾਮੰਤਵਾਦ ਅਤੇ ਜਾਗੀਰਦਾਰੀ ਅਰਥ-ਵਿਵਸਥਾ ਦੀ ਹਿੰਸਾ ਨੂੰ ਹੀ ਨੰਗਿਆਂ ਨਹੀਂ ਕਰਦਾ ਸਗੋਂ ਪੀੜਿਤ ਲੋਕਾਈ ਦੇ ਮਨ ਵਿਚ ਇਸ ਅਤਿਆਚਾਰੀ ਸ਼ਾਸ਼ਣ ਦੀ ਅਸਥਿਰਤਾ ਦਾ ਅਹਿਸਾਸ ਜਗਾ ਕੇ ਨੈਤਿਕ ਮਨੋਬਲ ਵੀ ਪੈਦਾ ਕਰਦਾ ਹੈ।

ਇਹ ਬਾਣੀ ਭਿੰਨ-ਭਿੰਨ ਧਰਮਾਂ, ਫ਼ਿਰਕਿਆਂ, ਵਰਗਾਂ ਅਤੇ ਜਾਤ-ਬਰਾਦਰੀਆਂ ਨੂੰ ਪਰਸਪਰ ਵੈਰ-ਵਿਰੋਧ ਅਤੇ ਟਕਰਾਉ ਰਾਹ ਛੱਡ ਕੇ ਸਦਭਾਵਨਾ, ਸੁਹਿਰਦਤਾ, ਸਹਿਯੋਗ ਅਤੇ ਸਹਿਨਸ਼ੀਲਤਾ ਦਾ ਸੰਦੇਸ਼ ਸੰਚਾਰਿਤ ਕਰਦੀ ਹੈ। ਇਸ ਤਰ੍ਹਾਂ ਆਦਿ ਗ੍ਰੰਥ ਬਾਣੀ ਦਾ ਪ੍ਰਵਚਨ ਵਿਭਿੰਨ ਸੱਭਿਆਚਾਰਕ ਪਰੰਪਰਾਵਾਂ ਵਿਚਕਾਰ ਸ਼ਾਂਤਮਈ ਸਹਿ-ਹੋਂਦ ਨੂੰ ਪ੍ਰਵਾਨਗੀ ਦਿੰਦਾ ਹੋਇਆ ਮੱਧਕਾਲੀਨ ਭਾਰਤ ਵਿਚ ਉੱਸਰ ਰਹੇ ਸੰਜੁਗਤ ਸੱਭਿਆਚਾਰ ਦੀ ਸੰਭਾਵਨਾ ਨੂੰ ਵੀ ਸਾਕਾਰ ਕਰਦਾ ਹੈ। ਮਿਸਾਲ ਵਜੋਂ ਆਦਿ ਗ੍ਰੰਥ ਬਾਣੀ ਦੀਆ ਕੁਝ ਪੰਗਤੀਆਂ ਪੇਸ਼ ਹਨ :

ਕੋਈ ਬੋਲੈ **ਰਾਮ ਰਾਮ** ਕੋਈ **ਖੁਦਾਇ** ॥
ਕੋਈ ਸੇਵੈ **ਗੁਸਈਆ** ਕੋਈ **ਅਲਾਹਿ**॥1॥ਕਾਰਣ ਕਰਣ **ਕਰੀਮ** ॥
ਕਿਰਪਾ ਧਾਰਿ **ਰਹੀਮ** ॥1॥ ਰਹਾਉ ॥
ਕੋਈ ਨਾਵੈ **ਤੀਰਥਿ** ਕੋਈ **ਹਜ** ਜਾਇ ॥
ਕੋਈ ਕਰੈ **ਪੂਜਾ** ਕੋਈ **ਸਿਰੁ ਨਿਵਾਇ** ॥2॥
ਕੋਈ ਪੜੈ **ਬੇਦ** ਕੋਈ **ਕਤੇਬ** ॥ ਕੋਈ ਓਢੈ **ਨੀਲ** ਕੋਈ **ਸੁਪੇਦ** ॥3॥
ਕੋਈ ਕਹੈ **ਤੁਰਕੁ** ਕੋਈ ਕਹੈ **ਹਿੰਦੂ** ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥4॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁਜਾਤਾ॥5॥9॥

ਇਉਂ ਆਦਿ ਗ੍ਰੰਥ ਦੇ ਪ੍ਰਵਚਨ ਵਿਚ ਵਿਭਿੰਨ ਧਰਮਾਂ ਦੀਆਂ ਵਿਸ਼ਵਾਸ਼-ਪਰੰਪਰਾਵਾਂ ਅਤੇ ਰਹੁ-ਰੀਤਾਂ ਨੂੰ ਨਵੇਂ ਸੰਦਰਭ ਵਿਚ ਪ੍ਰਸਤੁਤ ਕਰਕੇ ਇਨ੍ਹਾਂ ਵਿਚਲੀ ਰੂਹਾਨੀ ਸਾਂਝ ਦੇ ਧਰਾਤਲ ਨੂੰ ਤਲਾਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਆਦਿ ਗ੍ਰੰਥ ਬਾਣੀ ਵਿਚ ਪੇਸ਼ ਹੋਈ ਸੱਭਿਆਚਾਰਕ ਕ੍ਰਾਂਤੀ ਦਾ ਮਹੱਤਵਪੂਰਣ ਪਹਿਲੂ ਸਮਾਜ ਦੇ ਦੱਬੇ-ਕੁਚਲੇ ਅਤੇ ਨਿਤਾਣੇ ਵਰਗਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨਾ ਹੈ। ਇਸ ਪ੍ਰਵਚਨ ਵਿਚ ਵਿਸ਼ੇਸ਼ ਤੌਰ ਤੇ ਹਾਕਮ ਸ਼੍ਰੇਣੀ ਦੀ ਲੁੱਟ-ਖਸੁੱਟ ਦੇ ਸ਼ਿਕਾਰ ਮਿਹਨਤਕਸ਼ ਕਿਸਾਨਾਂ ਅਤੇ ਕਿਰਤੀਆਂ ਅਤੇ ਬ੍ਰਾਹਮਣਵਾਦੀ ਕਰਮਕਾਂਡ ਅਤੇ ਜਾਤੀ-ਪ੍ਰਥਾ ਹੱਥੋਂ ਸਤਾਏ ਹੋਏ ਦਲਿਤ ਵਰਗਾਂ ਦਾ ਪੱਖ ਪੂਰਿਆ ਗਿਆ ਹੈ। ਇਸੇ ਕਿਸਮ ਦੀ ਭਾਵਨਾ ਦਾ ਸਮੂਰਤ ਪ੍ਰਗਟਾਵਾ ਗੁਰੂ ਨਾਨਕ ਬਾਣੀ ਦੀਆਂ ਇਨ੍ਹਾਂ ਪੰਗਤੀਆਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ :

ਨੀਚਾ ਅੰਦਰਿ **ਨੀਚ ਜਾਤਿ** ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ **ਸੰਗਿ ਸਾਥਿ** ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸੁ।

ਇਸੇ ਤਰ੍ਹਾਂ ਭਗਤ ਕਬੀਰ ਨੇ ਵੀ ਆਪਣੀ ਬਾਣੀ ਰਾਹੀਂ ਮਨੁੱਖੀ ਸਮਾਜ ਨੂੰ **ਕੁਲ** ਅਤੇ **ਜਾਤੀ** ਦੇ ਆਧਾਰਾਂ ਅਨੁਸਾਰ ਵੰਡਣ ਵਾਲੀ ਮਿੱਥ ਨੂੰ ਤੋੜਿਆ ਹੈ ਕੀਤਾ ਹੈ। ਉਨ੍ਹਾਂ ਦਾ ਵਿਵੇਕ ਇਸ ਤੱਥ ਵਲ ਸੰਕੇਤ ਕਰਦਾ ਹੈ ਕਿ **ਬ੍ਰਾਹਮਣ** (ਕੁਲੀਨ) ਅਤੇ **ਸੂਦ** (ਦਲਿਤ) ਦੋਵੇਂ ਹੀ ਸੰਸਾਰ ਦੇ ਸਮੂਹ ਪ੍ਰਾਣੀਆਂ ਵਾਂਗ ਬ੍ਰਹਮ ਬਿੰਦੁ ਦੀ ਉਪਜ ਹਨ। ਇਨ੍ਹਾਂ ਵਿਚਕਾਰ ਸਿਰਜੀ ਗਈ ਵਿੱਥ ਮਸਨੂਈ ਹੈ।

ਮਹੱਤਵਪੂਰਣ ਗੱਲ ਇਹ ਹੈ ਕਿ ਆਦਿ ਗ੍ਰੰਥ ਬਾਣੀ ਵਿਚਲੀ ਕ੍ਰਾਂਤੀਕਾਰੀ ਚੇਤਨਾ ਸਿਰਫ਼ ਸਾਮਾਜਿਕ ਅਤੇ ਸੱਭਿਆਚਾਰਕ ਖੇਤਰ ਤਕ ਸੀਮਿਤ ਨਹੀਂ ਸਗੋਂ ਇਥੇ ਹਾਕਮ-ਸ਼੍ਰੇਣੀ ਦੇ ਲੋਟੂ ਕਿਰਦਾਰ ਦੀ ਵੀ ਤਿੱਖੀ ਆਲੋਚਨਾ ਕਤਿੀ ਗਈ ਹੈ। ਮਿਸਾਲ ਵਜੋਂ ਗੁਰੂ ਨਾਨਕ ਬਾਣੀ ਦੀਆਂ ਇਹ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥<br>
ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥<br>
ਜਿਥੈ ਜੀਆਂ ਹੋਸੀ ਸਾਰ ॥ ਨਕੀਂ ਵਢੀਂ ਲਾਇਤਬਾਰ।

ਇਸ ਤਰ੍ਹਾਂ ਅਦਿ ਗ੍ਰੰਥ ਦਾ ਪ੍ਰਵਚਨ ਆਪਣੇ ਵੇਲੇ ਦੇ ਸਾਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਯਥਾਰਥ ਦੀ ਤਸਵੀਰ ਵੀ ਪੇਸ਼ ਕਰਦਾ ਹੈ ਅਤੇ ਮੋੜਵੇਂ ਰੂਪ ਵਿਚ ਤਤਕਾਲੀ ਇਤਿਹਾਸਕ ਵੰਗਾਰਾਂ ਨਾਲ ਨਜਿਠਣ ਵਾਲੇ ਕ੍ਰਾਂਤੀਕਾਰੀ ਸਭਿਆਚਾਰ ਦੀ ਸਿਰਜਣਾ ਵੀ ਕਰਦਾ ਹੈ।

ਇਸ ਦੌਰ ਦੀ ਦੂਸਰੀ ਮਹੱਤਵਪੂਰਣ ਸਾਹਿਤਕ ਪ੍ਰਾਪਤੀ ਸੂਫ਼ੀ ਕਾਵਿਧਾਰਾ ਦੇ ਰੂਪ ਵਿਚ ਸਾਮ੍ਹਣੇ ਆਉਂਦੀ ਹੈ। ਬੁਨਿਅਦੀ ਤੌਰ ਤੇ ਸੂਫ਼ੀਵਾਦ ਦਾ ਸੰਬੰਧ ਇਸਲਾਮ ਨਾਲ ਹੈ ਪਰ ਇਹ ਕੁਰਾਨਸ਼ਰੀਫ਼ ਦੇ ਅੰਤਰਮੁਖੀ ਅਧਿਆਤਮਕ ਅਰਥਾਂ (ਜ਼ਾਹਰ ਦੀ ਥਾਵੇਂ ਬਾਤਿਨ ਅਰਥਾਂ) ਉੱਤੇ ਬਲ ਦੇਣ ਵਾਲੀ ਵਿਚਾਰਧਾਰਾ ਹੈ। ਇਸੇ ਲਈ ਅਨੇਕਾਂ ਵਿਚਾਰਵਾਨਾਂ ਨੇ ਇਸਨੂੰ ਇਸਲਾਮ ਦੀ ਰਹੱਸਵਾਦੀ ਵਿਆਖਿਆ ਦੇ ਰੂਪ ਵਿਚ ਵੀ ਦੇਖਣ ਦਾ ਉਪਰਾਲਾ ਵੀ ਕੀਤਾ ਹੈ। ਇਸ ਕਾਵਿਧਾਰਾ ਦਾ ਮੁੱਢ ਬੰਨ੍ਹਣ ਵਾਲੇ ਪੰਜਾਬ ਦੇ ਪ੍ਰਸਿੱਧ ਸੂਫ਼ੀ ਸੰਤ ਸ਼ੇਖ਼ ਫ਼ਰੀਦ ਹਨ ਜਿਨ੍ਹਾਂ ਦਾ ਜੀਵਨ ਕਾਲ 1173 ਈ। ਤੋਂ 1266 ਈ। ਤਕ ਹੈ।ਸ਼ੇਖ਼ ਫ਼ਰੀਦ (ਬਾਬਾ ਫ਼ਰੀਦ) ਦੇ ਵੱਡੇ ਵਡੇਰੇ ਭਾਵੇਂ ਬਾਹਰੋਂ ਆ ਕੇ ਪੰਜਾਬ ਦੀ ਧਰਤੀ ਉਪਰ ਵਸੇ ਸਨ ਪਰ ਇਨ੍ਹਾਂ ਨੇ ਆਪਣੇ ਆਪਨੂੰ ਸਥਾਨਕ ਸੱਭਿਆਚਾਰ ਦੀਆਂ ਰੀਤਾਂ ਅਤੇ ਰਵਾਇਤਾਂ ਅਨੁਸਾਰ ਢਾਲ ਲਿਆ ਅਤੇ ਇਥੋਂ ਦੀ ਬੋਲੀ (ਪੰਜਾਬੀ) ਵਿਚ ਹੀ ਕਾਵਿ ਸਿਰਜਣਾ ਕੀਤੀ। ਲੋਕ ਬੋਲੀ ਵਿਚ ਸੂਫ਼ੀ ਸ਼ਾਇਰੀ ਦੀ ਸਥਾਪਿਤ ਕੀਤੀ ਹੋਈ ਇਸ ਰਵਾਇਤ ਨੂੰ ਅਮੀਰ ਤੇ ਭਰਪੂਰ ਬਣਾਉਣ ਵਿਚ ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇਸ਼ਾਹ ਅਤੇ ਗੁਲਾਮ ਫ਼ਰੀਦ ਵਰਗੇ ਮਹਾਨ ਸੂਫ਼ੀ ਸ਼ਾਇਰਾਂ ਨੇ ਵੱਡ-ਮੁੱਲਾ ਯੋਗਦਾਨ ਦਿੱਤਾ।

ਅਸਲ ਵਿਚ ਇਨ੍ਹਾਂ ਕਵੀਆਂ ਨੇ ਸ਼ਰ੍ਹਾਂ ਦੇ ਮੁਕਾਬਲੇ ਉੱਤੇ ਇਸ਼ਕ ਦਾ ਸੰਕਲਪ ਪੇਸ਼ ਕਰ ਕੇ ਧਰਮ ਨੂੰ ਰੂਹਾਨੀ ਅਨੁਭਵ ਨਾਲ ਜੋੜ ਦਿੱਤਾ ਹੈ। ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਸੂਫ਼ੀ ਸ਼ਾਇਰੀ ਪੰਜਾਬੀ ਲੋਕ ਵਿਰਸੇ ਦੀਆਂ ਰੀਤਾਂ ਅਤੇ ਰਵਾਇਤਾਂ ਨੂੰ ਮਨੁੱਖੀ ਜੀਵਨ ਦੇ ਸਦੀਵੀ ਸਰੋਕਾਰਾਂ ਦਾ ਪ੍ਰਗਟਾਵਾ ਕਰਦੀ ਹੈ। ਇਹ ਪੰਜਾਬੀ ਸਮਾਜ-ਸੱਭਿਆਚਾਰ ਵਿਚ ਪ੍ਰਚੱਲਤ ਰਸਮਾਂ-ਰੀਤਾਂ ਅਤੇ ਕਦਰਾਂ-ਕੀਮਤਾਂ ਨੂੰ ਸੰਚਾਰ-ਜੁਗਤਾਂ ਵਜੋਂ ਵਰਤਣ ਵਲ ਰੁਚਿਤ ਹੁੰਦੀ ਹੈ ਅਤੇ ਪ੍ਰਭਾਵਸ਼ਾਲੀ ਕਾਵਿ ਦਾ ਸਿਰਜਣ ਕਰਦੀ ਹੈ। ਮਹੱਤਵਪੂਰਣ ਗੱਲ ਇਹ ਕਿ ਪੰਜਾਬੀ ਸਾਹਿਤ ਦੀ ਸੂਫ਼ੀਆਨਾ ਰਵਾਇਤ ਦਾ ਵਿਚਾਰਧਾਰਾਈ ਆਧਾਰ ਭਗਤੀ ਕਾਵਿ ਅਤੇ ਗੁਰਬਾਣੀ ਨਾਲ ਮੇਲ ਖਾਂਦਾ ਹੈ। ਇਸਨੇ ਪੰਜਾਬੀ ਬੰਦੇ ਨੂੰ ਰੂਹਾਨੀ ਚੇਤਨਾ (ਤਸੱਵੁਫ਼) ਦੇ ਹਵਾਲੇ ਨਾਲ ਉਦਾਰ ਮਾਨਵਵਾਦੀ ਕਦਰਾਂ-ਕੀਮਤਾਂ ਅਤੇ ਇਨਸਾਨ-ਦੋਸਤੀ ਦਾ ਪੈਗ਼ਾਮ ਦਿੱਤਾ। ਇਸ ਤਰ੍ਹਾਂ ਇਸ ਧਾਰਾ ਦੇ ਸਹਿਤ ਨੇ ਸਰਬ-ਸਾਂਝੇ ਪੰਜਾਬੀ ਸਭਿਆਚਾਰ ਦੀ ਉਸਾਰੀ ਵਿਚ ਭਰਪੂਰ ਯੋਗਦਾਨ ਦਿੱਤਾ।

**ਕਿੱਸਾ ਕਾਵਿ** ਵੀ ਮੱਧਕਾਲੀ ਪੰਜਾਬੀ ਸਾਹਿਤ ਦੀ ਇਕ ਮਹੱਤਵਪੂਰਣ ਧਾਰਾ ਹੈ। ਇਸਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਮੱਧਕਾਲ ਦੀਆਂ ਹੋਰਨਾਂ ਕਾਵਿ-ਧਾਰਾਵਾਂ ਅਤੇ ਪ੍ਰਵਿਰਤੀਆਂ ਨਾਲੋਂ ਵੱਖਰੀ ਹੈ। ਜਿੱਥੇ ਨਾਥਬਾਣੀ, ਭਗਤਬਾਣੀ, ਗੁਰਬਾਣੀ ਅਤੇ ਸੂਫ਼ੀ

ਸ਼ਾਇਰੀ ਨੂੰ ਮੂਲ ਰੂਪ ਵਿਚ ਧਾਰਮਿਕ ਕਾਵਿ ਦੇ ਅੰਤਰਗਤ ਰੱਖਿਆ ਜਾਂਦਾ ਹੈ ਉਥੇ ਕਿੱਸਾ ਕਾਵਿ ਦਾ ਚਰਿਤਰ ਲੌਕਿਕ ਕਾਵਿ ਵਾਲਾ ਹੈ। ਇਨ੍ਹਾਂ ਵਿਚ ਧਾਰਮਿਕ ਕਾਵਿ ਵਾਂਗ ਪਰਮਾਰਥ ਦੀ ਗੱਲ ਨਹੀਂ ਕੀਤੀ ਗਈ ਸਗੋਂ ਜੀਵਨ ਦੇ ਯਥਾਰਥ ਦੀ ਗੱਲ ਕੀਤੀ ਗਈ ਹੈ।

ਪੰਜਾਬੀ ਦੇ ਪ੍ਰਮੁੱਖ ਕਿੱਸਾਕਾਰਾਂ ਵਿਚ ਅਸੀਂ ਦਮੋਦਰ, ਮੁਕਬਲ, ਹਾਫ਼ਿਜ਼ ਬਰਖ਼ੁਰਦਾਰ, ਪੀਲੂ, ਵਾਰਿਸ, ਕਾਦਰਯਾਰ ਆਦਿ ਦਾ ਨਾਮ ਲੈ ਸਕਦੇ ਹਾਂ। ਇਨ੍ਹਾਂ ਸ਼ਾਇਰਾਂ ਨੇ ਪੰਜਾਬੀ ਕਿੱਸਾ ਕਾਵਿ ਦੀ ਪਰੰਪਰਾ ਨੂੰ ਅਮੀਰ ਤੇ ਭਰਪੂਰ ਬਣਾਇਆ ਹੈ। ਪੰਜਾਬੀ ਦੇ ਵਧੇਰੇ ਕਿੱਸੇ ਪਿਆਰ ਜਾਂ ਇਸ਼ਕ ਦੇ ਦੁੱਖਾਂਤ ਨੂੰ ਪੇਸ਼ ਕਰਦੇ ਹਨ। ਇਹ ਗੱਲ ਵੇਲੇ ਦੀ ਸਾਮਾਜਿਕ ਆਰਥਿਕ ਵਿਵਸਥਾ ਦੇ ਅਨੁਕੂਲ ਵੀ ਹੈ। ਕਾਰਣ ਇਹ ਹੈ ਕਿ ਜਾਗੀਰਦਾਰੀ ਸਮਾਜ ਦੀਆਂ ਸੰਸਥਾਵਾਂ ਸਮੂਹਭਾਵੀ ਹੁੰਦੀਆਂ ਹਨ ਜਿਨ੍ਹਾਂ ਵਿਚ ਵਿਅਕਤੀ ਨੂੰ ਸੁਤੰਤਰ ਨਿਰਣੇ ਕਰਨ ਦੀ ਖੁਲ੍ਹ ਨਹੀਂ ਹੁੰਦੀ। ਹੀਰ ਦਾ ਰਾਂਝੇ ਨਾਲ ਇਸ਼ਕ ਸਮਾਜ ਦੀਆਂ ਪ੍ਰਚੱਲਤ ਕਦਰਾਂ-ਕੀਮਤਾਂ ਦੇ ਅਨੁਕੂਲ ਨਹੀਂ। ਇਸਨੂੰ ਸ਼ਰਾ੍ਹ ਦੀ ਪ੍ਰਵਾਨਗੀ ਵੀ ਹਾਸਿਲ ਨਹੀਂ ਇਸੇ ਲਈ ਅੰਤ ਵਿਚ ਨਾਇਕ ਤੇ ਨਾਇਕਾ ਦੋਹਾਂ ਦੀ ਮੌਤ ਹੁੰਦੀ ਹੈ। ਇਨ੍ਹਾਂ ਕਿੱਸਿਆਂ ਦੀ ਗਲਪ-ਵਿਧੀ ਰੋਮਾਂਸ ਕਥਾ ਨਾਲ ਮੇਲ ਖਾਂਦੀ ਹੈ ਜਿਸ ਵਿਚ ਆਦਰਸ਼ਕ ਵਿਅਕਤੀਆਂ ਨੂੰ ਮੁਖ-ਪਾਤਰ ਜਾਂ ਨਾਇਕ ਵਜੋਂ ਪੇਸ਼ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਇਨ੍ਹਾਂ ਕਿੱਸਿਆਂ ਵਿਚ ਯਥਾਰਥ ਦੀ ਕਠੋਰਤਾ ਦੇ ਨਾਲ ਨਾਲ ਕਾਮਨਾ ਦਾ ਸੁਪਨਮਈ ਸੰਸਾਰ ਵੀ ਉਸਾਰਿਆ ਜਾਂਦਾ ਸੀ। ਪੰਜਾਬੀ ਕਿੱਸਿਆਂ ਦੇ ਨਾਇਕ ਆਮ ਤੌਰ ਤੇ ਆਸ਼ਕ ਯੋਧੇ ਜਾਂ ਫ਼ਕੀਰ ਹੁੰਦੇ ਹਨ ਜੋ ਸਥਾਪਿਤ ਕਦਰਾਂ-ਕੀਮਤਾਂ ਤੋਂ ਵਿਦਰੋਹ ਕਰਦੇ ਹੋਏ ਨੈਤਿਕਤਾ ਦੇ ਨਵੇਂ ਆਦਰਸ਼ ਸਥਾਪਿਤ ਕਰਦੇ ਹਨ। ਮਿਸਾਲ ਵਜੋਂ ਜੇ ਹੀਰ ਦੇ ਕਿੱਸੇ ਵਿਚ ਪ੍ਰਚੱਲਤ ਵਿਆਹ ਪ੍ਰਥਾ ਦੀਆਂ ਸਮੂਹ-ਭਾਵੀ ਕਦਰਾਂ-ਕੀਮਤਾਂ ਨੂੰ ਨਕਾਰਿਆ ਗਿਆ ਹੈ ਤਾਂ ਇਸ ਵਿਚ ਮਨੁੱਖੀ ਰਿਸ਼ਤਿਆ ਨੂੰ ਜੋੜਨ ਵਿਚ ਵਿਅਕੀਗਤ ਸੁਤੰਤਰਤਾ ਦੇ ਮਹੱਤਵ ਨੂੰ ਵੀ ਪਛਾਣਿਆਂ ਗਿਆ ਹੈ।

ਪੰਜਾਬੀ ਦੀਆਂ ਪ੍ਰਸਿੱਧ ਪ੍ਰੀਤ ਕਹਾਣੀਆਂ ਪਹਿਲੋਂ ਦੰਤ-ਕਥਾਵਾਂ ਦੇ ਰੂਪ ਵਿਚ ਪ੍ਰਚੱਲਤ ਹੋਈਆਂ ਬਾਦ ਵਿਚ ਇਨ੍ਹਾਂ ਨੂੰ ਕਿੱਸਾਕਾਰਾਂ ਨੇ ਆਪਣੀ ਸਿਰਜਣਾਤਮਕ ਕਲਪਨਾ ਰਾਹੀਂ ਨਵਾਂ ਰੂਪ ਪ੍ਰਦਾਨ ਕਰ ਕੇ ਕਿੱਸਿਆਂ ਵਿਚ ਢਾਲ ਦਿੱਤਾ। ਕਿੱਸਾਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਬਿਰਤਾਂਤ ਦੀ ਉਸਾਰੀ ਕਰਦਿਆਂ ਤਤਕਾਲੀ ਸਮਾਜ ਸੱਭਿਆਚਾਰ ਦਾ ਜੀਵੰਤ ਬਿੰਬ ਪੇਸ਼ ਕਰਨ ਦੀ ਚੇਸ਼ਟਾ ਵੀ ਕੀਤੀ ਹੈ। ਇਹੀ ਕਾਰਣ ਹੈ ਕਿ ਇਹ ਕਿੱਸੇ ਪੰਜਾਬੀਆਂ ਦੀ ਜੀਵਨ ਵਿਧੀ, ਉਨ੍ਹਾਂ ਦੇ ਸੁਭਾ ਅਤੇ ਚਰਿਤਰ ਨੂੰ ਵੀ ਭਲੀ ਭਾਂਤ ਮੂਰਤੀਮਾਨ ਕਰਦੇ ਹਨ। ਮਿਸਾਲ ਵਜੋਂ ਜਦੋਂ ਅਸੀਂ ਕਿੱਸਾ ਹੀਰ-ਵਾਰਿਸ ਪੜ੍ਹਦੇ ਹਾਂ ਤਾਂ ਉਸ ਵੇਲੇ ਦਾ ਪੰਜਾਬੀ ਸਮਾਜ ਆਪਣੀਆਂ ਰੀਤਾਂ ਅਤੇ ਰਵਾਇਤਾਂ ਸਮੇਤ ਸਾਕਾਰ ਹੋ ਉਠਦਾ ਹੈ। ਕਿੱਸਾ-ਕਾਵਿ ਦਾ ਸਿਰਜਿਤ ਬਿਰਤਾਂਤ ਦੇ ਮਾਧਿਅਮ ਰਾਹੀਂ ਪੰਜਾਬੀ ਸੱਭਿਆਚਾਰ ਦੇ ਅਵਚੇਤਨ ਨੂੰ ਫਰੋਲਦਾ ਹੈ ਅਤੇ ਪ੍ਰਤੀਕਾਤਮਕ ਪੱਧਰ ਉੱਤੇ ਪੰਜਾਬੀਅਤ ਦੀ ਪਛਾਣ ਨਿਰਧਾਰਿਤ ਕਰਦਾ ਹੈ। ਇਹ ਕਾਮਨਾ ਦੇ ਸੰਜਮ ਅਤੇ ਜਸ਼ਨ ਦਾ ਬਿਰਤਾਂਤ ਸਿਰਜਦੇ ਹਨ। ਮਿਸਾਲ ਵਜੋਂ ਇਸਦੇ ਸਿਰਜੇ ਹੋਏ ਨਾਇਕ - ਪੂਰਨ, ਰਸਾਲੂ, ਰਾਂਝਾ, ਮਿਰਜ਼ਾ, ਦੁੱਲਾ ਭੱਟੀ, ਪੁੰਨੂੰ ਅਤੇ ਮਹੀਵਾਲ ਪੰਜਾਬੀ ਕਿਰਦਾਰ ਦੀ ਪ੍ਰਤਿਨਿਧਤਾ ਵੀ ਕਰਦੇ ਹਨ ਉਸਦੇ ਸਭਿਆਚਾਰਕ ਆਦਰਸ਼ ਵੀ ਬਣਦੇ ਹਨ।

ਮੱਧਕਾਲੀ ਪੰਜਾਬੀ ਸਾਹਿੱਤ ਦੀ ਇਕ ਹੋਰ ਪ੍ਰਮੁੱਖ ਕਾਵਿਧਾਰਾ **ਵਾਰ ਕਾਵਿ** ਹੈ। ਪੰਜਾਬੀ ਵਿਚ ਵਾਰ ਇਕ ਅਜਿਹੇ ਕਾਵਿ ਰੂਪ ਦੇ ਤੌਰ ਤੇ ਵਿਕਸਿਤ ਹੋਇਆ ਹੈ ਜਿਸਦੇ ਅੰਤਰਗਤ ਵੀਰ ਰਸ ਦਾ ਵਿਧਾਨ ਸਿਰਜਿਆ ਜਾਂਦਾ ਹੈ। ਵਾਰ ਦੇ ਰੂਪਾਕਾਰ ਦੀ ਪ੍ਰਮੁੱਖ ਵਿਸ਼ੇਸ਼ਤਾ ਸੰਘਰਸ਼ ਜਾਂ ਟੱਕਰ ਮੰਨੀ ਜਾ ਸਕਦੀ ਹੈ। ਇਸ ਟੱਕਰ ਦੇ ਅਨੇਕਾਂ ਰੂਪ ਹੋ ਸਕਦੇ ਹਨ। ਇਹ ਟੱਕਰ ਦੋ ਯੋਧਿਆਂ ਵਿਚਕਾਰ ਹੋ ਸਕਦੀ ਹੈ, ਨੇਕੀ ਅਤੇ ਬਦੀ ਵਿਚਕਾਰ ਹੋ ਸਕਦੀ ਹੈ ਅਤੇ ਦੋ ਵਿਚਾਰਾਂ ਜਾਂ ਵਿਚਾਰਧਾਰਾਵਾਂ ਵਿਚਕਾਰ ਵੀ ਹੋ ਸਕਦੀ ਹੈ। ਇਤਨਾ ਅਵੱਸ਼ ਹੈ ਕਿ ਵਾਰ ਵਿਚ ਨਾਇਕ ਦੀ ਵੀਰਤਾ ਜਾਂ ਨੇਕੀ ਦਾ ਯਸ਼ ਗਾਇਨ ਜ਼ਰੂਰ ਹੁੰਦਾ ਹੈ।

ਪੰਜਾਬੀ ਸਾਹਿੱਤ ਵਿਚ ਦੋ ਤਰ੍ਹਾਂ ਦੀਆਂ ਵਾਰਾਂ ਦੀ ਰਚਨਾ ਹੋਈ ਹੈ – ਵੀਰ ਰਸੀ ਵਾਰਾਂ ਤੇ ਅਧਿਆਤਮਕ ਵਾਰਾਂ। ਵੀਰ ਰਸੀ ਵਾਰਾਂ ਵਿਚ ਆਮ ਤੌਰ ਤੇ ਯੁੱਧ ਦਾ ਵੀਰ ਰਸ ਭਰਪੂਰ ਬਿਰਤਾਂਤ ਸਿਰਜਿਆ ਜਾਂਦਾ ਹੈ ਜਦੋਂ ਕਿ ਅਧਿਆਤਮਕ ਵਾਰਾਂ ਵਿਚ ਸ਼ਾਂਤ ਰਸ ਦੀ ਸਿਰਜਣਾ ਕੀਤੀ ਗਈ ਹੈ। ਪੰਜਾਬੀ ਵਾਰ ਸਾਹਿਤ ਵਿਚ ਮੁੱਢਲਾ ਸਥਾਨ ਉਨ੍ਹਾਂ ਲੋਕ ਵਾਰਾਂ ਦਾ ਹੈ ਜਿਨ੍ਹਾਂ ਦੇ ਹਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਲਦੇ ਹਨ। ਇਨ੍ਹਾਂ ਵਿਚੋਂ ਕੁਝ ਵਾਰਾਂ ਹਨ – ਰਾਇ ਕਮਾਲ ਮਉਜ ਦੀ ਵਾਰ, ਟੁੰਡੇ ਅਸਰਾਜੇ ਦੀ ਵਾਰ, ਸਿਕੰਦਰ ਇਬਰਾਹੀਮ ਦੀ ਵਾਰ, ਲੱਲੇ ਬਹਿਲੀਮੇ ਦੀ ਵਾਰ, ਹਸਨੇ ਮਹਿਮੇ ਦੀ ਵਾਰ, ਮੂਸੇ ਦੀ ਵਾਰ ਆਦਿ। ਇਨ੍ਹਾਂ ਲੋਕ ਵਾਰਾਂ ਵਿਚ ਭਿੰਨ ਭਿੰਨ ਰਾਜਿਆਂ ਰਜਵਾੜਿਆਂ ਵਿਚਕਾਰ ਯੁੱਧ ਅਤੇ ਸੰਘਰਸ਼ ਦਾ ਵੀਰ ਰਸ ਭਰਪੂਰ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਪਰ ਇਨ੍ਹਾਂ ਵਾਰਾਂ ਦੇ ਅੱਧੇ ਅਧੂਰੇ ਪਾਠ ਹੀ ਪ੍ਰਾਪਤ ਹਨ।

ਵੀਰ ਰਸੀ ਵਾਰ ਦੀ ਪਰੰਪਰਾ ਵਿਚ ਗੁਰੂ ਗੋਬਿੰਦ ਸਿੰਘ ਦੀ ਚੰਡੀ ਦੀ ਵਾਰ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਵਾਰ ਵਿਚ ਗੁਰੂ ਕਵੀ ਨੇ ਮਾਰਕੰਡੇ ਪੁਰਾਣ ਦੀ ਮਿਥਿਹਾਸਕ ਕਥਾ ਨੂੰ ਲੈ ਕੇ ਦੇਵਤਿਆਂ ਅਤੇ ਰਾਖਸ਼ਾਂ ਦੇ ਯੁੱਧ ਦਾ ਵੀਰਤਾ ਪੂਰਣ ਬਿਰਤਾਂਤ ਪੇਸ਼ ਕੀਤਾ ਹੈ। ਇਹ ਵਾਰ ਪ੍ਰਤੀਕਾਤਮਕ ਤੌਰ ਤੇ ਨੇਕੀ ਅਤੇ ਬਦੀ ਵਿਚਕਾਰ ਸੰਘਰਸ਼ ਨੂੰ ਮੂਰਤੀਮਾਨ ਕਰਦੀ ਹੈ ਅਤੇ ਵੀਰ ਭਾਵਨਾ ਦਾ ਸੰਚਾਰ ਕਰਦੀ ਹੈ। ਇਸ ਤੋਂ ਬਾਦ ਪੰਜਾਬੀ ਵਿਚ ਅਨੇਕਾਂ ਵੀਰ ਰਸੀ ਵਾਰਾਂ ਦੀ ਸਿਰਜਣਾ ਹੋਈ। ਜਿਨ੍ਹਾਂ ਵਿਚ ਮੁੱਖ ਤੌਰ ਤੇ ਨਜਾਬਤ ਦੀ ਨਾਦਰਸ਼ਾਹ ਦੀ ਵਾਰ, ਭਾਈ ਗੁਰਦਾਸ ਦੂਜੇ ਦੀ ਗੁਰੂ ਖ਼ਾਲਸੇ ਦੀ ਵਾਰ, ਪੀਰ ਮੁਹੰਮਦ ਦੀ ਚੱਠਿਆਂ ਦੀ ਵਾਰ, ਸਿੰਘਾਂ ਦੀ ਵਾਰ, ਮਹਾਂ ਸਿੰਘ ਦੀ ਵਾਰ, ਹਰੀ ਸਿੰਘ ਨਲਵੇ ਦੀ ਵਾਰ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਪੰਜਾਬੀ ਵਾਰ ਸਾਹਿਤ ਵਿਚ ਵੀ ਪੰਜਾਬੀ ਸਭਿਆਚਾਰ ਦੇ ਉਨ੍ਹਾਂ ਮੀਰੀ ਗੁਣਾਂ ਦੀ ਪੇਸ਼ਕਾਰੀ ਸਾਮ੍ਹਣੇ ਅਉਂਦੀ ਹੈ ਜੋ ਪੰਜਾਬੀ ਬੰਦੇ ਦੇ ਅਵਚੇਤਨ ਵਿਚ ਵਸੇ ਹੋਏ ਹਨ ਉਸਨੂੰ ਅਣਖ ਅਤੇ ਸਵੈਮਾਣ ਨਾਲ ਜਿਉਣ ਜਾਂ ਹੱਕ-ਇਨਸਾਫ਼ ਲਈ ਜੂਝਦੇ ਹੋਏ ਮਰ ਮਿਟਣ ਲਈ ਪ੍ਰੇਰਦੇ ਹਨ।

***

ਸਥਾਈ ਕਾਲਮ

# ਪਰਦਾ ਜੋ ਉੱਠ ਗਿਆ

## ਇੰਡੋ-ਕੈਨੇਡੀਅਨ ਔਰਤਾਂ ਦੇ ਕਤਲਾਂ ਦੀ ਦਾਸਤਾਨ

**ਸੁਖਵੰਤ ਹੁੰਦਲ** (shundal@sfu.ca)

ਅੱਜ ਦਾ ਯੁਗ ਜਾਣਕਾਰੀ ਦਾ ਯੁਗ ਹੈ। ਇਸ ਯੁਗ ਦੀ ਇਕ ਸਮੱਸਿਆ ਇਹ ਹੈ ਕਿ ਹਰ ਰੋਜ਼ ਆਮ ਵਿਅਕਤੀ ਦਾ ਜਾਣਕਾਰੀ ਦੇ ਹੜ੍ਹ ਨਾਲ ਸਾਹਮਣਾ ਹੁੰਦਾ ਹੈ। ਨਤੀਜੇ ਵਜੋਂ ਇਸ ਜਾਣਕਾਰੀ ਵੱਲ ਪੂਰਾ ਧਿਆਨ ਦੇਣਾ ਅਤੇ ਸਮਝਣਾ ਆਮ ਆਦਮੀ ਲਈ ਮੁਸ਼ਕਿਲ ਬਣਦਾ ਜਾ ਰਿਹਾ ਹੈ। ਸਾਡਾ ਧਿਆਨ ਅੱਜ ਇਕ ਖਬਰ ’ਤੇ ਹੁੰਦਾ ਹੈ ਅਤੇ ਕੱਲ੍ਹ ਨੂੰ ਕਿਸੇ ਹੋਰ ਖਬਰ ’ਤੇ। ਨਤੀਜੇ ਵਜੋਂ ਅਸੀਂ ਜਾਣਕਾਰੀ ਨੂੰ ਟੁਕੜੀਆਂ ਦੇ ਰੂਪ ਵਿੱਚ ਗ੍ਰਹਿਣ ਕਰਦੇ ਹਾਂ ਅਤੇ ਕਿਸੇ ਵੀ ਮਾਮਲੇ ਦੀ ਸਮੁੱਚੀ ਥਾਹ ਪਾਉਣ ਤੋਂ ਵਾਂਝੇ ਰਹਿ ਜਾਂਦੇ ਹਾਂ। ਮੇਰੇ ਖਿਆਲ ਵਿੱਚ ਪਰਿਵਾਰਾਂ ਵਿੱਚ ਔਰਤਾਂ ਵਿਰੁੱਧ ਵਾਪਰਦੀ ਹਿੰਸਾ ਬਾਰੇ ਕੁਝ ਇਸ ਤਰ੍ਹਾਂ ਦਾ ਹੀ ਵਰਤਾਰਾ ਸਾਡੇ ਭਾਈਚਾਰੇ ਵਿੱਚ ਵਾਪਰ ਰਿਹਾ ਹੈ। ਬੇਸ਼ੱਕ ਪਿਛਲੇ ਕੁਝ ਮਹੀਨਿਆਂ ਦੌਰਾਨ ਬ੍ਰਿਟਿਸ਼ ਕੋਲੰਬੀਆ ਵਿੱਚ ਭਾਰਤੀ ਔਰਤਾਂ ਦੇ ਹੋਏ ਕਈ ਕਤਲਾਂ ਦੇ ਮੱਦੇਨਜ਼ਰ ਕਮਿਉਨਿਟੀ ਵਿੱਚ ਇਸ ਮਾਮਲੇ ਬਾਰੇ ਕਾਫੀ ਸਾਰਾ ਵਿਚਾਰ ਵਟਾਂਦਰਾ ਕੀਤਾ ਗਿਆ ਹੈ ਪਰ ਕਮਿਉਨਿਟੀ ਇਸ ਮਾਮਲੇ ਨੂੰ ਸਮੁੱਚੇ ਰੂਪ ਵਿੱਚ ਸਮਝਣ ਵੱਲ ਕਦਮ ਨਹੀਂ ਪੁੱਟ ਸਕੀ। ਇਹਨਾਂ ਕਤਲਾਂ ਬਾਰੇ ਸਾਡਾ ਪ੍ਰਤੀਕਰਮ ਇਕ ਸਦਮਾ ਲੱਗਣ ਵਾਲਾ ਰਿਹਾ ਹੈ। ਅਸੀਂ ਇਹਨਾਂ ਕਤਲਾਂ ਬਾਰੇ ਹਾਅ ਦਾ ਨਾਅਰਾ ਮਾਰਿਆ ਹੈ ਅਤੇ ਇਹਨਾਂ ਕਤਲਾਂ ਦੀ ਨਿਖੇਧੀ ਕੀਤੀ ਹੈ ਪਰ ਇਸ ਮਾਮਲੇ ਦੇ ਹੱਲ ਬਾਰੇ ਕੋਈ ਚਿਰ ਸਥਾਈ ਉਪਰਾਲਾ ਨਹੀਂ ਕਰ ਸਕੇ। ਅਸੀਂ ਅਜਿਹਾ ਇਸ ਲਈ ਨਹੀਂ ਕਰ ਸਕੇ ਕਿਉਂਕਿ ਅਸੀਂ ਇਹਨਾਂ ਕਤਲਾਂ ਨੂੰ ਟੁਕੜੀਆਂ ਵਿੱਚ ਇੱਕਾ ਦੁੱਕਾ ਅਣਚਾਹੀਆਂ ਘਟਨਾਵਾਂ ਦੇ ਤੌਰ ’ਤੇ ਦੇਖਿਆ ਹੈ, ਨਾ ਕਿ ਭਾਈਚਾਰੇ ਵਿੱਚ ਔਰਤਾਂ ਵਿਰੁੱਧ ਵਾਪਰਦੀ ਪਰਿਵਾਰਕ ਹਿੰਸਾ ਦੇ ਲੰਮੇ ਇਤਿਹਾਸ ਨਾਲ ਜੋੜ ਕੇ। ਇਸ ਲੇਖ ਵਿੱਚ ਕੈਨੇਡਾ ਵਿੱਚ ਪਿਛਲੇ 35 ਸਾਲਾਂ ਦੌਰਾਨ ਭਾਰਤੀ ਮੂਲ ਦੇ ਪ੍ਰੀਵਾਰਾਂ ਵਿੱਚ ਹੋਏ ਔਰਤਾਂ ਦੇ ਕਤਲਾਂ ਅਤੇ ਔਰਤਾਂ ’ਤੇ ਹੋਏ ਹਮਲਿਆਂ ਦੀ ਸੂਚੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਹੋ ਸਕਦਾ ਹੈ ਕਿ ਭਾਰਤੀ ਭਾਈਚਾਰੇ ਵਿੱਚ ਔਰਤਾਂ ਵਿਰੁੱਧ ਵਾਪਰਦੀ ਪਰਿਵਾਰਕ ਹਿੰਸਾ ਦਾ ਇਹ ਇਤਿਹਾਸ ਸਾਨੂੰ ਇਸ ਸਮੱਸਿਆ ਦੀ ਗੰਭੀਰਤਾ ਨੂੰ ਸਮਝਣ ਲਈ ਮਦਦਗਾਰ ਸਾਬਤ ਹੋਵੇ।

### ਔਰਤਾਂ ਦੇ ਕੀਤੇ ਗਏ ਕਤਲ ਜਿਹਨਾਂ ਲਈ ਪਤੀਆਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਜਾਂ ਉਹਨਾਂ ਨੂੰ ਚਾਰਜ ਕੀਤਾ ਗਿਆ ਹੈ।

5 ਜੁਲਾਈ 2007

*ਪੰਜਾਬ:-* ਪੁਲੀਸ ਨੇ ਕੈਲਗਰੀ ਦੇ ਰਹਿਣ ਵਾਲੇ 32 ਸਾਲਾ ਜਗਤਾਰ ਸਿੰਘ ਮੱਲ੍ਹੀ ਉੱਪਰ ਚਾਰਜ ਲਾਇਆ ਹੈ ਕਿ ਮੱਲ੍ਹੀ ਨੇ ਆਪਣੀ 26 ਸਾਲਾ ਪਤਨੀ ਕਿਰਨਪਾਲ ਕੌਰ ਮੱਲ੍ਹੀ ਨੂੰ ਕਤਲ ਕਰਵਾਉਣ ਦਾ ਪ੍ਰਬੰਧ ਕੀਤਾ ਹੈ। ਰਿਪੋਰਟਾਂ

ਅਨੁਸਾਰ ਕਿਰਨਪਾਲ ਕੌਰ ਮੱਲ੍ਹੀ ਦਾ ਕਤਲ ਇਸ ਕਰਕੇ ਕੀਤਾ ਗਿਆ ਕਿਉਂਕਿ ਉਸ ਨੂੰ ਪਤਾ ਲੱਗ ਗਿਆ ਸੀ ਕਿ ਉਸ ਦੇ ਪਤੀ ਦੇ ਕਿਸੇ ਹੋਰ ਔਰਤ ਨਾਲ ਸੰਬੰਧ ਸਨ। ਜਗਤਾਰ ਸਿੰਘ ਮੱਲ੍ਹੀ ਨੂੰ ਇਸ ਗੱਲ ਦਾ ਵੀ ਗੁੱਸਾ ਸੀ ਕਿ ਕਿਰਨਪਾਲ ਕੌਰ ਨੇ ਆਪਣੀ ਪੜ੍ਹੀ ਲਿਖੀ ਭੈਣ ਦਾ ਵਿਆਹ ਜਗਤਾਰ ਸਿੰਘ ਦੇ ਅਨਪੜ੍ਹ ਭਤੀਜੇ ਨਾਲ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ।

<u>29 ਅਕਤੂਬਰ 2006</u>

*ਸਰੀ, ਬ੍ਰਿਟਿਸ਼ ਕੋਲੰਬੀਆ:-* 27 ਸਾਲਾ ਨਵਰੀਤ ਕੌਰ ਵੜੈਚ ਨੂੰ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਕਤਲ ਦੇ ਸੰਬੰਧ ਵਿੱਚ ਉਸ ਦੇ ਪਤੀ ਜਤਿੰਦਰ ਵੜੈਚ ਉੱਪਰ ਸੈਕਿੰਡ ਡਿਗਰੀ ਦੇ ਕਤਲ ਦਾ ਚਾਰਜ ਲਾਇਆ ਗਿਆ ਹੈ। ਕਤਲ ਤੋਂ ਤਿੰਨ ਕੁ ਸਾਲ ਪਹਿਲਾਂ ਨਵਰੀਤ ਦਾ ਵਿਆਹ ਜਤਿੰਦਰ ਨਾਲ ਹੋਇਆ ਸੀ ਅਤੇ ਵਿਆਹ ਤੋਂ 5 ਮਹੀਨੇ ਬਾਅਦ ਉਹ ਕੈਨੇਡਾ ਆ ਗਈ ਸੀ। ਕਤਲ ਸਮੇਂ ਨਵਰੀਤ ਅਤੇ ਜਤਿੰਦਰ ਦਾ 4 ਮਹੀਨਿਆਂ ਦਾ ਇਕ ਬੇਟਾ ਸੀ।

<u>23 ਅਕਤੂਬਰ 2006</u>

*ਡੈਲਟਾ, ਬ੍ਰਿਟਿਸ਼ ਕੋਲੰਬੀਆ:-* ਸਾਊਥ ਡੈਲਟਾ ਦੀ ਇਕ ਬੀਚ 'ਤੇ 30 ਸਾਲਾ ਐਲਮੈਂਟਰੀ ਸਕੂਲ ਟੀਚਰ ਮਨਜੀਤ ਪਾਂਗਲੀ ਦੀ ਜਲੀ ਹੋਈ ਲਾਸ਼ ਮਿਲੀ। ਬਾਅਦ ਵਿੱਚ ਇਸ ਕਤਲ ਦੇ ਸੰਬੰਧ ਵਿੱਚ ਉਸ ਦੇ ਪਤੀ ਮੁਖਤਿਆਰ ਪਾਂਗਲੀ (ਐਮ ਪੀ) ਉੱਤੇ ਸੈਕਿੰਡ ਡਿਗਰੀ ਕਤਲ ਦੇ ਚਾਰਜ ਲਾਏ ਗਏ ਅਤੇ ਉਸ ਦੇ ਭਰਾ ਸੁਖਵਿੰਦਰ ਪਾਂਗਲੀ ਉੱਪਰ ਕਤਲ ਤੋਂ ਬਾਅਦ ਅਪਰਾਧ ਵਿਚ ਸਹਿਯੋਗੀ ਹੋਣ (ਬਿਇੰਗ ਐਨ ਐਕਸੈਸਰੀ ਆਫਟਰ ਦਾ ਫੈਕਟ) ਦੇ ਚਾਰਜ ਲਾਏ ਗਏ। 35 ਸਾਲਾ ਮੁਖਤਿਆਰ ਪਾਂਗਲੀ ਹਾਈ ਸਕੂਲ ਵਿੱਚ ਸਾਇੰਸ ਦਾ ਟੀਚਰ ਸੀ। ਕਤਲ ਕੀਤੇ ਜਾਣ ਸਮੇਂ ਮਨਜੀਤ ਪਾਂਗਲੀ ਗਰਭਵਤੀ ਸੀ। ਜੁਲਾਈ 2007 ਵਿੱਚ ਪੁਲੀਸ ਨੇ ਸੁਖਵਿੰਦਰ ਪਾਂਗਲੀ 'ਤੇ ਲਾਏ ਗਏ ਦੋਸ਼ਾਂ ਉੱਪਰ ਰੋਕ (ਸਟੇਅ) ਲਾ ਦਿੱਤੀ ਸੀ।

<u>19 ਅਕਤੂਬਰ 2006</u>

*ਪੋਰਟ ਕੁਕਿਟਲਮ, ਬ੍ਰਿਟਿਸ਼ ਕੋਲੰਬੀਆ:-* ਪਰਮਜੀਤ ਘੁੰਮਣ ਨੇ ਆਪਣੀ ਪਤਨੀ ਗੁਰਜੀਤ ਘੁੰਮਣ ਨੂੰ ਗੋਲੀ ਮਾਰ ਦਿੱਤੀ। ਗੋਲੀ ਲੱਗਣ ਕਾਰਨ ਗੁਰਜੀਤ ਛੇ ਹਫਤੇ ਬੇਹੋਸ਼ੀ (ਕੋਮੇ) ਵਿੱਚ ਰਹੀ। ਬੇਸ਼ੱਕ ਛੇ ਹਫਤਿਆਂ ਬਾਅਦ ਉਸ ਨੂੰ ਹੋਸ਼ ਆ ਗਈ ਪਰ ਇਸ ਹਮਲੇ ਕਾਰਨ ਉਸਦੀ ਨਿਗ੍ਹਾ ਚਲੀ ਗਈ। ਗੁਰਜੀਤ ਨੂੰ ਗੋਲੀ ਮਾਰਨ ਬਾਅਦ ਉਸ ਦੇ ਪਤੀ ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ। ਪਰਮਜੀਤ ਅਤੇ ਗੁਰਜੀਤ ਘੁੰਮਣ 18 ਸਾਲ ਤੋਂ ਵਿਆਹੇ ਹੋਏ ਸਨ, ਪਰ ਉਹਨਾਂ ਦਾ ਵਿਆਹੁਤਾ ਜੀਵਨ ਸਮੱਸਿਆਵਾਂ ਭਰਪੂਰ ਸੀ। ਸੰਨ 2006 ਦੀਆਂ ਗਰਮੀਆਂ ਵਿੱਚ ਜਦੋਂ ਗੁਰਜੀਤ ਨੇ ਆਪਣੇ ਪਤੀ ਤੋਂ ਤਲਾਕ ਲੈਣ ਦੀ ਗੱਲ ਕੀਤੀ ਤਾਂ ਸਥਿਤੀ ਵਿਗੜਨੀ ਸ਼ੁਰੂ ਹੋ ਗਈ।

<u>30 ਜੁਲਾਈ 2003</u>

*ਬੋਸਟਨ ਬਾਰ, ਬੀ ਸੀ ਦੇ ਨੇੜੇ:-* ਕਿਟੀਮੈਟ ਦੇ ਰਹਿਣ ਵਾਲੇ 48 ਸਾਲਾ ਰਾਜਿੰਦਰ ਸਿੰਘ ਅਟਵਾਲ ਨੇ ਆਪਣੀ 17 ਸਾਲਾ ਬੇਟੀ ਅਮਨਦੀਪ ਅਟਵਾਲ ਨੂੰ ਬੋਸਟਨ ਬਾਰ ਦੇ ਨੇੜੇ ਚਾਕੂ ਦੇ 17 ਵਾਰ ਕਰਕੇ ਉਸ ਵੇਲੇ ਕਤਲ ਕਰ ਦਿੱਤਾ

ਜਦੋਂ ਉਹ ਨਿਊਵੈਸਟਮਨਿਸਟਰ ਤੋਂ ਪ੍ਰਿੰਸ ਜੌਰਜ ਨੂੰ ਜਾ ਰਹੇ ਸਨ। ਅਟਵਾਲ ਨੇ ਆਪਣੀ ਬੇਟੀ ਨੂੰ ਇਸ ਲਈ ਕਤਲ ਕੀਤਾ ਕਿਉਂਕਿ ਉਸ ਨੂੰ ਅਮਨਦੀਪ ਦਾ ਇਕ ਨੇਟਿਵ ਇੰਡੀਅਨ ਨਾਲ ਡੇਟਿੰਗ ਕਰਨਾ ਅਤੇ ਰਹਿਣ ਲੱਗ ਪੈਣਾ ਪਸੰਦ ਨਹੀਂ ਸੀ। ਮਾਰਚ 2005 ਵਿੱਚ ਬੀ ਸੀ ਦੀ ਸੁਪਰੀਮ ਕੋਰਟ ਨੇ ਅਟਵਾਲ ਨੂੰ ਸੈਕਿੰਡ ਡਿਗਰੀ ਮਰਡਰ ਲਈ ਦੋਸ਼ੀ ਕਰਾਰ ਦਿੱਤਾ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਇਹ ਸ਼ਰਤ ਲਾਈ ਕਿ ਉਹ 16 ਸਾਲ ਤੋਂ ਪਹਿਲਾਂ ਪੈਰੋਲ 'ਤੇ ਨਹੀਂ ਜਾ ਸਕਦਾ। ਨਵੰਬਰ 2006 ਵਿੱਚ ਬੀ ਸੀ ਦੀ ਅਪੀਲ ਕੋਰਟ ਨੇ ਅਟਵਾਲ ਵਲੋਂ ਪੈਰੋਲ ਦੀ ਸ਼ਰਤ ਵਿਰੁੱਧ ਕੀਤੀ ਅਪੀਲ ਨੂੰ ਰੱਦ ਕਰ ਦਿੱਤਾ।

<u>19 ਮਈ 2001</u>

*ਸਰੀ, ਬ੍ਰਿਟਿਸ਼ ਕੋਲੰਬੀਆ:-* 22 ਸਾਲਾ ਕੰਵਲਜੀਤ ਨਾਹਰ ਨੂੰ ਉਸ ਦੀ ਬੇਸਮੈਂਟ ਵਿੱਚ ਕਤਲ ਕਰ ਦਿੱਤਾ ਗਿਆ। ਇਸ ਕਤਲ ਦੇ ਸੰਬੰਧ ਵਿੱਚ ਉਸਦੇ 24 ਸਾਲਾ ਪਤੀ ਦਿਲਬਾਗ ਸਿੰਘ ਨਾਹਰ ਨੂੰ ਸੈਕਿੰਡ ਡਿਗਰੀ ਕਤਲ ਦੇ ਦੋਸ਼ ਅਧੀਨ ਚਾਰਜ ਕੀਤਾ ਗਿਆ। ਸੰਨ 2002 ਦੀਆਂ ਗਰਮੀਆਂ ਵਿੱਚ ਇਸ ਕਤਲ ਲਈ ਦਿਲਬਾਗ ਨਾਹਰ ਨੂੰ ਦੋਸ਼ੀ ਪਾਇਆ ਗਿਆ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਜਿਸ ਵਿੱਚ ਕਿਹਾ ਗਿਆ ਕਿ ਉਹ 10 ਸਾਲਾਂ ਲਈ ਪੈਰੋਲ 'ਤੇ ਨਹੀਂ ਆ ਸਕਦਾ। ਮੁਕੱਦਮੇ ਦੌਰਾਨ ਨਾਹਰ ਨੇ ਮੰਨਿਆ ਕਿ ਉਸ ਨੇ ਕੰਵਲਜੀਤ ਦੇ ਚਾਕੂ ਮਾਰੇ ਸਨ। ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਕੰਵਲਜੀਤ ਨੇ ਆਪਣੇ ਕੰਮਾਂ ਨਾਲ ਦਿਲਬਾਗ ਨੂੰ ਅਜਿਹਾ ਕਰਨ ਲਈ ਉਕਸਾਇਆ ਸੀ। ਦਿਲਬਾਗ ਨੇ ਕਿਹਾ ਕਿ ਕੰਵਲਜੀਤ ਨੇ ਉਸ ਕੋਲ ਮੰਨਿਆ ਸੀ ਕਿ ਉਹ ਸਿਗਰਟਾਂ ਅਤੇ ਸ਼ਰਾਬ ਪੀਂਦੀ ਸੀ ਅਤੇ ਉਸਦੇ ਦੂਸਰੇ ਮਰਦਾਂ ਨਾਲ ਸੰਬੰਧ ਸਨ। ਸਰਕਾਰੀ ਵਕੀਲ ਅਤੇ ਕੰਵਲਜੀਤ ਦੇ ਪਿਤਾ ਨੇ ਦਿਲਬਾਗ ਦੇ ਇਹਨਾਂ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ। ਕਤਲ ਹੋਣ ਸਮੇਂ ਆਪਣੇ ਪਤੀ ਨਾਲ ਹੋਈ ਅਣਬਣ ਕਾਰਨ ਕੰਵਲਜੀਤ ਬੇਸਮੈਂਟ ਵਿੱਚ ਆਪਣੀ ਬੱਚੀ ਨਾਲ ਇਕੱਲੀ ਰਹਿੰਦੀ ਸੀ। ਫਰਵਰੀ 2004 ਵਿੱਚ ਬੀ ਸੀ ਦੀ ਅਪੀਲ ਕੋਰਟ ਨੇ ਨਾਹਰ ਵਲੋਂ ਆਪਣੀ ਸਜ਼ਾ ਘਟਾਉਣ ਲਈ ਕੀਤੀ ਅਪੀਲ ਨੂੰ ਰੱਦ ਕਰ ਦਿੱਤਾ।

<u>ਜੂਨ 2000</u>

*ਪੰਜਾਬ:-* ਮੇਪਲ ਰਿੱਜ ਦੀ 25 ਸਾਲਾ ਜਸਵਿੰਦਰ (ਜੱਸੀ) ਸਿੱਧੂ ਦਾ ਪੰਜਾਬ ਵਿੱਚ ਕਤਲ ਕਰ ਦਿੱਤਾ ਗਿਆ ਕਿਉਂਕਿ ਉਸ ਨੇ ਆਪਣੇ ਘਰਦਿਆਂ ਦੀ ਮਰਜ਼ੀ ਦੇ ਉਲਟ ਵਿਆਹ ਕੀਤਾ ਸੀ। ਇਸ ਕਤਲ ਦੀ ਸਾਜ਼ਸ ਲਈ ਪੰਜਾਬ ਪੁਲੀਸ ਨੇ 9 ਲੋਕਾਂ 'ਤੇ ਚਾਰਜ ਲਾਏ ਜਿਹਨਾਂ ਵਿੱਚ ਜੱਸੀ ਦੀ ਮਾਂ ਮਲਕੀਅਤ ਕੌਰ ਅਤੇ ਮਾਮਾ ਸੁਰਜੀਤ ਸਿੰਘ ਬਦੇਸ਼ਾ ਵੀ ਸ਼ਾਮਲ ਹਨ। ਜੱਸੀ ਦੀ ਮਾਂ ਅਤੇ ਉਸ ਦਾ ਮਾਮਾ ਦੋਵੇਂ ਕੈਨੇਡਾ ਵਿੱਚ ਰਹਿੰਦੇ ਹਨ। ਅਕਤੂਬਰ 2005 ਵਿੱਚ ਭਾਰਤ ਵਿੱਚਲੇ 7 ਵਿਅਕਤੀਆਂ ਨੂੰ ਦੋਸ਼ੀ ਪਾਇਆ ਗਿਆ ਅਤੇ ਉਹਨਾਂ ਨੂੰ ਉਮਰ ਕੈਦ ਹੋਈ। ਪਰ ਮਲਕੀਅਤ ਕੌਰ ਅਤੇ ਸੁਰਜੀਤ ਸਿੰਘ ਨੂੰ ਨਾ ਹੀ ਅਜੇ ਤੱਕ ਭਾਰਤ ਦੇ ਹਵਾਲੇ ਕੀਤਾ ਗਿਆ ਹੈ ਅਤੇ ਨਾ ਹੀ ਉਹਨਾਂ ਉੱਪਰ ਕੈਨੇਡਾ ਵਿੱਚ ਕੋਈ ਚਾਰਜ ਲਾਏ ਗਏ ਹਨ।

19 ਅਪ੍ਰੈਲ 1998

*ਲੈਂਗਲੀ ਬੀ ਸੀ:-* 19 ਅਪ੍ਰੈਲ 1998 ਨੂੰ ਲੈਂਗਲੀ ਵਿੱਚ 37 ਸਾਲਾ ਬਲਜੀਤ ਕੌਰ ਗਰੇਵਾਲ ਨੂੰ ਉਸ ਦੇ ਘਰ ਦੀ ਕਾਰਪੋਰਟ ਵਿੱਚ ਗੋਲੀ ਮਾਰ ਦਿੱਤੀ ਗਈ। ਇਸ ਕਤਲ ਦੇ ਸੰਬੰਧ ਵਿੱਚ ਸਤੰਬਰ 1998 ਵਿੱਚ ਉਸ ਦੇ ਪਤੀ ਅਜੀਤ ਗਰੇਵਾਲ, ਮਤਰੇਏ ਪੁੱਤਰ ਸੁਖਜੀਤ ਗਰੇਵਾਲ ਅਤੇ ਉਸ ਦੇ ਸਾਥੀ ਸੰਦੀਪ ਸਿੰਘ ਤੂਰ ਉੱਤੇ ਫਸਟ ਡਿਗਰੀ ਮਰਡਰ ਅਤੇ ਕਤਲ ਦੀ ਸਾਜਿਸ਼ ਬਣਾਉਣ ਦੇ ਚਾਰਜ ਲਾਏ ਗਏ। ਪੁਲੀਸ ਦਾ ਇਲਜ਼ਾਮ ਸੀ ਕਿ ਸੁਖਜੀਤ ਗਰੇਵਾਲ ਨੇ ਬਲਜੀਤ ਕੌਰ ਦੇ ਗੋਲੀ ਮਾਰੀ ਪਰ ਉਸ ਦੇ ਕਤਲ ਦੀ ਯੋਜਨਾ ਅਜੀਤ ਗਰੇਵਾਲ ਨੇ ਬਣਾਈ ਕਿਉਂਕਿ ਉਹ ਆਪਣੀ ਪਤਨੀ ਦੀ ਦੌਲਤ ਉੱਪਰ ਕੰਟਰੋਲ ਕਰਨਾ ਚਾਹੁੰਦਾ ਸੀ।

5 ਅਪ੍ਰੈਲ 1996

*ਵਰਨਨ, ਬੀ ਸੀ:-* ਮਾਰਕ ਵਿਜੇ ਚਾਹਲ ਨੇ ਆਪਣੇ ਸਹੁਰਿਆਂ ਦੇ ਘਰ ਆਪਣੀ ਵੱਖ ਹੋਈ ਪਤਨੀ ਰਾਜਵਾਰ ਗਾਖਲ ਅਤੇ ਉਸ ਦੇ ਪਰਿਵਾਰ ਦੇ ਅੱਠ ਮੈਂਬਰਾਂ ਨੂੰ ਗੋਲੀ ਮਾਰਕੇ ਕਤਲ ਕਰ ਦਿੱਤਾ। ਇਸ ਗੋਲੀਕਾਂਡ ਵਿੱਚ ਮਰਨ ਵਾਲੇ ਵਿਅਕਤੀਆਂ ਵਿੱਚ ਸਨ: ਕਰਨੈਲ ਸਿੰਘ ਗਾਖਲ (ਰਾਜਵਾਰ ਦੇ ਪਿਤਾ), ਦਰਸ਼ਨ ਕੌਰ ਗਾਖਲ (ਰਾਜਵਰ ਦੀ ਮਾਤਾ), ਬਲਵਿੰਦਰ ਕੌਰ ਗਾਖਲ (ਰਾਜਵਰ ਦੀ ਭੈਣ), ਜਸਪਾਲ ਸਿੰਘ ਗਾਖਲ (ਰਾਜਵਰ ਦਾ ਭਰਾ), ਹਰਵਿੰਦਰ ਕੌਰ ਗਾਖਲ (ਰਾਜਵਰ ਦੀ ਭੈਣ), ਕੁਲਵਿੰਦਰ ਕੌਰ ਗਾਖਲ (ਰਾਜਵਰ ਦੀ ਭੈਣ), ਬਲਜੀਤ ਸਿੰਘ ਸਰਾਂ, ਜਸਬੀਰ ਕੌਰ ਸਰਾਂ, ਅਤੇ ਰਾਜਵਰ ਕੌਰ ਗਾਖਲ। ਮਰਨ ਵਾਲੇ ਇਹਨਾਂ ਲੋਕਾਂ ਤੋਂ ਬਿਨਾਂ ਗੁਰਮੇਲ ਕੌਰ ਸਰਾਂ ਅਤੇ 6 ਸਾਲ ਦੀ ਉਮਰ ਦੀ ਜਸਟਿਨ ਜ਼ਖਮੀ ਹੋਏ। ਇਸ ਵਾਰਦਾਤ ਵਾਲੇ ਦਿਨ ਗਾਖਲ ਪਰਿਵਾਰ ਰਾਜਵਰ ਦੀ ਭੈਣ ਬਲਵਿੰਦਰ ਗਾਖਲ ਦੇ ਵਿਆਹ ਦੀ ਤਿਆਰੀ ਕਰ ਰਹੇ ਸਨ ਜਿਹੜਾ ਕਿ ਅਗਲੇ ਦਿਨ 6 ਅਪ੍ਰੈਲ ਨੂੰ ਹੋਣਾ ਸੀ। ਪੁਲੀਸ ਦੇ ਅੰਦਾਜ਼ੇ ਮੁਤਾਬਕ ਮਾਰਕ ਵਿਜੇ ਚਾਹਲ ਘਰ ਤਿੰਨ ਮਿਨਟ ਰਿਹਾ ਅਤੇ ਇਸ ਸਮੇਂ ਦੌਰਾਨ ਉਸ ਨੇ 28 ਗੋਲੀਆਂ ਚਲਾਈਆਂ)। ਇਸ ਕਾਂਡ ਬਾਅਦ ਉਹ ਆਪਣੀ ਕਿਰਾਏ ਉੱਤੇ ਕੀਤੀ ਕਾਰ ਵਿੱਚ ਬੈਠ ਆਪਣੇ ਮੋਟਲ ਵਿੱਚ ਚਲਾ ਗਿਆ, ਜਿੱਥੇ ਉਸ ਨੇ ਆਪਣੇ ਸਿਰ ਵਿੱਚ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ।

17 ਜਨਵਰੀ 1994

*ਡੈਲਟਾ, ਬੀ ਸੀ:-* 29 ਸਾਲਾ ਹਰਜਿੰਦਰ ਕੌਰ ਨਿੱਜਰ ਦੀ ਲਾਸ਼ ਡੈਲਟਾ ਦੀ ਲੈਂਡਫਿੱਲ ਵਿੱਚ ਇਕ ਗਾਰਬੇਜ ਬੈਗ ਵਿੱਚ ਮਿਲੀ। ਇਸ ਕਤਲ ਦੇ ਸੰਬੰਧ ਵਿੱਚ ਮਈ 1995 ਵਿੱਚ ਹਰਜਿੰਦਰ ਦੇ ਪਤੀ ਬਾਜ ਨਿੱਜਰ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਅਤੇ 25 ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ। ਬਾਜ ਨੇ ਹਰਜਿੰਦਰ ਨੂੰ ਇਸ ਲਈ ਕਤਲ ਕੀਤਾ ਕਿਉਂਕਿ ਬਾਜ ਦੇ ਇਕ ਹੋਰ ਔਰਤ ਅਮਰਜੀਤ ਢੇਸੀ ਨਾਲ ਸੰਬੰਧ ਸਨ। ਹਰਜਿੰਦਰ ਬਾਜ ਦੀ ਤੀਸਰੀ ਪਤਨੀ ਸੀ। ਪੁਲੀਸ ਬਾਜ ਨਿੱਜਰ ਨੂੰ ਦੋ ਹੋਰ ਔਰਤਾਂ ਦੇ ਲਾਪਤਾ ਹੋਣ ਬਾਰੇ ਵੀ ਸ਼ੱਕ ਦੀ ਨਿਗ੍ਹਾ ਨਾਲ ਦੇਖਦੀ ਸੀ । ਲਾਪਤਾ ਹੋਈਆਂ ਇਹਨਾਂ ਔਰਤਾਂ ਵਿੱਚੋਂ ਇਕ ਉਸ ਦੀ ਪਹਿਲੀ ਪਤਨੀ ਦਲਜੀਤ ਕੌਰ ਲੋਤੇ ਸੀ ਜੋ ਟਰਾਂਟੋ ਦੇ ਇਲਾਕੇ ਵਿੱਚੋਂ 1986 ਵਿੱਚ

ਲਾਪਤਾ ਹੋ ਗਈ ਸੀ ਅਤੇ ਦੂਸਰੀ ਔਰਤ ਸੀ ਹਰਬਖਸ਼ ਕੌਰ ਸਿੰਘ, ਜਿਹੜੀ ਮਾਰਚ 1992 ਵਿੱਚ ਲਾਪਤਾ ਹੋ ਗਈ ਸੀ।

11 ਦਸੰਬਰ1993

*ਵੈਸਟ ਵੈਨਕੂਵਰ, ਬੀ ਸੀ:-* 23 ਸਾਲਾ ਨਜ਼ੀਸ਼ ਖਾਨ ਦੀ ਪਰਦਿਆਂ ਵਿੱਚ ਲਪੇਟੀ ਅਤੇ ਗਾਰਬੇਜ ਬੈਗਾਂ ਨਾਲ ਢਕੀ ਲਾਸ਼ ਉਸ ਦੇ ਸਹੁਰੇ ਪਰਿਵਾਰ ਦੀ ਇਕ ਕਾਰ ਵਿੱਚੋਂ ਮਿਲੀ। ਸੰਨ 1995/1996 ਵਿੱਚ ਨਜ਼ੀਸ਼ ਦੇ ਕਤਲ ਲਈ ਅਦਾਲਤ ਨੇ ਨਜ਼ੀਸ਼ ਦੇ ਸਹੁਰੇ ਅਬਦੁਰ ਰਸ਼ੀਦ ਖਾਨ ਅਤੇ ਸੱਸ ਰਸ਼ੀਦਾ ਖਾਨ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਦੋਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਵਾਈ। ਪਰ 1998 ਵਿੱਚ ਬੀ ਸੀ ਅਪੀਲ ਕੋਰਟ ਨੇ ਰਸ਼ੀਦਾ ਖਾਨ ਨੂੰ ਇਸ ਕਤਲ ਤੋਂ ਬਰੀ ਕਰ ਦਿੱਤਾ। ਨਜ਼ੀਸ, ਅਬਦੁਰ ਰਸ਼ੀਦ ਖਾਨ ਅਤੇ ਰਸ਼ੀਦਾ ਖਾਨ ਦੇ ਪੁੱਤਰ ਫੈਜ਼ਲ ਦੀ ਪਤਨੀ ਸੀ ਅਤੇ ਉਹਨਾਂ ਦਾ ਵਿਆਹ ਮਾਰਚ 1993 ਵਿੱਚ ਹੋਇਆ ਸੀ। ਰਸ਼ੀਦ ਖਾਨ ਅਤੇ ਰਸ਼ੀਦਾ ਖਾਨ ਆਪਣੇ ਪੁੱਤਰ ਦੇ ਇਸ ਵਿਆਹ ਤੋਂ ਖੁਸ਼ ਨਹੀਂ ਸਨ। ਸਰਕਾਰੀ ਵਕੀਲ ਅਨੁਸਾਰ, ਰਸ਼ੀਦ ਖਾਨ ਨੇ ਨਜ਼ੀਸ ਦੇ ਸਿਰ ਵਿੱਚ ਵੇਲਣੇ ਨਾਲ ਸੱਟ ਮਾਰੀ ਅਤੇ ਫਿਰ ਉਸ ਦਾ ਗਲ ਘੁੱਟ ਦਿੱਤਾ।

3 ਫਰਵਰੀ 1991

*ਮੇਰਟ, ਬੀ ਸੀ ਨੇੜੇ:-* 25 ਸਾਲਾ ਸਵਰਨਜੀਤ ਕੌਰ ਥਾਂਦੀ ਦੀ ਲਾਸ਼ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਮੇਰਟ ਨੇੜੇ ਇਕ ਸੜਕ ਦੇ ਕਿਨਾਰੇ ਮਿਲੀ। ਸਵਰਨਜੀਤ ਦੇ ਕਤਲ ਦੇ ਸੰਬੰਧ ਵਿੱਚ ਕਿਸੇ ਨੂੰ ਚਾਰਜ ਨਹੀਂ ਕੀਤਾ ਗਿਆ ਪਰ ਉਸ ਦੀ ਮੌਤ ਬਾਰੇ ਕੌਰਨਰ ਵਲੋਂ ਕੀਤੀ ਇਕ ਜਾਂਚ (ਇਨਕੁਇਸਟ) ਵਿੱਚ ਪੇਸ਼ ਗਵਾਹੀਆਂ ਅਨੁਸਾਰ ਸਵਰਨਜੀਤ ਸਤੰਬਰ1985 ਵਿੱਚ ਜਗਤਾਰ ਪਾਲ ਢਿੱਲੋਂ ਨਾਲ ਵਿਆਹ ਕਰਵਾ ਕੇ ਅਲਡਰਗਰੋਵ ਕੈਨੇਡਾ ਵਿਖੇ ਆਈ ਸੀ। ਇਥੇ ਆਉਣ ਤੋਂ ਬਾਅਦ ਛੇਤੀ ਹੀ ਉਸ ਨੇ ਪਾਲ ਢਿੱਲੋਂ ਤੋਂ ਤਲਾਕ ਲੈ ਲਿਆ ਕਿਉਂਕਿ ਉਸ ਦੇ ਅਤੇ ਢਿੱਲੋਂ ਪਰਿਵਾਰ ਵਿਚਕਾਰ ਸਮਝੌਤਾ ਸੀ ਕਿ ਸਵਰਨਜੀਤ ਦਾ ਇੰਡਿਆ ਵਿੱਚ ਰਹਿ ਰਹੇ ਪਾਲ ਦੇ ਵੱਡੇ ਭਰਾ ਨਿਰਮਲ ਢਿੱਲੋਂ ਨਾਲ ਵਿਆਹ ਕੀਤਾ ਜਾਵੇਗਾ। ਇਸ ਲਈ ਤਲਾਕ ਲੈਣ ਤੋਂ ਬਾਅਦ ਵੀ ਸਵਰਨਜੀਤ ਆਪਣੇ ਸਾਬਕਾ ਪਤੀ ਦੇ ਹੀ ਘਰ ਰਹੀ। ਜਾਂਚ ਵਿੱਚ ਭੁਗਤੀਆਂ ਗਵਾਹੀਆਂ ਵਿੱਚ ਇਹ ਵੀ ਕਿਹਾ ਗਿਆ ਕਿ ਉਸ ਘਰ ਵਿੱਚ ਸਵਰਨਜੀਤ ਨਾਲ ਬਦਸਲੂਕੀ ਕੀਤੀ ਜਾਂਦੀ ਸੀ, ਉਸ ਨੂੰ ਬੇਸਮੈਂਟ ਵਿੱਚ ਫਰਸ਼ ’ਤੇ ਸੁਲਾਇਆ ਜਾਂਦਾ ਸੀ ਅਤੇ ਖਾਣ ਲਈ ਰੋਟੀ ਦੇ ਬਚੇ ਖੁਚੇ ਟੁੱਕੜੇ ਦਿੱਤੇ ਜਾਂਦੇ ਸਨ ਅਤੇ ਉਸ ਨਾਲ ਕੁੱਟ ਮਾਰ ਕੀਤੀ ਜਾਂਦੀ ਸੀ। ਓਸ਼ੀਅਨ ਪਾਰਕ ਪੀਜ਼ਾ, ਜਿੱਥੇ ਸਵਰਨਜੀਤ ਕੰਮ ਕਰਦੀ ਸੀ, ਦੇ ਮੈਨੇਜਰ ਅਤੇ ਕੁੱਕ ਨੇ ਗਵਾਹੀ ਦਿੰਦਿਆਂ ਕਿਹਾ ਕਿ ਕਈ ਵਾਰ ਸਵਰਨਜੀਤ ਦੀਆਂ ਬਾਹਾਂ ’ਤੇ ਨੀਲ ਪਏ ਹੁੰਦੇ ਸਨ। ਇਸ ਤੋਂ ਇਲਾਵਾ ਉਸ ਘਰ ਵਿੱਚ ਸਵਰਨਜੀਤ ਦਾ ਲਿੰਗਕ ਸ਼ੋਸ਼ਣ ਵੀ ਕੀਤਾ ਜਾਂਦਾ ਸੀ। ਸਵਰਨਜੀਤ ਤੋਂ ਗੁਲਾਮਾਂ ਵਾਂਗ ਕੰਮ ਕਰਵਾਇਆ ਜਾਂਦਾ ਸੀ। ਪਰ ਇਸ ਜਾਂਚ ਵਿੱਚ ਢਿੱਲੋਂ ਪਰਿਵਾਰ ਦੇ ਮੈਂਬਰਾਂ ਨੇ ਗਵਾਹੀ ਦਿੰਦਿਆਂ ਇਹਨਾਂ ਸਾਰੇ ਇਲਜ਼ਾਮਾਂ ਦਾ ਖੰਡਨ ਕੀਤਾ ਸੀ।

3 ਮਈ 1986

*ਨੌਰਥ ਯੌਰਕ, ਓਨਟੇਰੀਓ:-* 40 ਸਾਲਾ ਕਮਲਜੀਤ ਰੱਤੀ ਨੇ ਆਪਣੀ 40 ਸਾਲਾ ਪਤਨੀ ਸਵਦੇਸ਼ ਰੱਤੀ ਦੀ ਕੁਹਾੜੇ ਨਾਲ ਹੱਤਿਆ ਕਰ ਦਿੱਤੀ। ਹੱਤਿਆ ਕਰਨ ਤੋਂ ਬਾਅਦ ਕਮਲਜੀਤ ਨੇ ਲਾਸ਼ ਦੇ ਛੋਟੇ ਛੋਟੇ ਟੁਕੜੇ ਕਰ ਕੇ ਇਕ ਗਾਰਬੇਜ ਬੈਗ ਵਿੱਚ ਪਾ ਕੇ ਨਾਲੇ ਵਿੱਚ ਸੁੱਟ ਦਿੱਤੇ। 18 ਸਤੰਬਰ 1991 ਨੂੰ ਓਨਟੇਰੀਓ ਕੋਰਟ ਦੀ ਇਕ ਜਿਊਰੀ ਨੇ ਉਸ ਨੂੰ ਆਪਣੀ ਪਤਨੀ ਦੇ ਕਤਲ ਲਈ ਦੋਸ਼ੀ ਪਾਇਆ ਅਤੇ ਉਸ ਨੂੰ 25 ਸਾਲ ਦੀ ਸਜ਼ਾ ਸੁਣਾਈ। ਮੁਕੱਦਮੇ ਦੌਰਾਨ ਸਰਕਾਰੀ ਵਕੀਲ ਨੇ ਦੱਸਿਆ ਕਿ ਕਮਲਜੀਤ ਨੇ ਕਤਲ ਤੋਂ ਕੁਝ ਦਿਨ ਪਹਿਲਾਂ ਭਾਰਤ ਨੂੰ ਜਾਣ ਲਈ ਆਪਣੇ ਅਤੇ ਆਪਣੇ ਦੋ ਬੱਚਿਆਂ ਲਈ ਟਿਕਟਾਂ ਖ਼੍ਰੀਦੀਆਂ । ਇਸ ਦੇ ਨਾਲ ਹੀ ਉਸ ਨੇ ਇਕ ਕੁਹਾੜਾ ਵੀ ਖ਼੍ਰੀਦਿਆ। ਕਤਲ ਤੋਂ ਬਾਅਦ ਕਮਲਜੀਤ ਆਪਣੇ ਇਕ ਦੋਸਤ ਦੇ ਘਰ ਗਿਆ ਅਤੇ ਉਸ ਤੋਂ ਸਵਦੇਸ਼ ਨੂੰ ਹਸਪਤਾਲ ਲਿਜਾਣ ਲਈ ਮਦਦ ਮੰਗੀ। ਦੋਸਤ ਨੇ ਹਸਪਤਾਲ ਲਿਜਾਣ ਦਾ ਕਾਰਨ ਪੁੱਛਿਆ ਤਾਂ ਕਮਲਜੀਤ ਨੇ ਕਿਹਾ ਕਿ ਉਹ ਡਿੱਗ ਪਈ ਹੈ। ਜਦੋਂ ਦੋਸਤ ਰੱਤੀ ਦੇ ਘਰ ਪਹੁੰਚਿਆ ਤਾਂ ਕਮਲਜੀਤ ਰੱਤੀ ਨੇ ਉਸ ਨੂੰ ਦੱਸਿਆ ਕਿ ਸਵਦੇਸ਼ ਗਾਰਬੇਜ ਬੈਗ ਵਿੱਚ ਹੈ। ਦੋਸਤ ਨੇ ਪੁੱਛਿਆ "ਕਿਉਂ" ਤਾਂ ਕਮਲਜੀਤ ਨੇ ਕਿਹਾ ਕਿ ਉਹ ਮਰ ਗਈ ਹੈ।

1986

*ਅਲਬਰਟਾ:-* ਬਰਿੰਦਰ ਰੰਧਾਵਾ ਦੇ ਪਤੀ ਗੁਰਦਰਸ਼ਨਪਾਲ ਸਿੰਘ ਰੰਧਾਵਾ ਨੇ ਬਰਿੰਦਰ ਉੱਪਰ ਕੁਹਾੜੇ ਦਾ ਵਾਰ ਕਰਕੇ ਉਸ ਨੂੰ ਕਤਲ ਕਰ ਦਿੱਤਾ। ਇਸ ਦੇ ਨਤੀਜੇ ਵਜੋਂ ਗੁਰਦਰਸ਼ਨਪਾਲ ਸਿੰਘ ਰੰਧਾਵਾ ਨੂੰ ਉਮਰ ਕੈਦ ਦੀ ਸਜ਼ਾ ਹੋਈ। ਬਰਿੰਦਰ ਅਲਬਰਟਾ ਦੇ ਭਾਰਤੀ ਮੂਲ ਦੇ ਸਾਬਕਾ ਐਮ ਐਲ ਏ ਰਾਜ ਪੰਨੂ ਦੀ ਛੋਟੀ ਭੈਣ ਸੀ।

11 ਜੂਨ 1981

*ਵੈਨਕੂਵਰ, ਬ੍ਰਿਟਿਸ਼ ਕੋਲੰਬੀਆ:-* ਵੈਨਕੂਵਰ ਦੀ 30 ਸਾਲਾ ਰਵਿੰਦਰ ਕੌਰ ਜੌਹਲ ਨੂੰ ਉਸ ਦੇ ਪਤੀ ਦਵਿੰਦਰ ਸਿੰਘ ਜੌਹਲ (ਉਮਰ 35 ਸਾਲ) ਨੇ ਕਾਰ ਹੇਠਾਂ ਕੁਚਲ ਕੇ ਮਾਰ ਦਿੱਤਾ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਰਵਿੰਦਰ ਦੋ ਹੋਰ ਔਰਤਾਂ (ਰੇਸ਼ਮ ਕੌਰ ਹੇਅਰ ਅਤੇ ਧਰਮਪਾਲ ਕੰਗ) ਅਤੇ ਇਕ ਬੱਚੇ ਨਾਲ ਵੈਨਕੂਵਰ ਦੀ ਰੌਸ ਸਟਰੀਟ 'ਤੇ ਸਥਿੱਤ ਗੁਰਦਵਾਰੇ ਨੂੰ ਜਾ ਰਹੀ ਸੀ। ਪੁਲੀਸ ਦੀ ਰਿਪੋਰਟ ਅਨੁਸਾਰ ਦਵਿੰਦਰ ਸਿੰਘ ਜੌਹਲ ਨੇ ਸਾਈਡ ਵਾਕ 'ਤੇ ਤੁਰੀਆਂ ਜਾ ਰਹੀਆਂ ਔਰਤਾਂ ਉੱਪਰ ਕਾਰ ਚਾੜ੍ਹ ਦਿੱਤੀ। ਕਾਰ ਦੇ ਧੱਕੇ ਨਾਲ ਜਦੋਂ ਇਹ ਔਰਤਾਂ ਹੇਠਾਂ ਡਿਗ ਪਈਆਂ ਤਾਂ ਦਵਿੰਦਰ ਕਾਰ ਖੜੀ ਕਰ ਕੇ ਬਾਹਰ ਨਿਕਲਿਆ, ਅਤੇ ਆਪਣੀ ਪਤਨੀ ਰਵਿੰਦਰ ਕੋਲ ਗਿਆ, ਫਿਰ ਕਾਰ ਵਿੱਚ ਵਾਪਸ ਆਇਆ 'ਤੇ ਕਾਰ ਨੂੰ ਬੈਕ ਕਰ ਕੇ ਇਕ ਵਾਰ ਫਿਰ ਉਸ ਉੱਪਰ ਦੀ ਲੰਘਾ ਦਿੱਤੀ। ਇਸ ਵਾਰਦਾਤ ਸਮੇਂ ਰਵਿੰਦਰ ਆਪਣੇ ਪਤੀ ਤੋਂ ਵੱਖ ਰਹਿ ਰਹੀ ਸੀ। ਇਸ ਵਾਰਦਾਤ ਕਾਰਨ ਰਵਿੰਦਰ ਦੀ ਮੌਤ ਹੋ ਗਈ ਅਤੇ ਰੇਸ਼ਮ ਕੌਰ ਹੇਅਰ ਦੀ ਲੱਤ ਟੁੱਟ ਗਈ, ਧਰਮਪਾਲ ਕੰਗ ਦੇ ਕੁਝ ਜ਼ਖਮ ਹੋਏ ਅਤੇ ਉਸ ਦੇ 2 ਮਹੀਨਿਆਂ ਦੇ ਬੇਟੇ ਕਿਰਨਦੀਪ ਦੇ ਸਿਰ ਵਿੱਚ ਸੱਟਾਂ ਲੱਗੀਆਂ। ਇਸ ਵਾਰਦਾਤ ਤੋਂ ਬਾਅਦ ਦਵਿੰਦਰ ਸਿੰਘ ਜੌਹਲ 'ਤੇ ਸੈਕਿੰਡ ਡਿਗਰੀ ਕਤਲ ਦੇ ਚਾਰਜ

ਲਾਏ ਗਏ ਅਤੇ ਉਸ ਨੂੰ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ ਗਈ। ਬਾਅਦ ਵਿੱਚ ਆਪਣੀ ਸਜ਼ਾ ਭੁਗਤਦੇ ਸਮੇਂ ਦਵਿੰਦਰ ਸਿੰਘ ਜੌਹਲ ਨੇ ਜੇਲ੍ਹ ਵਿੱਚ ਆਤਮਹੱਤਿਆ ਕਰ ਲਈ।

26 ਅਗਸਤ 1980

*ਵੈਨਕੂਵਰ, ਬ੍ਰਿਟਿਸ਼ ਕੋਲੰਬੀਆ:-* ਵੈਨਕੂਵਰ ਨਿਵਾਸੀ 61 ਸਾਲਾ ਦਲੀਪ ਸਿੰਘ ਧਾਲੀਵਾਲ ਨੇ ਆਪਣੀ ਵੱਖ ਰਹਿ ਰਹੀ ਪਤਨੀ ਰਾਜਿੰਦਰ ਕੌਰ ਧਾਲੀਵਾਲ ਉੱਪਰ 5 ਗੋਲੀਆਂ ਚਲਾਈਆਂ ਅਤੇ ਉਹਨਾਂ ਵਿੱਚੋਂ 2 ਗੋਲੀਆਂ ਉਸ ਦੇ ਲੱਗੀਆਂ ਅਤੇ ਨਤੀਜੇ ਵਜੋਂ ਉਸ ਦੀ ਮੌਤ ਹੋ ਗਈ। ਇਸ ਕਤਲ ਦੇ ਸੰਬੰਧ ਵਿੱਚ ਮਾਰਚ 1981 ਵਿੱਚ ਜਿਊਰੀ ਨੇ ਦਲੀਪ ਸਿੰਘ ਧਾਲੀਵਾਲ ਨੂੰ ਸੈਕਿੰਡ ਡਿਗਰੀ ਕਤਲ ਲਈ ਦੋਸ਼ੀ ਪਾਇਆ। ਜਸਟਿਸ ਕੇ. ਈ. ਮੈਰੇਡਿੱਥ ਨੇ ਦਲੀਪ ਸਿੰਘ ਧਾਲੀਵਾਲ ਨੂੰ ਉਮਰ ਕੈਦ ਦੀ ਸਜ਼ਾ ਸੁਣਵਾਈ। ਪੈਰੋਲ ਦਾ ਹੱਕਦਾਰ ਹੋਣ ਲਈ ਧਾਲੀਵਾਲ ਲਈ 10 ਸਾਲ ਦੀ ਸਜ਼ਾ ਕੱਟਣੀ ਜ਼ਰੂਰੀ ਸੀ। ਧਾਲੀਵਾਲ ਵਲੋਂ ਰਾਜਿੰਦਰ ਕੌਰ ਦੇ ਗੋਲੀ ਮਾਰਨ ਦਾ ਕਾਰਨ ਇਹ ਸੀ ਕਿ ਉਹ ਸਮਝਦਾ ਸੀ ਕਿ ਰਾਜਿੰਦਰ ਕੌਰ ਉਸ ਦੀ ਵਫਾਦਾਰ ਨਹੀਂ।

3 ਨਵੰਬਰ 1978

*ਵਿਨੀਪੈੱਗ, ਮੈਨੀਟੋਬਾ:-* ਵਿਨੀਪੈੱਗ ਦੀ ਅਦਾਲਤ ਵਿੱਚ ਜੂਰੀ ਨੇ 33 ਸਾਲਾ ਗੁਰਮੇਲ ਸਿੰਘ ਨੂੰ ਆਪਣੀ ਪਤਨੀ ਜੋਗਿੰਦਰ ਕੌਰ ਦੇ ਕਤਲ ਲਈ ਦੋਸ਼ੀ ਪਾਇਆ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਵਾਈ। ਜੋਗਿੰਦਰ 10 ਮਾਰਚ 1978 ਨੂੰ ਉਹਨਾਂ ਦੇ ਘਰ ਵਿੱਚ ਲੱਗੀ ਅੱਗ ਵਿੱਚ ਜਲ ਗਈ ਸੀ ਅਤੇ ਉਸ ਦੀ 29 ਮਾਰਚ ਨੂੰ ਹਸਪਤਾਲ ਵਿੱਚ ਮੌਤ ਹੋ ਗਈ ਸੀ। ਮੁਕੱਦਮੇ ਦੌਰਾਨ ਸਰਕਾਰੀ ਵਕੀਲ ਨੇ ਦਾਅਵਾ ਕੀਤਾ ਕਿ 10 ਮਾਰਚ 1978 ਨੂੰ ਗੁਰਮੇਲ ਸਿੰਘ ਨੇ ਰਾਤ ਦੇ ਵਕਤ ਆਪਣੀ ਪਤਨੀ ਦੇ ਸੱਟ ਮਾਰ ਕੇ ਉਸ ਨੂੰ ਬੇਹੋਸ਼ ਕਰ ਦਿੱਤਾ ਅਤੇ ਫਿਰ ਉਸ ਦੇ ਕਮਰੇ ਵਿੱਚ ਪੈਟਰੋਲ ਛਿੜਕ ਕੇ ਉਸ ਦਾ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਫਿਰ ਰਸੋਈ ਵਿੱਚ ਇਕ ਹੋਰ ਅੱਗ ਲਾਈ ਅਤੇ ਬੱਚਿਆਂ ਨੂੰ ਇਕ ਨੇੜਲੇ ਰੈਸਟੋਰੈਂਟ ਵਿੱਚ ਲੈ ਗਿਆ। ਸਰਕਾਰੀ ਵਕੀਲ ਦਾ ਕਹਿਣਾ ਸੀ ਕਿ ਗੁਰਮੇਲ ਸਿੰਘ ਨੇ ਆਪਣੀ ਪਤਨੀ ਦਾ ਕਤਲ 72,000 ਡਾਲਰ ਦੀ ਇੰਸ਼ੋਰੈਂਸ ਦੀ ਰਕਮ ਲੈਣ ਲਈ ਅਤੇ ਘਰ ਦੀ ਇੰਸ਼ੋਰੈਂਸ ਲੈਣ ਲਈ ਕੀਤਾ।

ਨਵੰਬਰ 1977

*ਬਰਨਬੀ, ਬ੍ਰਿਟਿਸ਼ ਕੋਲੰਬੀਆ:-* 18 ਸਾਲਾ ਫਿਜੀਅਨ ਕੁੜੀ ਪੈਟ ਵਾਗਾ ਦੀ ਉਸ ਦੇ 72 ਸਾਲਾ ਪਤੀ ਨੇਥਨ ਬਿੰਗਮ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲੀਸ ਨੇ ਨੇਥਨ ਬਿੰਗਮ ਨੂੰ ਪੈਟ ਦੇ ਕਤਲ ਲਈ ਚਾਰਜ ਕਰ ਲਿਆ। ਪੈਟ ਅਗਸਤ 1977 ਵਿੱਚ ਕੈਨੇਡਾ ਆਈ ਸੀ ਅਤੇ ਸਤੰਬਰ 1977 ਵਿੱਚ ਉਸ ਦਾ ਨੇਥਨ ਨਾਲ ਵਿਆਹ ਹੋਇਆ ਸੀ।

23 ਅਕਤੂਬਰ 1972

*ਨਿਊਵੈਸਟਮਨਿਸਟਰ, ਬੀ ਸੀ:-* 18 ਸਾਲਾ ਪਰਮਜੀਤ ਕੌਰ ਸਿੱਧੂ ਅਤੇ 23 ਸਾਲਾ ਗੁਰਮੇਲ ਸਿੰਘ ਸਿੱਧੂ 1331 ਈਊਨ ਐਵਨਿਊ ਸਥਿੱਤ ਆਪਣੀ ਬੇਸਮੈਂਟ ਵਿੱਚ ਫਟੇ ਬੰਬ ਨਾਲ ਮਾਰੇ ਗਏ। ਰਿਪੋਰਟਾਂ ਅਨੁਸਾਰ, ਜਦੋਂ ਇਸ ਨਵੀਂ

ਵਿਆਹੀ ਜੋੜੀ ਨੇ ਤੋਹਫੇ ਵਜੋਂ ਆਈ ਇਕ ਚਾਹ ਬਣਾਉਣ ਵਾਲੀ ਬਿਜਲੀ ਦੀ ਕੇਤਲੀ ਨੂੰ ਪਲੱਗ ਵਿੱਚ ਲਾਇਆ ਤਾਂ ਕੇਤਲੀ ਵਿੱਚ ਫਿੱਟ ਕੀਤਾ ਵਿਸਫੋਟਕ ਪਦਾਰਥ ਫਟ ਗਿਆ। ਇਹ ਕੇਤਲੀ ਇਸ ਜੋੜੀ ਨੂੰ ਇਕ ਪਾਰਸਲ ਵਿੱਚ ਡਾਕ ਰਾਹੀਂ ਭੇਜੀ ਗਈ ਸੀ। ਇਸ ਹਾਦਸੇ ਵਿੱਚ ਪਰਮਜੀਤ ਥਾਂ 'ਤੇ ਹੀ ਮਾਰੀ ਗਈ ਅਤੇ ਗੁਰਮੇਲ ਸਿੱਧੂ ਦੀ ਰੌਇਲ ਕੋਲੰਬੀਅਨ ਹਸਪਤਾਲ ਪਹੁੰਚਣ 'ਤੇ ਮੌਤ ਹੋ ਗਈ। ਲੰਮੀ ਤਫਤੀਸ਼ ਬਾਅਦ 6 ਫਰਵਰੀ 1976 ਨੂੰ ਇਹਨਾਂ ਦੋ ਕਤਲਾਂ ਲਈ ਮੇਰਟ ਵਿੱਚ ਰਹਿ ਰਹੇ ਪਰਮਜੀਤ ਦੇ ਪਿਤਾ ਸੰਤਾ ਸਿੰਘ ਤਾਤਲਾ ਨੂੰ ਗ੍ਰਿਫਤਾਰ ਕਰਕੇ ਚਾਰਜ ਕੀਤਾ ਗਿਆ। ਸੰਤਾ ਸਿੰਘ ਤਾਤਲਾ ਦੇ ਨਾਲ ਹੀ ਇਹਨਾਂ ਕਤਲਾਂ ਲਈ ਜੇਮਜ਼ ਵਿਲਬਰੋਡ ਲਿਊਸ ਨੂੰ ਵੀ ਚਾਰਜ ਕੀਤਾ ਗਿਆ। ਸਰਕਾਰ ਦਾ ਦੋਸ਼ ਸੀ ਕਿ ਲਿਊਸ ਤਾਤਲੇ ਨਾਲ ਕੰਮ ਕਰਦਾ ਸੀ ਅਤੇ ਉਸ ਨੇ ਇਸ ਕਤਲ ਵਿੱਚ ਤਾਤਲੇ ਦੀ ਮਦਦ ਕੀਤੀ ਸੀ। ਮੁਕੱਦਮੇ ਦੌਰਾਨ 30 ਨਵੰਬਰ 1976 ਨੂੰ ਅਸਿਸਟੈਂਟ ਪ੍ਰੌਸੀਕਿਊਟਰ ਵਾਲੀ ਉੱਪਲ (ਬੀ ਸੀ ਦੇ ਮੌਜੂਦਾ ਅਟਾਰਨੀ ਜਨਰਲ) ਨੇ ਇਲਜ਼ਾਮ ਲਾਇਆ ਕਿ ਤਾਤਲੇ ਨੇ ਆਪਣੀ ਧੀ ਦਾ ਕਤਲ ਇਸ ਲਈ ਕੀਤਾ ਕਿਉਂਕਿ ਉਸ ਨੇ ਅਜਿਹੇ ਵਿਅਕਤੀ ਨਾਲ ਵਿਆਹ ਕਰਵਾਇਆ ਸੀ ਜਿਹੜਾ ਤਾਤਲੇ ਨੂੰ ਪਸੰਦ ਨਹੀਂ ਸੀ। ਮੁਕੱਦਮੇ ਦੌਰਾਨ ਪੇਸ਼ ਕੀਤੀ ਡਾਕਟਰੀ ਗਵਾਹੀ ਵਿੱਚ ਇਹ ਵੀ ਦੱਸਿਆ ਗਿਆ ਕਿ ਮਰਨ ਸਮੇਂ ਪਰਮਜੀਤ ਥੋੜ੍ਹੇ ਸਮੇਂ ਦੀ ਗਰਭਵਤੀ ਸੀ। ਮੁਕੱਦਮੇ ਦੇ ਅਖੀਰ ਵਿੱਚ ਆਪਣੀ ਦਲੀਲ ਦਿੰਦਿਆ ਸਰਕਾਰੀ ਵਕੀਲ, ਡੱਗ ਹੌਗਾਰਥ ਨੇ ਕਿਹਾ ਕਿ ਤਾਤਲਾ ਇਕ "ਪਾਗਲ ਅਤਿਆਚਾਰੀ" ਹੈ। 15 ਦਸੰਬਰ 1976 ਨੂੰ ਸੰਤਾ ਸਿੰਘ ਤਾਤਲੇ ਅਤੇ ਜੇਮਜ਼ ਵਿਲਬਰੋਡ ਲਿਊਸ ਨੂੰ ਇਹਨਾਂ ਕਤਲਾਂ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

## ਕਤਲ ਕੀਤੀਆਂ ਔਰਤਾਂ ਜਿਹਨਾਂ ਦੇ ਕਤਲਾਂ ਲਈ ਇਸ ਸਮੇਂ ਕਿਸੇ ਨੂੰ ਵੀ ਚਾਰਜ ਨਹੀਂ ਕੀਤਾ ਗਿਆ

5 ਜੁਲਾਈ 2007

*ਬਰਨਬੀ, ਬ੍ਰਿਟਿਸ਼ ਕੋਲੰਬੀਆ:-* ਨਵੀਂ ਵਿਆਹੀ, 40 ਸਾਲਾ, ਸਰੀ ਵਿੱਚ ਇਕ ਸਕੂਲ ਦੀ ਪ੍ਰਿੰਸੀਪਲ ਸ਼ਮੀਨਾ ਹਿਰਜੀ ਦਾ ਬਰਨਬੀ ਵਿੱਚ ਆਪਣੇ ਘਰ ਵਿੱਚ ਕਤਲ ਹੋ ਗਿਆ। ਉਸ ਦੇ ਪਤੀ ਪਾਲ ਚੀਮਾ ਨੇ ਪੁਲੀਸ ਨੂੰ ਕਿਹਾ ਕਿ ਤਿੰਨ ਹਮਲਾਵਾਰ ਉਸ ਦੇ ਘਰ ਦਾਖਲ ਹੋਏ ਅਤੇ ਉਹਨਾਂ ਉਸ ਦੀ ਨਵੀਂ ਵਿਆਹੀ ਪਤਨੀ ਨੂੰ ਮਾਰ ਦਿੱਤਾ ਅਤੇ ਉਸ ਉੱਪਰ ਵੀ ਹਮਲਾ ਕੀਤਾ। ਪਰ ਚੀਮਾ ਦੇ ਲੱਗੀਆਂ ਸੱਟਾਂ ਏਨੀਆਂ ਮਾਮੂਲੀ ਸਨ ਕਿ ਉਸ ਨੂੰ ਥੋੜ੍ਹੀ ਦੇਰ ਬਾਅਦ ਹਸਪਤਾਲ ਵਿੱਚੋਂ ਛੁੱਟੀ ਦੇ ਦਿੱਤੀ ਗਈ। 14 ਜੁਲਾਈ ਨੂੰ ਪੁਲੀਸ ਨੇ ਪਾਲ ਚੀਮਾ ਨੂੰ ਗ੍ਰਿਫਤਾਰ ਕੀਤਾ ਪਰ ਬਿਨਾਂ ਦੋਸ਼ ਲਾਇਆਂ ਛੱਡ ਦਿੱਤਾ। ਇਸ ਸਮੇਂ ਪੁਲੀਸ ਨੇ ਕਿਹਾ ਕਿ ਚੀਮਾ ਇਸ ਕਤਲ ਲਈ "ਮੁੱਖ ਅਤੇ ਇਕੋ ਇਕ ਸ਼ੱਕੀ ਵਿਅਕਤੀ ਹੈ"। ਪਰ ਪਾਲ ਚੀਮਾ ਦੇ ਪਰਿਵਾਰ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਚੀਮਾ ਸ਼ਮੀਨਾ ਦਾ ਕਤਲ ਨਹੀਂ ਕਰ ਸਕਦਾ।

7 ਫਰਵਰੀ 2007

*ਸਰੀ, ਬ੍ਰਿਟਿਸ਼ ਕੋਲੰਬੀਆ:-* ਸਰੀ ਵਿੱਚ ਅਮਨਦੀਪ ਕੌਰ ਬਾਹੀਆ ਦੀ ਆਪਣੇ ਘਰ ਵਿੱਚ ਬੁਰੀ ਤਰ੍ਹਾਂ ਕੱਟੀ-ਵੱਢੀ ਲਾਸ਼ ਮਿਲੀ। ਉਸ ਸਮੇਂ ਉਸ ਦੀਆਂ ਦੋ ਛੋਟੀਆਂ ਬੱਚੀਆਂ ਘਰ ਵਿੱਚ ਸਨ। ਜਦੋਂ ਅਮਨਦੀਪ ਦੇ ਸਹੁਰਿਆਂ ਨੇ ਘਰ ਆ

ਕੇ ਅਮਨਦੀਪ ਦੀ ਲਾਸ਼ ਦੇਖੀ, ਉਸ ਸਮੇਂ ਅਮਨਦੀਪ ਦੀ ਇਕ ਸਾਲਾ ਛੋਟੀ ਬੱਚੀ ਆਪਣੀ ਮਾਂ ਦੀ ਲਹੂ-ਭਿੱਜੀ ਲਾਸ਼ ਕੋਲ ਬੈਠੀ ਸੀ। ਕੇਸ ਦੀ ਜਾਂਚ ਜਾਰੀ ਹੈ ਅਤੇ ਇਸ ਮਾਮਲੇ ਵਿੱਚ ਕਿਸੇ 'ਤੇ ਕੋਈ ਚਾਰਜ ਨਹੀਂ ਲਾਏ ਗਏ। ਅਮਨਦੀਪ ਦੇ ਸਸਕਾਰ ਵਾਲੇ ਦਿਨ ਮੀਡੀਆ ਨਾਲ ਗੱਲ ਕਰਦਿਆਂ ਅਮਨਦੀਪ ਦੇ ਪਤੀ ਬਲਜਿੰਦਰ ਸਿੰਘ ਬਾਹੀਆ ਨੇ ਕਿਹਾ ਕਿ ਇਸ ਕੇਸ ਵਿੱਚ "ਮੈਂ ਇਕ ਸ਼ੱਕੀ ਹਾਂ ਅਤੇ ਮੈਂ ਆਰ ਸੀ ਐਮ ਪੀ ਦੀ ਮਦਦ ਕਰ ਰਿਹਾ ਹਾਂ।"

<u>24 ਜਨਵਰੀ 2006</u>

*ਪੰਜਾਬ:* ਕੈਨੇਡਾ ਦੇ ਸ਼ਹਿਰ ਵਿਨੀਪੈੱਗ ਦੀ ਰਹਿਣ ਵਾਲੀ ਰਾਣੀ ਸੰਧੂ ਦੀ ਆਪਣੀ ਪੰਜਾਬ ਫੇਰੀ ਦੌਰਾਨ ਮੌਤ ਹੋ ਗਈ। ਰਾਣੀ ਦੇ ਮਾਪਿਆਂ ਨੇ ਸ਼ੱਕ ਜ਼ਾਹਿਰ ਕੀਤਾ ਕਿ ਪੰਜਾਬ ਵਿੱਚ ਰਾਣੀ ਦੀ ਜ਼ਹਿਰ ਦੇ ਕੇ ਹੱਤਿਆ ਕੀਤੀ ਗਈ ਹੈ। ਰਾਣੀ ਦੇ ਮਾਪਿਆਂ ਨੇ ਇਸ ਸੰਬੰਧ ਵਿੱਚ ਵਿਨੀਪੈੱਗ ਪੁਲੀਸ ਕੋਲ ਰਿਪੋਰਟ ਕੀਤੀ ਅਤੇ ਉਸ ਸਮੇਂ ਕੈਨੇਡਾ ਦੇ ਡਿਪਾਰਟਮੈਂਟ ਆਫ ਫੌਰਨ ਅਫੇਅਰਜ਼ ਨੇ ਰਾਣੀ ਦੇ ਮਾਪਿਆਂ ਦੇ ਦਾਅਵੇ ਦੀ ਜਾਂਚ ਕਰਨ ਲਈ ਇਕ ਕੇਸ ਵਰਕਰ ਨਿਯੁਕਤ ਕੀਤਾ ਸੀ ਅਤੇ ਫੈਡਰਲ ਅਧਿਕਾਰੀਆਂ ਨੇ ਉਹਨਾਂ ਨੂੰ ਦੱਸਿਆ ਸੀ ਕਿ ਉਹ ਪੰਜਾਬ ਦੇ ਅਧਿਕਾਰੀਆਂ ਦੇ ਸੰਪਰਕ ਵਿੱਚ ਹਨ। ਰਾਣੀ ਆਪਣੇ ਪਤੀ ਅਮਨਦੀਪ ਸੰਧੂ ਅਤੇ ਆਪਣੀ 10-ਮਹੀਨਿਆਂ ਦੀ ਬੇਟੀ ਸਿਮਰਨ ਨਾਲ 21 ਜਨਵਰੀ, 2006 ਨੂੰ ਪੰਜਾਬ ਗਈ ਸੀ ਅਤੇ 24 ਜਨਵਰੀ ਨੂੰ ਉਸ ਦੀ ਮੌਤ ਹੋ ਗਈ।

<u>ਜਨਵਰੀ 2005</u>

*ਪੰਜਾਬ:* ਕੈਨੇਡਾ ਦੇ ਸ਼ਹਿਰ ਐਡਮੰਟਨ ਦੀ ਰਹਿਣ ਵਾਲੀ 34 ਸਾਲਾ ਜਗਜੀਤ ਕੌਰ ਆਪਣੇ ਪਤੀ ਨਾਲ ਇਕ ਵਿਆਹ ਵਿੱਚ ਸ਼ਾਮਲ ਹੋਣ ਲਈ ਜਨਵਰੀ ਵਿੱਚ ਪੰਜਾਬ ਗਈ। ਪੰਜਾਬ ਪਹੁੰਚਣ ਤੋਂ 10 ਦਿਨ ਬਾਅਦ ਉਸ ਦੀ ਭੇਤ ਭਰੀ ਹਾਲਤ ਵਿੱਚ ਮੌਤ ਗਈ। ਉਸ ਦੇ ਪੋਸਟ ਮਾਰਟਮ ਤੋਂ ਪਤਾ ਲੱਗਾ ਕਿ ਉਸ ਨੂੰ ਜ਼ਹਿਰ ਦਿੱਤੀ ਗਈ ਸੀ। ਜਗਜੀਤ ਦੇ ਵੱਡੇ ਭਰਾ ਗੁਰਸੇਵਕ ਸੇਖੋਂ ਦਾ ਕਹਿਣਾ ਸੀ ਕਿ ਅਜਿਹਾ ਨਹੀਂ ਹੋ ਸਕਦਾ ਕਿ ਉਸ ਦੀ ਭੈਣ ਨੇ ਆਪ ਜ਼ਹਿਰ ਖਾਧੀ ਹੋਵੇ। ਸੇਖੋਂ ਨੇ ਮੀਡੀਆ ਨੂੰ ਅਗਾਂਹ ਦੱਸਿਆ ਕਿ ਪੰਜਾਬ ਵਿੱਚ ਪੁਲੀਸ ਨੇ ਜਗਜੀਤ ਦੇ ਪਤੀ ਅਤੇ ਉਸ ਦੇ ਪਰਿਵਾਰ ਵਾਲਿਆਂ ਤੋਂ ਪੁੱਛ-ਗਿੱਛ ਕੀਤੀ ਸੀ, ਪਰ ਕਿਸੇ 'ਤੇ ਕੋਈ ਚਾਰਜ ਨਹੀਂ ਲਾਇਆ ਸੀ।

## ਔਰਤਾਂ ਉੱਤੇ ਕੀਤੇ ਗਏ ਹਮਲੇ ਜਿਹਨਾਂ ਲਈ ਪਰਿਵਾਰ ਦੇ ਮੈਂਬਰਾਂ ਨੂੰ ਦੋਸ਼ੀ ਪਾਇਆ ਗਿਆ ਜਾਂ ਉਹਨਾਂ ਨੂੰ ਚਾਰਜ ਕੀਤਾ ਗਿਆ ਹੈ।

<u>18 ਜਨਵਰੀ 2001</u>

*ਸਰੀ:-* ਘਰੇਲੂ ਲੜਾਈ ਦੌਰਾਨ, ਸੁਖਜਿੰਦਰ ਸਿੰਘ ਢਿੱਲੋਂ ਨੇ ਆਪਣੀ ਪਤਨੀ ਰਣਜੀਤ ਕੌਰ ਢਿੱਲੋਂ ਨੂੰ ਕੁੱਟਿਆ। ਨਤੀਜੇ ਵਜੋਂ ਅਗਸਤ 2001 ਵਿੱਚ ਸੁਖਜਿੰਦਰ ਸਿੰਘ ਢਿੱਲੋਂ ਨੂੰ ਅਦਾਲਤ ਨੇ ਇਕ ਸਾਲ ਦੀ ਸ਼ਰਤੀਆ ਸਜ਼ਾ ਸੁਣਾਈ। ਮੁਕੱਦਮੇ ਦੌਰਾਨ ਰਣਜੀਤ ਕੌਰ ਢਿੱਲੋਂ ਨੇ ਇਲਜ਼ਾਮ ਲਾਇਆ ਸੀ ਕਿ ਉਸ ਨੂੰ ਇਸ ਕਰਕੇ ਕੁੱਟਿਆ ਗਿਆ ਕਿਉਂਕਿ

ਉਸ ਨੇ ਦੋ ਕੁੜੀਆਂ ਨੂੰ ਜਨਮ ਦਿੱਤਾ ਸੀ ਅਤੇ ਉਸ ਦੇ ਕੋਈ ਪੁੱਤਰ ਨਹੀਂ ਸੀ ਹੋਇਆ। ਸੁਖਜਿੰਦਰ ਸਿੰਘ ਢਿੱਲੋਂ ਨੇ ਮੰਨਿਆ ਕਿ ਉਸ ਨੇ ਰਣਜੀਤ ਦੇ ਮੁੱਕਾ ਮਾਰਿਆ ਸੀ, ਪਰ ਉਸ ਦਾ ਕਹਿਣਾ ਸੀ ਕਿ ਉਸ ਨੇ ਅਜਿਹਾ ਇਸ ਕਰਕੇ ਨਹੀਂ ਕੀਤਾ ਕਿ ਰਣਜੀਤ ਕੌਰ ਦੇ ਕੋਈ ਪੁੱਤਰ ਨਹੀਂ ਸੀ ਹੋਇਆ, ਸਗੋਂ ਲੜਾਈ ਤਿੰਨ ਔਰਤਾਂ (ਰਣਜੀਤ ਕੌਰ, ਉਸ ਦੀ ਸੱਸ ਬਲਵੀਰ ਢਿੱਲੋਂ ਅਤੇ ਉਸ ਦੀ ਨਨਾਣ ਦਵਿੰਦਰ ਢਿੱਲੋਂ) ਵਿਚਕਾਰ ਸ਼ੁਰੂ ਹੋਈ ਸੀ।

ਮਈ 17, 2000

*ਟਰਾਂਟੋ, ਉਨਟੇਰੀਓ:-* 67 ਸਾਲਾ ਪਿਆਰਾ ਸਿੰਘ ਰਾਇ ਨੇ ਆਪਣੀ ਬੇਟੀ ਅਮਰਪ੍ਰਦੀਪ ਕੌਰ ਰਾਇ ਉੱਪਰ ਚਾਕੂ ਨਾਲ ਹਮਲਾ ਕਰਕੇ ਗੰਭੀਰ ਜ਼ਖਮੀ ਕਰ ਦਿੱਤਾ ਕਿਉਂਕਿ ਅਮਰਪ੍ਰਦੀਪ ਨੇ ਮਾਪਿਆਂ ਵਲੋਂ ਕੀਤੇ ਵਿਆਹ ਵਿੱਚੋਂ ਨਿਕਲ ਕੇ ਆਪਣੇ ਮਨਪਸੰਦ ਮੁੰਡੇ ਨਾਲ ਵਿਆਹ ਕਰ ਲਿਆ ਸੀ। ਸੰਨ 1999 ਵਿੱਚ ਅਮਰਪ੍ਰਦੀਪ ਕੌਰ ਆਪਣੇ ਭਰਾਵਾਂ ਨੂੰ ਮਿਲਣ ਭਾਰਤ ਗਈ ਸੀ, ਜਿੱਥੇ ਉਸ ਦਾ ਵਿਆਹ ਉਸ ਦੇ ਕਜ਼ਨ ਨਾਲ ਕਰ ਦਿੱਤਾ ਗਿਆ ਤਾਂ ਕਿ ਉਸ ਦਾ ਕਜ਼ਨ ਕੈਨੇਡਾ ਆ ਸਕੇ। ਇਸ ਵਿਆਹ ਵਿੱਚ ਅਮਰਪ੍ਰਦੀਪ ਅਤੇ ਉਸ ਦੇ ਕਜ਼ਨ ਵਿਚਕਾਰ ਪਤੀ/ਪਤਨੀ ਵਾਲੇ ਸੰਬੰਧ ਨਹੀਂ ਬਣੇ ਸਨ। ਮਾਰਚ 2000 ਵਿੱਚ ਅਮਰਪ੍ਰਦੀਪ ਦੁਬਾਰਾ ਭਾਰਤ ਗਈ ਅਤੇ ਉਸ ਨੇ ਆਪਣੀ ਪਸੰਦ ਦੇ ਮੁੰਡੇ ਨਾਲ ਚੋਰੀ ਵਿਆਹ ਕਰਵਾ ਲਿਆ। ਅਮਰਪ੍ਰਦੀਪ ਦੇ ਵਾਪਸ ਕੈਨੇਡਾ ਆਉਣ ਤੇ ਜਦੋਂ ਉਸ ਦੇ ਪਿਤਾ ਪਿਆਰਾ ਸਿੰਘ ਰਾਇ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਗੁੱਸੇ ਵਿੱਚ ਆ ਕੇ ਅਮਰਪ੍ਰਦੀਪ ਉੱਤੇ ਹਮਲਾ ਕਰ ਦਿੱਤਾ ਅਤੇ ਜਿਸਦੇ ਨਤੀਜੇ ਵਜੋਂ ਅਮਰਪ੍ਰਦੀਪ ਦੀ ਗਰਦਨ ਉੱਪਰ ਡੂੰਘੇ ਜ਼ਖਮ ਹੋਏ। ਇਸ ਹਮਲੇ ਦੇ ਨਤੀਜੇ ਵਲੋਂ ਅਦਾਲਤ ਨੇ ਜੂਨ 2001 ਵਿੱਚ ਪਿਆਰਾ ਸਿੰਘ ਰਾਇ ਨੂੰ ਕਤਲ ਕਰਨ ਦੇ ਇਰਾਦੇ ਦੇ ਦੋਸ਼ ਵਿਚ ਦੋਸ਼ੀ ਕਰਾਰ ਦਿੱਤਾ ਅਤੇ ਉਸ ਨੂੰ 5 ਸਾਲ ਦੀ ਸਜ਼ਾ ਸੁਣਾਈ ਗਈ। ਅਦਾਲਤ ਵਿੱਚ ਆਪਣੇ ਪਿਤਾ ਵਿਰੁੱਧ ਗਵਾਹੀ ਦਿੰਦਿਆਂ ਅਮਰਪ੍ਰਦੀਪ ਰਾਇ ਨੇ ਕਿਹਾ, "ਮੈਂ ਉਸ ਵੱਲ ਦੇਖਣਾ ਨਹੀਂ ਚਾਹੁੰਦੀ ਕਿਉਂਕਿ ਉਸ ਨੇ ਮੈਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ।"

ਜੂਨ 1999

*ਐਡਮੰਟਨ, ਅਲਬਰਟਾ:* ਜਦੋਂ ਪੁਲੀਸ ਸਵੇਰ ਦੇ 4:30 ਵਜੇ ਮਿੱਲਵੁੱਡ ਵਿੱਚ ਰਹਿਣ ਵਾਲੀ 30 ਸਾਲਾ ਪਰਵੀਨ ਬਾਸੀ ਦੇ ਘਰ ਪਹੁੰਚੀ ਤਾਂ ਪਰਵੀਨ ਉਹਨਾਂ ਨੂੰ ਇਕ ਰਜਾਈ ਵਿੱਚ ਲਿਪਟੀ ਘਰ ਤੋਂ ਬਾਹਰ ਮਿਲੀ। ਉਸ ਦੀ ਛਾਤੀ, ਪੇਟ ਅਤੇ ਪੁੜਿਆਂ ਵਿੱਚ ਲੱਗੀਆਂ ਗੋਲੀਆਂ ਨਾਲ ਹੋਏ ਜ਼ਖਮਾਂ ਵਿੱਚੋਂ ਖੂਨ ਵਗ ਰਿਹਾ ਸੀ। ਇਸ ਹਮਲੇ ਦੇ ਸੰਬੰਧ ਵਿੱਚ ਪੁਲੀਸ ਨੇ ਪਰਵੀਨ ਦੇ ਪਤੀ 38 ਸਾਲਾ ਗੁਰਦੀਪ ਸਿੰਘ ਬਾਸੀ ਉੱਪਰ ਇਰਾਦਾ ਕਤਲ ਅਤੇ ਸੰਗੀਨ ਹਮਲੇ ਦੇ ਦੋਸ਼ ਲਾਏ।

ਫਰਵਰੀ 1999

*ਸਰੀ, ਬੀ ਸੀ:-* ਬੀ ਸੀ ਦੀ ਇਕ ਅਦਾਲਤ ਵਿੱਚ ਇਕ ਜੱਜ ਅਤੇ ਜੂਰੀ ਦੇ 12 ਮੈਂਬਰਾਂ ਸਾਹਮਣੇ ਇਕ 26 ਸਾਲਾ ਪੰਜਾਬੀ ਔਰਤ ਨੇ ਚਾਰ ਦਿਨ ਆਪਣੇ ਪਤੀ ਵਿਰੁੱਧ ਗਵਾਹੀ ਦਿੱਤੀ। ਉਸ ਦੇ ਪਤੀ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਸੀ ਅਤੇ ਉਸ ਨਾਲ ਬਲਾਤਕਾਰ ਕੀਤਾ ਸੀ। ਉਸ ਦੀ ਗਵਾਹੀ ਦੇ ਨਤੀਜੇ ਵਜੋਂ ਜੂਰੀ ਨੇ ਉਸ ਦੇ ਪਤੀ ਨੂੰ ਇਰਾਦਾ ਕਤਲ,

ਸੰਗੀਨ ਹਮਲੇ, ਧਮਕੀਆਂ ਦੇਣ ਅਤੇ ਲਿੰਗਕ ਹਮਲੇ ਲਈ ਦੋਸ਼ੀ ਕਰਾਰ ਦਿੱਤਾ। ਇਸ ਹਮਲੇ ਵਿੱਚ ਪਤੀ ਨੇ ਇਸ ਔਰਤ 'ਤੇ ਇਕ ਹਥੋੜੇ ਜਾਂ ਸੱਬਲ ਨਾਲ ਹਮਲਾ ਕੀਤਾ ਸੀ। ਇਸ ਔਰਤ ਦਾ 1995 ਵਿੱਚ ਪੰਜਾਬ ਵਿੱਚ ਵਿਆਹ ਹੋਇਆ ਸੀ ਅਤੇ ਉਹ 10 ਜਨਵਰੀ 1998 ਨੂੰ ਕੈਨੇਡਾ ਆਈ ਸੀ। ਉਸ ਦਾ ਪਤੀ ਉਸ ਦੇ ਕੈਨੇਡਾ ਆਉਣ 'ਤੇ ਖੁਸ਼ ਨਹੀਂ ਸੀ ਅਤੇ ਉਸ ਨੇ ਦੋ ਵਾਰ ਆਪਣੀ ਪਤਨੀ ਦੀ ਅਰਜ਼ੀ ਕੈਂਸਲ ਕਰਵਾਈ ਸੀ। ਕਿਉਂਕਿ ਇਸ ਮਾਮਲੇ ਵਿੱਚ ਪਤੀ ਉੱਪਰ ਇਕ ਦੋਸ਼ ਲਿੰਗਕ ਹਮਲੇ ਦਾ ਹੈ ਇਸ ਲਈ ਅਦਾਲਤ ਨੇ ਇਸ ਔਰਤ ਦਾ ਨਾਂ ਛਾਪਣ 'ਤੇ ਪਾਬੰਦੀ ਲਾ ਦਿੱਤੀ ਸੀ। ਔਰਤ ਦੀ ਪਛਾਣ ਹੋਣ ਤੋਂ ਬਚਣ ਲਈ ਪ੍ਰਕਾਸ਼ਿਤ ਖਬਰਾਂ ਵਿੱਚ ਉਸ ਦੇ ਪਤੀ ਦਾ ਨਾਂ ਵੀ ਨਹੀਂ ਛਾਪਿਆ ਗਿਆ ਸੀ।

<u>30 ਅਗਸਤ 1998</u>

*ਸਰੀ, ਬੀ ਸੀ:-* 40 ਸਾਲਾ ਬਲਬੀਰ ਸਿੰਘ ਗੋਸਲ ਨੇ ਆਪਣੀ ਪਤਨੀ ਜਸਬੀਰ ਗੋਸਲ 'ਤੇ ਇਕ ਹਥੋੜੇ ਨਾਲ ਹਮਲਾ ਕਰ ਦਿੱਤਾ। ਗੋਸਲ ਆਪਣੀ ਪਤਨੀ ਮਗਰ ਹਥੋੜਾ ਲੈ ਕੇ ਆਇਆ ਅਤੇ ਉਸ ਨੂੰ ਕਹਿਣ ਲੱਗਾ ਕਿ ਉਹ ਉਸ ਨੂੰ ਅਤੇ ਉਹਨਾਂ ਦੇ ਦੋ ਬੱਚਿਆਂ ਨੂੰ ਕਤਲ ਕਰਨ ਲੱਗਾ ਹੈ। ਫਿਰ ਉਸ ਨੇ ਜਸਬੀਰ 'ਤੇ ਹਥੋੜੇ ਨਾਲ ਵਾਰ ਕੀਤਾ। ਜਸਬੀਰ ਨੇ ਆਪਣੇ ਪਤੀ ਤੋਂ ਛੁੱਟ ਕੇ ਪੁਲੀਸ ਨੂੰ ਫੋਨ ਕਰਨ ਦੀ ਕੋਸ਼ਿਸ਼ ਕੀਤੀ ਪਰ ਫੋਨ ਲਾਈਨ ਕੱਟੀ ਹੋਈ ਸੀ। ਕਿਸੇ ਗਵਾਂਢੀ ਵਲੋਂ ਫੋਨ ਕਰਨ 'ਤੇ ਪੁਲੀਸ ਉੱਥੇ ਪਹੁੰਚੀ ਅਤੇ ਉਹਨਾਂ ਨੇ ਜਸਬੀਰ ਨੂੰ ਬਲਵੀਰ ਸਿੰਘ ਕੋਲੋਂ ਛੁਡਵਾਇਆ। ਉਸ ਸਮੇਂ ਤੱਕ ਬਲਵੀਰ ਸਿੰਘ ਆਪਣੀ ਪਤਨੀ 'ਤੇ ਹਥੋੜੇ ਨਾਲ ਕਈ ਵਾਰ ਕਰ ਚੁੱਕਿਆ ਸੀ ਅਤੇ ਜਸਬੀਰ ਦਾ ਗਲਾ ਘੁੱਟ ਰਿਹਾ ਸੀ। ਬਾਅਦ ਵਿੱਚ ਬਲਬੀਰ ਸਿੰਘ ਗੋਸਲ ਨੇ ਅਦਾਲਤ ਸਾਹਮਣੇ ਆਪਣਾ ਕਸੂਰ ਮੰਨ ਲਿਆ, ਜਿਸ ਦੇ ਨਤੀਜੇ ਵਜੋਂ ਉਸ ਨੂੰ 13 ਜੁਲਾਈ 2000 ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਵਾਈ ਗਈ।

<u>ਜੁਲਾਈ 1998</u>

*ਕੈਲਗਰੀ, ਅਲਬਰਟਾ:-* ਗੁਰਦੀਪ ਗਰੇਵਾਲ ਨੂੰ ਪੁਲੀਸ ਨੇ ਉਸ ਵੇਲੇ ਗੋਲੀ ਮਾਰ ਕੇ ਮਾਰ ਦਿੱਤਾ ਜਿਸ ਸਮੇਂ ਉਸ ਨੇ ਆਪਣੀ ਸੱਸ ਬਲਵਿੰਦਰ ਤੂਰ ਉੱਤੇ ਚਾਕੂ ਨਾਲ ਹਮਲਾ ਕੀਤਾ। ਗੁਰਦੀਪ ਗਰੇਵਾਲ ਦੀ ਵੱਖ ਹੋਈ ਪਤਨੀ ਸਤਵਿੰਦਰ ਆਪਣੀ ਮਾਂ ਨਾਲ ਰਹਿ ਰਹੀ ਸੀ। ਉੱਥੇ ਆਕੇ ਗੁਰਦੀਪ ਗਰੇਵਾਲ ਦੀ ਸਤਵਿੰਦਰ ਨਾਲ ਲੜਾਈ ਹੋਈ। ਇਸ ਦੌਰਾਨ ਸਤਵਿੰਦਰ ਗੁਰਦੀਪ ਤੋਂ ਛੁੱਟ ਕੇ ਗਵਾਂਢੀਆਂ ਦੇ ਚਲੀ ਗਈ ਜਿੱਥੋਂ ਜਾ ਕੇ ਉਸ ਨੇ ਪੁਲੀਸ ਨੂੰ ਫੋਨ ਕੀਤਾ। ਪੁਲੀਸ ਦੋ ਮਿੰਟਾਂ ਵਿਚ ਉੱਥੇ ਪਹੁੰਚ ਗਈ। ਆਉਣ ਬਾਅਦ ਪੁਲੀਸ ਨੇ ਗੁਰਦੀਪ ਨਾਲ ਗੱਲ ਕੀਤੀ ਪਰ ਜਦੋਂ ਗੁਰਦੀਪ ਨੇ ਆਪਣੀ ਸੱਸ 'ਤੇ ਚਾਕੂ ਨਾਲ ਵਾਰ ਕੀਤਾ ਤਾਂ ਪੁਲੀਸ ਨੇ ਪਹਿਲਾਂ ਇਕ ਗੋਲੀ ਚਲਾਈ ਅਤੇ ਫਿਰ ਪੰਜ ਹੋਰ ਗੋਲੀਆਂ ਚਲਾਈਆਂ। ਨਤੀਜੇ ਵਜੋਂ ਗੁਰਦੀਪ ਗਰੇਵਾਲ ਦੀ ਮੌਤ ਹੋ ਗਈ।

<u>ਦਸੰਬਰ 1994/ ਫਰਵਰੀ 1995</u>

*ਵਿਨੀਪੈੱਗ, ਮੈਨੀਟੋਬਾ:-* ਦਸੰਬਰ 1994 ਵਿੱਚ ਪਾਲ ਚੀਮਾ ਵਿਨੀਪੈੱਗ ਦੀ ਇਕ ਔਰਤ ਪਰਮਜੀਤ ਸਿੰਘ ਦੇ ਕੰਮ 'ਤੇ ਗਿਆ ਅਤੇ ਉਸ ਨੂੰ ਅਗਵਾ ਕਰ ਲਿਆ ਅਤੇ 10 ਘੰਟਿਆਂ ਲਈ ਉਸ ਨੂੰ ਚਾਕੂ ਦੀ ਨੋਕ 'ਤੇ ਆਪਣੇ ਕਬਜ਼ੇ

ਵਿੱਚ ਰੱਖਿਆ। ਚੀਮਾ ਨੇ ਅਜਿਹਾ ਉਦੋਂ ਕੀਤਾ ਜਦੋਂ ਪਰਮਜੀਤ ਨੇ ਪਾਲ ਚੀਮਾ ਅਤੇ ਉਸ ਵਿਚਕਾਰ ਚੱਲ ਰਹੀ ਵਿਆਹ ਦੀ ਗੱਲਬਾਤ ਨੂੰ ਤੋੜ ਦਿੱਤਾ ਸੀ। ਇਸ ਲਈ ਚੀਮਾ ਉੱਤੇ ਚਾਰਜ ਲਾਏ ਗਏ। ਜਮਾਨਤ 'ਤੇ ਹੁੰਦਾ ਹੋਇਆ ਚੀਮਾ ਫਰਵਰੀ 1995 ਵਿੱਚ ਇਕ ਵਾਰ ਫਿਰ ਪਰਮਜੀਤ ਦੇ ਘਰ ਗਿਆ ਅਤੇ ਉਸ ਨੂੰ ਇਕ ਵਾਰ ਫਿਰ ਫੜਨ ਦੀ ਕੋਸ਼ਿਸ਼ ਕੀਤੀ। ਉਸ ਦੇ ਹੱਥ ਵਿੱਚ ਆਟੋਮੈਟਕ ਗੰਨ ਸੀ। ਉਸ ਨੇ ਗੰਨ ਪਰਮਜੀਤ ਦੀ ਮਾਤਾ ਵੱਲ ਕੀਤੀ ਅਤੇ ਤਿੰਨ ਜਾਂ ਚਾਰ ਵਾਰ ਘੋੜਾ ਦੱਬਿਆ ਪਰ ਗੰਨ ਨਹੀਂ ਚੱਲੀ। ਜੂਨ 1995 ਵਿੱਚ ਪਾਲ ਚੀਮਾ ਨੂੰ ਪਰਮਜੀਤ ਨੂੰ ਅਗਵਾ ਕਰਨ ਦੀ ਕੋਸ਼ਿਸ਼ ਲਈ ਦੋਸ਼ੀ ਕਰਾਰ ਦਿੱਤਾ ਗਿਆ ਅਤੇ 3 ਸਾਲ ਦੀ ਸਜ਼ਾ ਸੁਣਾਈ ਗਈ।

ਹੁਣ ਜੁਲਾਈ 2007 ਵਿੱਚ ਪੁਲੀਸ ਵਲੋਂ ਪਾਲ ਚੀਮਾ ਨੂੰ ਆਪਣੀ ਪਤਨੀ ਸ਼ਮੀਨਾ ਹਿਰਜੀ ਦੀ ਹੱਤਿਆ ਲਈ ਸ਼ੱਕੀ ਸਮਝਿਆ ਜਾ ਰਿਹਾ ਹੈ।

<u>ਜੁਲਾਈ 1994</u>

*ਸਰੀ, ਬੀ ਸੀ:-* 52 ਸਾਲਾ ਕੁੰਦਨ ਸੰਘਾ ਨੇ ਆਪਣੀ 20 ਸਾਲਾ ਧੀ ਸੁਖਜੀਤ ਸੰਘਾ ਉੱਪਰ ਕਾਰ ਚਾੜ੍ਹ ਦਿੱਤੀ ਕਿਉਂਕਿ ਉਹ ਘਰ ਛੱਡ ਕੇ ਚਲੇ ਗਈ ਸੀ। ਕੁੰਦਨ ਸੰਘਾ ਦਾ ਵਿਚਾਰ ਸੀ ਕਿ ਸੁਖਜੀਤ ਦੇ ਘਰ ਛੱਡ ਕੇ ਜਾਣ ਕਾਰਨ ਪਰਿਵਾਰ ਦੀ ਬੇਇਜ਼ਤੀ ਹੋਈ ਸੀ। ਸੰਘਾ ਵਲੋਂ ਸੁਖਜੀਤ ਅਤੇ ਕਾਰ ਚਾੜ੍ਹਨ ਕਾਰਨ ਸੁਖਜੀਤ ਦੀ ਲੱਤ ਟੁੱਟ ਗਈ। ਬਾਅਦ ਵਿੱਚ 23 ਅਗਸਤ 1994 ਨੂੰ ਕੁੰਦਨ ਸੰਘਾ ਨੇ ਅਦਾਲਤ ਸਾਹਮਣੇ ਆਪਣਾ ਕਸੂਰ ਮੰਨ ਲਿਆ ਸੀ ਜਿਸ ਦੇ ਨਤੀਜੇ ਵਜੋਂ ਸਤੰਬਰ 1994 ਵਿੱਚ ਉਸ ਨੂੰ 15 ਮਹੀਨੇ ਕੈਦ ਦੀ ਸਜ਼ਾ ਸੁਣਵਾਈ ਗਈ ਸੀ।

<u>ਦਸੰਬਰ 1991</u>

*ਬਰਨਬੀ, ਬੀ ਸੀ:-* ਬਰਨਬੀ ਦੀ ਪ੍ਰੋਵਿੰਸ਼ਿਅਲ ਅਦਾਲਤ ਨੇ ਰਾਜੇਸ਼ ਸੈਮੀ ਨੂੰ ਆਪਣੀ 35 ਸਾਲਾ ਪਤਨੀ ਕ੍ਰਿਸਟੀਨਾ ਸੈਮੀ 'ਤੇ ਸੰਗੀਨ ਹਮਲਾ ਕਰਨ ਲਈ ਦੋਸ਼ੀ ਕਰਾਰ ਦਿੱਤਾ। ਅਗਸਤ 1991 ਵਿੱਚ ਰਾਜੇਸ਼ ਨੇ ਆਪਣੀ ਪਤਨੀ ਨੂੰ ਪਹਿਲਾਂ ਕੁੱਟਿਆ ਅਤੇ ਫਿਰ ਅੱਗ ਲਾ ਦਿੱਤੀ। ਅੱਗ ਲੱਗਣ ਕਾਰਨ ਕ੍ਰਿਸਟੀਨਾ ਦੇ ਹੱਥਾਂ, ਬਾਹਾਂ ਅਤੇ ਚਿਹਰੇ 'ਤੇ ਜਲਣ ਕਾਰਨ ਸੈਕਿੰਡ ਡਿਗਰੀ ਦੇ ਜ਼ਖਮ ਹੋਏ। ਰਾਜੇਸ਼ ਨੇ ਅਜਿਹਾ ਇਸ ਕਰ ਕੇ ਕੀਤਾ ਕਿਉਂਕਿ ਕ੍ਰਿਸਟੀਨਾ ਨੇ ਰਾਜੇਸ਼ ਅਤੇ ਉਸ ਦੇ ਕਜ਼ਨ ਨਾਲ ਹਮਬਿਸਤਰ ਹੋਣ ਤੋਂ ਇਨਕਾਰ ਕਰ ਦਿੱਤਾ ਸੀ।

<u>ਦਸੰਬਰ 1987</u>

*ਕੈਲਗਰੀ, ਅਲਬਰਟਾ:-* 42 ਸਾਲਾ ਮੱਖਣ ਸਿੰਘ ਬਰਾੜ ਨੂੰ ਅਦਾਲਤ ਨੇ 14 ਸਾਲ ਦੀ ਸਜ਼ਾ ਸੁਣਾਈ ਕਿਉਂਕਿ ਬਰਾੜ ਨੇ ਆਪਣੀ ਪਤਨੀ ਨੂੰ ਮਾਰਨ ਦੀ ਸਾਜਸ਼ ਰਚੀ ਸੀ ਤਾਂ ਕਿ ਬਰਾੜ ਆਪਣੀ ਪਤਨੀ ਦੀ 2.1 ਮਿਲੀਅਨ ਡਾਲਰ ਦੀ ਲਾਇਫ ਇੰਸ਼ੋਰੈਂਸ ਲੈ ਸਕੇ। ਇਕ ਵੇਲੇ ਬਰਾੜ ਕੈਲਗਰੀ ਵਿੱਚ ਇਕ ਥਿਏਟਰ, ਟ੍ਰੈਵਲ ਏਜੰਸੀ ਅਤੇ ਕੰਨਸਟਰਕਸ਼ਨ ਦੀ ਕੰਪਨੀ ਦਾ ਮਾਲਕ ਸੀ। ਸਜ਼ਾ ਸੁਣਾਉਂਦੇ ਵਕਤ ਜੱਜ ਨੇ ਅਦਾਲਤ ਵਿੱਚ ਦੱਸਿਆ ਕਿ ਬਰਾੜ ਨੇ ਵੈਨਕੂਵਰ ਵਿੱਚ ਇਕ ਭਾੜੇ ਦੇ ਕਾਤਲ ਰਾਹੀਂ ਆਪਣੀ ਪਤਨੀ ਬੇਅੰਤ ਬਰਾੜ ਨੂੰ ਕਤਲ ਕਰਨ ਦੀ ਯੋਜਨਾ ਬਣਾਈ

ਸੀ। ਇਹ ਕਤਲ ਉਦੋਂ ਹੋਣਾ ਸੀ ਜਦੋਂ ਮੱਖਣ ਬਰਾੜ ਨੇ ਭਾਰਤ ਦੇ ਦੌਰੇ ਤੇ ਗਿਆ ਹੋਣਾ ਸੀ। ਬਰਾੜ ਦੀ ਇਹ ਯੋਜਨਾ ਉਸ ਸਮੇਂ ਫੇਲ੍ਹ ਹੋ ਗਈ ਜਦੋਂ ਇਕ ਅੰਡਰਕਵਰ ਪੁਲੀਸ ਅਫਸਰ ਨੂੰ ਇਸ ਦਾ ਪਤਾ ਲੱਗ ਗਿਆ।

ਮਾਰਚ 1985

*ਟਰਾਂਟੋ, ਓਨਟੇਰੀਓ:*- 31 ਸਾਲਾ ਸਈਦ ਅਸਲਮ ਨੇ ਆਪਣੇ 4 ਮਹੀਨਿਆਂ ਦੇ ਬੇਟੇ ਨੂੰ 17 ਮੰਜ਼ਿਲ ਦੀ ਬਾਲਕੋਨੀ ਤੋਂ ਹੇਠਾਂ ਲਮਕਾਇਆ ਅਤੇ ਆਪਣੀ ਪਤਨੀ ਪਰਵੀਨ ਨੂੰ ਧਮਕੀ ਦਿੱਤੀ ਕਿ ਜੇ ਉਸ ਨੇ ਆਪਣੀ ਕਾਰ ਸਈਦ ਅਸਲਮ ਦੇ ਨਾਂ ਨਾ ਕੀਤੀ ਤਾਂ ਉਹ ਬੱਚੇ ਨੂੰ ਹੇਠਾਂ ਸੁੱਟ ਦੇਵੇਗਾ। ਇਸ ਵਾਰਦਾਤ ਦੇ ਸੰਬੰਧ ਵਿੱਚ ਅਦਾਲਤ ਨੇ 17 ਦਸੰਬਰ ਨੂੰ ਸਈਦ ਅਸਲਮ ਨੂੰ ਆਪਣੇ ਬੱਚੇ 'ਤੇ ਹਮਲਾ ਕਰਨ ਦੇ 2 ਦੋਸ਼ਾਂ, ਆਪਣੀ ਪਤਨੀ ਨੂੰ ਜਿਸਮਾਨੀ ਨੁਕਸਾਨ ਪਹੁੰਚਾਉਣ ਦੇ 1 ਦੋਸ਼ ਅਤੇ ਧੱਕੇ ਨਾਲ ਜਾਇਦਾਦ ਖੋਹਣ ਦੇ 1 ਦੋਸ਼ ਲਈ ਦੋਸ਼ੀ ਕਰਾਰ ਦਿੱਤਾ ਅਤੇ ਫਿਰ 30 ਜਨਵਰੀ 1985 ਨੂੰ ਉਸ ਨੂੰ 5 ਸਾਲ ਦੀ ਸਜ਼ਾ ਸੁਣਾਈ। ਸਜ਼ਾ ਸੁਣਾਉਂਦੇ ਵਕਤ ਜੱਜ ਨੇ ਇਸ ਵਾਰਦਾਤ ਦੀ "ਘਰੇਲੂ ਦਹਿਸ਼ਤਵਾਦ" ਨਾਲ ਤੁਲਨਾ ਦਿੱਤੀ।

## ਅੰਤਿਕਾ

ਉਪਰਲੇ ਤੱਥਾਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇੰਡੋ-ਕੈਨੇਡੀਅਨ ਸਮਾਜ ਵਿੱਚ ਔਰਤਾਂ ਵਿਰੁੱਧ ਹਿੰਸਾ ਦਾ ਇਕ ਲੰਮਾ ਇਤਿਹਾਸ ਹੈ। ਭਾਈਚਾਰੇ ਵਿੱਚ ਔਰਤਾਂ ਵਿਰੁੱਧ ਵਾਪਰਦੇ ਇਸ ਜੁਰਮ ਨੂੰ ਖਤਮ ਕਰਨ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਇਸ ਨਮੋਸ਼ੀ ਭਰੇ ਇਤਿਹਾਸ ਨੂੰ ਸਵੀਕਾਰ ਕਰੀਏ ਅਤੇ ਇਸ ਤੋਂ ਸ਼ਰਮ ਮਹਿਸੂਸ ਕਰੀਏ। ਇਸ ਇਤਿਹਾਸ ਨੂੰ ਸਵੀਕਾਰ ਕਰਕੇ ਅਸੀਂ ਸਮਝ ਸਕਾਂਗੇ ਕਿ ਇਹ ਸਮੱਸਿਆ ਸਾਡੇ ਸਮਾਜ ਵਿੱਚ ਲੰਮੇ ਸਮੇਂ ਤੋਂ ਚੱਲਦੀ ਆ ਰਹੀ ਹੈ ਅਤੇ ਇਸ ਨੂੰ ਖਤਮ ਕਰਨ ਲਈ ਸਾਨੂੰ ਲੰਮੇ ਸਮੇਂ ਤੱਕ ਲੜਾਈ ਲੜਨ ਦੀ ਲੋੜ ਹੈ।

***

# ਦੇਖਣਯੋਗ ਫਿਲਮਾਂ

## ਸੁਖਵੰਤ ਹੁੰਦਲ

**ਸਿੱਕੋ:** ਮਸ਼ਹੂਰ ਫਿਲਮ ਡਾਇਰੈਕਟਰ ਮਾਈਕਲ ਮੋਰ ਵਲੋਂ ਬਣਾਈ ਅੰਗ੍ਰੇਜ਼ੀ ਦੀ ਇਹ ਫਿਲਮ ਅਮਰੀਕਾ ਦੇ ਸਿਹਤ-ਸੰਭਾਲ ਪ੍ਰਬੰਧ ਦੀ ਜ਼ਬਰਦਸਤ ਆਲੋਚਨਾ ਪੇਸ਼ ਕਰਦੀ ਹੈ। ਫਿਲਮ ਵਿੱਚ ਦੱਸੀਆਂ ਆਮ ਲੋਕਾਂ ਦੀਆਂ ਕਹਾਣੀਆਂ ਸੁਣ ਮਨ ਵਿੱਚ ਸਵਾਲ ਉੱਠਦਾ ਹੈ ਕਿ ਮਨੁੱਖੀ ਤਰੱਕੀ ਦੇ ਸੰਬੰਧ ਵਿੱਚ ਆਪਣੇ ਆਪ ਨੂੰ ਦੁਨੀਆਂ ਦਾ ਆਗੂ ਕਹਾਉਣ ਵਾਲਾ ਦੇਸ਼ ਅਮਰੀਕਾ ਆਪਣੇ ਨਾਗਰਿਕਾਂ ਦੀ ਇਕ ਵੱਡੀ ਗਿਣਤੀ ਦੀ ਸਿਹਤ ਸੰਭਾਲ ਦੀ ਮੁਢਲੀ ਲੋੜ ਪੂਰੀ ਕਰਨ ਤੋਂ ਕਿਉਂ ਅਸਮਰੱਥ ਹੈ? ਸਮੁੱਚੀ ਫਿਲਮ ਵਿੱਚ ਵੱਖ ਵੱਖ ਲੋਕਾਂ ਦੀਆਂ ਕਹਾਣੀਆਂ ਨੂੰ ਇਸ ਤਰ੍ਹਾਂ ਬੁਣਿਆ ਗਿਆ ਹੈ ਕਿ ਉਹ ਦਰਸ਼ਕ ਦੀਆਂ ਭਾਵਨਾਵਾਂ ਨੂੰ ਬਹੁਤ ਜ਼ੋਰਦਾਰ ਢੰਗ ਨਾਲ ਟੁੰਬਦੀਆਂ ਹਨ। ਫਿਲਮ ਵਿੱਚ ਕਈ ਅਜਿਹੇ ਮੌਕੇ ਆਉਂਦੇ ਹਨ ਜਦੋਂ ਦਰਸ਼ਕ ਦੀਆਂ ਅੱਖਾਂ ਵਿੱਚੋਂ ਆਪਮੁਹਾਰੇ ਹੰਝੂ ਨਿਕਲ ਆਉਂਦੇ ਹਨ ਅਤੇ ਕਈ ਅਜਿਹੇ ਮੌਕੇ ਆਉਂਦੇ ਹਨ ਜਦੋਂ ਦਰਸ਼ਕ ਕੋਲੋਂ ਅਮਰੀਕੀ ਪ੍ਰਬੰਧ ਦੀ ਬੇਹੂਦਗੀ 'ਤੇ ਹੱਸਣੋਂ ਨਹੀਂ ਰਹਿ ਹੁੰਦਾ। ਕੈਨੇਡਾ ਦੇ ਲੋਕਾਂ ਨੂੰ ਇਹ ਫਿਲਮ ਜ਼ਰੂਰ ਦੇਖਣੀ ਚਾਹੀਦੀ ਹੈ ਕਿਉਂਕਿ ਇਥੋਂ ਦੀਆਂ ਸਰਕਾਰਾਂ ਕੈਨੇਡਾ ਦੇ ਸਿਹਤ-ਪ੍ਰਬੰਧ ਨੂੰ ਢਾਹ ਕੇ ਅਮਰੀਕਾ ਵਰਗਾ ਸਿਹਤ-ਪ੍ਰਬੰਧ ਸਥਾਪਤ ਕਰਨਾ ਚਾਹੁੰਦੀਆਂ ਹਨ। ਇਹ ਫਿਲਮ ਕੈਨੇਡੀਅਨ ਲੋਕਾਂ ਨੂੰ ਆਪਣੇ ਸਿਹਤ-ਪ੍ਰਬੰਧ ਦੀ ਰਾਖੀ ਲਈ ਡਟਣ ਲਈ ਜ਼ਰੂਰ ਪ੍ਰੇਰਨਾ ਦੇਵੇਗੀ।

**ਪਰਜ਼ਾਨੀਆ:** ਰਾਹੁਲ ਢੋਲਕੀਆ ਵਲੋਂ ਨਿਰਦੇਸ਼ਤ ਕੀਤੀ ਇਹ ਹਿੰਦੀ ਫਿਲਮ ਗੁਜਰਾਤ ਦੇ ਦੰਗਿਆ ਤੋਂ ਪ੍ਰਭਾਵਿਤ ਇਕ ਪਾਰਸੀ ਪਰਿਵਾਰ ਦੇ ਜੀਵਨ ਉੱਤੇ ਕੇਂਦਰਿਤ ਹੈ। ਅਹਿਮਦਾਬਾਦ ਵਿੱਚ ਸੁਖੀ ਵਸਦੇ ਪਾਰਸੀ ਪਰਿਵਾਰ ਦੀ ਜ਼ਿੰਦਗੀ ਵਿੱਚ ਹੇਠਲੀ ਉੱਤੇ ਹੋ ਜਾਂਦੀ ਹੈ ਜਦੋਂ ਦੰਗੇ ਸ਼ੁਰੂ ਹੋਣ ਬਾਅਦ ਉਹਨਾਂ ਦਾ ਅੱਠ ਨੌਂ ਸਾਲ ਦਾ ਬੇਟਾ ਉਹਨਾਂ ਤੋਂ ਵੱਖ ਹੋ ਜਾਂਦਾ ਹੈ। ਇਹਨਾਂ ਦੰਗਿਆਂ ਸਮੇਂ ਇਸ ਪਾਰਸੀ ਦੰਪਤੀ ਵਲੋਂ ਆਪਣੇ ਬੇਟੇ ਦੀ ਭਾਲ ਨੂੰ ਕੇਂਦਰ ਬਣਾ ਕੇ ਬਣਾਈ ਇਹ ਫਿਲਮ ਫਿਰਕੂ ਦੰਗਿਆਂ ਦੀ ਕਰੂਰਤਾ ਨੂੰ ਬਹੁਤ ਹੀ ਹਿਰਦੇਵੇਧਕ ਢੰਗ ਨਾਲ ਪੇਸ਼ ਕਰਦੀ ਹੈ। ਆਪਣੇ ਸਮਾਜ ਵਿੱਚ ਵਾਰ ਵਾਰ ਵਾਪਰਦੇ ਫਿਰਕੂ ਦੰਗਿਆ ਅਤੇ ਉਹਨਾਂ ਕਾਰਨ ਪੀੜਤਾਂ ਉੱਪਰ ਪੈਂਦੇ ਅਸਰਾਂ ਨੂੰ ਸਮਝਣ ਲਈ ਇਸ ਫਿਲਮ ਨੂੰ ਦੇਖਣਾ ਜ਼ਰੂਰੀ ਹੈ। ਇਹ ਫਿਲਮ ਆਮ ਭਾਰਤੀ ਵੀਡੀਓ ਸਟੋਰਾਂ ਤੋਂ ਮਿਲਦੀ ਹੈ।

**ਬਲੈਕ ਫਰਾਈਡੇਅ:** ਮਾਰਚ 1993 ਵਿੱਚ ਬੰਬਈ ਵਿੱਚ ਵਾਪਰੇ ਬੰਬ ਧਮਾਕਿਆਂ ਬਾਰੇ ਬਣਾਈ ਇਹ ਫਿਲਮ ਅਨੁਰਾਗ ਕਸ਼ਿਅਪ ਵਲੋਂ ਨਿਰਦੇਸ਼ਤ ਕੀਤੀ ਗਈ ਹੈ। ਇਹਨਾਂ ਬੰਬ ਧਮਾਕਿਆਂ ਬਾਰੇ ਪੁਲੀਸ ਜਾਂਚ ਨੂੰ ਕੇਂਦਰ ਬਣਾ ਕੇ ਲਿਖੀ ਐੱਸ ਹੁਸੈਨ ਜ਼ਈਦੀ ਦੀ ਕਿਤਾਬ 'ਤੇ ਆਧਾਰਿਤ ਇਹ ਫਿਲਮ ਇਹਨਾਂ ਧਮਾਕਿਆਂ ਪਿੱਛਲੇ ਕਾਰਨਾਂ ਨੂੰ ਸਮਝਣ ਦਾ ਯਤਨ ਕਰਦੀ ਹੈ। ਆਮ ਭਾਰਤੀ ਵੀਡੀਓ ਸਟੋਰਾਂ ਤੋਂ ਮਿਲਣ ਵਾਲੀ ਇਹ ਫਿਲਮ ਦੇਖਣ ਲਈ ਦਿਲਚਸਪ ਅਤੇ ਜਾਣਕਾਰੀ ਭਰਪੂਰ ਹੈ। ❋❋❋

## ਸਥਾਈ ਕਾਲਮ




(ਵਤਨ ਦੇ ਪਿਛਲੇ ਅੰਕ ਦੀ ਸਮੱਗਰੀ ਨਾਲ ਸੰਬੰਧ ਰੱਖਦੀਆਂ ਕੁਝ ਚਿੱਠੀਆਂ ਅਸੀਂ ਵਤਨ ਦੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਸਾਨੂੰ ਬਹੁਤ ਸਾਰੀਆਂ ਈਮੇਲਾਂ ਅੰਗਰੇਜ਼ੀ ਵਿਚ ਲਿਖੀਆਂ ਮਿਲੀਆਂ ਹਨ, ਜਿਹਨਾਂ ਨੂੰ ਛਾਪਣ ਤੋਂ ਅਸੀਂ ਅਸਮਰਥ ਹਾਂ। ਅਸੀਂ ਪਾਠਕਾਂ ਦੀ ਸਮੱਸਿਆ ਸਮਝਦੇ ਹਾਂ ਪਰ ਸਾਡੀ ਬੇਨਤੀ ਹੈ ਕਿ ਉਹ ਆਪਣੇ ਵਿਚਾਰ ਪੰਜਾਬੀ ਵਿੱਚ ਲਿਖ ਕੇ ਭੇਜਣ ਦੀ ਕੋਸ਼ਸ਼ ਕਰਨ। ਜੇ ਉਹ ਆਪਣੇ ਵਿਚਾਰ ਈ-ਮੇਲ ਦੇ ਵਿੱਚ ਲਿਖ ਕੇ ਨਹੀਂ ਭੇਜ ਸਕਦੇ ਤਾਂ ਉਹ ਇਕ ਵੱਖਰੀ ਵਰਡ ਫਾਈਲ ਵਿੱਚ ਲਿਖ ਕੇ ਈ-ਮੇਲ ਨਾਲ ਅਟੈਚ ਕਰ ਕੇ ਭੇਜਣ। ਸਾਡੇ ਕੁਝ ਕੁ ਪਾਠਕਾਂ ਨੇ ਲਿਖਿਆ ਹੈ ਕਿ ਉਹ ਪੰਜਾਬੀ ਵਿੱਚ ਟਾਇਪ ਕਰਨਾ ਨਹੀਂ ਜਾਣਦੇ। ਸਾਡਾ ਉਹਨਾਂ ਨੂੰ ਸੁਝਾਅ ਹੈ ਕਿ ਉਹ ਰੋਮਨ ਅੱਖਰਾਂ ਵਿੱਚ ਟਾਇਪ ਕਰ ਕੇ ਚਿੱਠੀ ਭੇਜਣ ਦੀ ਕੋਸ਼ਿਸ਼ ਕਰਨ। - ਸੰਪਾਦਕ।)

**ਈ-ਵਤਨ** ਵਿਚ ਜਗਦੀਸ਼ ਚੰਦਰ ਦੇ ਨਾਵਲ *ਧਰਤੀ ਧਨ ਨਾ ਆਪਣਾ* ਦਾ ਅਨੁਵਾਦ ਛਾਪਣ ਦਾ ਉਪਰਾਲਾ ਵਧੀਆ ਹੈ। ਪੰਜਾਬੀ ਵਿਚ ਦਲਿਤ ਵਿਸ਼ਿਆਂ ਉਤੇ ਰਚਨਾਵਾਂ ਹਾਲੀਂ ਉਭਰ ਕੇ ਸਾਹਮਣੇ ਨਹੀਂ ਆਈਆਂ। ਜਗਦੀਸ਼ ਚੰਦਰ ਦੇ ਨਾਵਲ ਬਾਰੇ ਬਹੁਤਾ ਕੁਝ ਤਾਂ ਸਾਰਾ ਨਾਵਲ ਪੜ੍ਹਨ ਪਿਛੋਂ ਹੀ ਕਿਹਾ ਜਾ ਸਕਦਾ ਹੈ, ਫਿਲਹਾਲ ਮਈ/ਜੂਨ ਅੰਕ ਵਿਚ ਛਪੀ ਪਹਿਲੀ ਕਿਸ਼ਤ ਵਧੀਆ ਲੱਗੀ, ਤੇ ਇਸਦਾ ਅਨੁਵਾਦ ਵੀ। ਪਰ ਅਨੁਵਾਦ ਵਿਚ ਸ਼ਬਦਜੋੜਾਂ ਦੀਆਂ ਨਿੱਕੀਆਂ ਮੋਟੀਆਂ ਕਈ ਤਰੁੱਟੀਆਂ ਦਿਸਦੀਆਂ ਹਨ। ਪੰਜਾਬੀ ਮੁਹਾਵਰਾ ਵਰਤਣ ਵਿਚ ਵੀ ਜੇ ਕੁਝ ਖੁਲ੍ਹ ਲੈ ਲਈ ਜਾਵੇ ਤਾਂ ਮੇਰੀ ਜਾਚੇ ਹਰਜ ਨਹੀਂ ਹੋਵੇਗਾ।

ਚਰਨਜੀਤ ਸਿੰਘ ਚੰਨੀ ਦੀ ਕਹਾਣੀ *ਅੰਗੂਰੀ* ਪੜ੍ਹ ਕੇ ਆਨੰਦ ਆਇਆ। 'ਅੰਗੂਰੀ' ਵਰਗੇ ਜਟਿਲ ਮਾਨਸਿਕਤਾ ਵਾਲੇ ਪਾਤਰ ਦੇ ਵਰਤਾਰੇ, ਡਾਇਆਲਾਗ, ਲਚਕ, ਤਣਾਓ ਤੇ ਉਤਰਾ-ਚੜ੍ਹਾ ਨੂੰ ਇਕਸੁਰਤਾ ਵਿਚ ਪੇਸ਼ ਕਰਨਾ ਕਠਨ ਕੰਮ ਹੈ, ਪਰ ਚੰਨੀ ਨੇ ਇਹ ਕੰਮ ਸਹਿਜ ਨਾਲ ਕਰ ਲਿਆ ਜਾਪਦਾ ਹੈ। ਕਹਾਣੀ ਪੜ੍ਹਦੇ ਸਮੇ ਮਹਿਸੂਸ ਹੁੰਦਾ ਹੈ ਜਿਵੇਂ ਚੰਨੀ ਦੀ ਕਲਮ 'ਅੰਗੂਰੀ' ਨੇ ਆਪ ਫੜ੍ਹ ਲਈ ਹੋਵੇ। ਸ਼ਾਇਦ ਇਸੇ ਲਈ 'ਅੰਗੂਰੀ' ਦੇ ਖੁਲ੍ਹੇ ਡੁਲ੍ਹੇ ਤੇ ਗੱਲਵੱਕੜੀ-ਪਾਊ ਕਿਰਦਾਰ ਚੋਂ ਵੀ ਸੁੱਚਮਤਾ ਝਲਕਦੀ ਹੈ। ਪੰਜਾਬੀ ਵਿਚ 'ਅੰਗੂਰੀ' ਵਰਗੇ ਪਾਤਰਾਂ ਦੀ ਰਚਨਾ ਘੱਟ ਹੀ ਪੜ੍ਹਨ ਨੂੰ ਮਿਲਦੀ ਹੈ।

ਪਰ ਕਹਾਣੀ ਖਤਮ ਕਰ ਕੇ ਦੁਬਾਰਾ ਆਰੰਭ ਪੜ੍ਹਿਆ ਤਾ ਥੋੜ੍ਹੀ ਜਿਹੀ ਮਾਯੂਸੀ ਹੋਈ। ਕਹਾਣੀ ਨੂੰ ਇਸ ਤਰ੍ਹਾਂ (ਅੰਤ ਤੋਂ) ਆਰੰਭ ਕਰਨ ਦੀ ਕੀ ਲੋੜ ਸੀ? ਇਸ ਨਾਲ ਕਹਾਣੀ ਵਿਚ ਐਵੇਂ ਸਤੱਈਪਨ ਆ ਗਿਆ। ਤਿੰਨ ਗੋਲੀਆਂ ਵਾਲੀ ਗੱਲ ਪਿਛੋਂ ਜੋ ਕੁਝ ਵੀ ਹੋਇਆ ਉਹਦੀ ਕੋਈ ਮਹੱਤਤਾ ਨਹੀਂ। ਬੰਦਾ ਕਿਰਾਏ ਤੇ ਕਮਰਾ ਲੈਂਦਾ ਹੈ ਤੇ ਬੱਸ ਕਹਾਣੀ ਆਰੰਭ ਹੋ ਜਾਂਦੀ ਹੈ, ਤੇ ਸਾਰੀ ਕਹਾਣੀ ਸਹਿਜ ਨਾਲ ਵਾਪਰਦੀ ਹੈ। ਪਰ ਸਮੁੱਚੀ ਕਹਾਣੀ ਸਾਹਵੇਂ ਇਹ ਨੁਕਤਾ ਬਹੁਤਾ ਅਹਿਮ ਨਹੀਂ।

-ਅਜਮੇਰ ਰੋਡੇ, ਬਰਨਬੀ, ਬੀ ਸੀ, ਕੈਨੇਡਾ, ajmerrode@yahoo[ca

**ਸਭ ਤੋਂ** ਪਹਿਲਾਂ ਤੁਹਾਡੇ ਪੰਜਾਬੀ ਪਿਆਰ ਨੂੰ ਸਲਾਮ।

ਵਤਨ ਦਾ ਤਾਜ਼ਾ ਈ-ਸ਼ੁਮਾਰਾ ਮਿਲ ਗਿਆ ਹੈ। ਬਹੁਤ ਬਹੁਤ ਸ਼ੁਕਰੀਆ। ਤੁਹਾਡਾ ਇਸ ਗੱਲ ਲਈ ਵੀ ਸ਼ੁਕਰੀਆ ਕੇ ਤੁਸੀਂ ਮੇਰਾ ਨਾਂ ਆਪਣੀ ਈ-ਮੇਲ ਮੈਂਬਰਾਂ ਵਾਲੀ ਫਹਿਰਸ ਵਿੱਚ ਸ਼ਾਮਲ ਕੀਤਾ ਹੋਇਆ ਹੈ।

ਵਤਨ ਦਾ ਇਹ ਤਾਜ਼ਾ ਸ਼ੁਮਾਰਾ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਪੰਜਾਬੀ ਸਾਹਿਤ ਕਿਸੇ ਪੱਖ ਤੋਂ ਵੀ ਦੁਨੀਆ ਦੇ ਲਿਟਰੇਚਰ ਨਾਲੋਂ ਪਿੱਛੇ ਨਹੀਂ ਰਿਹਾ। ਇਹ ਸਾਡੇ ਲਈ ਹੈਰਾਨੀ ਭਰੀ ਖੁਸ਼ੀ ਹੈ ਕਿ ਦੂਜੇ ਮੁਲਕ ਤੋਂ ਇੰਡਿਆ ਵਿੱਚ ਕੋਈ ਮੈਟਰ ਪੋਸਟ ਰਾਹੀਂ ਪੁੱਜਦੇ ਪੁੱਜਦੇ ਘੱਟ ਤੋਂ ਘੱਟ 10-12 ਦਿਨ ਲੱਗਣੇ ਮਾਮੂਲੀ ਗੱਲ ਹੁੰਦੀ ਹੈ ਪਰ ਈਮੇਲ ਨੇ ਸਾਡਾ ਆਪਸੀ ਰਾਬਤਾ ਏਨਾ ਆਸਾਨ ਬਣਾ ਦਿੱਤਾ ਹੈ ਕਿ ਤੁਸੀਂ ਵਤਨ ਨੂੰ ਈਮੇਲ ਦੇ ਜ਼ਰੀਏ ਕਲਿੱਕ ਕੀਤਾ ਨਹੀਂ 'ਤੇ ਸਾਡੇ ਕੋਲ ਪੁੱਜਾ ਨਹੀਂ । ਵਾਹ ਵਿਗਿਆਨ ਤੇਰੇ ਕਾਰਨਾਮੇ।

ਵਤਨ ਦੇ ਇਸ ਅੰਕ ਵਿੱਚ ਪਾਠਕ ਵਰਗ ਵਲੋਂ ਉਠਾਏ ਗਏ ਮੁੱਦੇ ਯਾਨੀ ਵਤਨ ਵਿੱਚ ਸਾਹਿਤ ਭਾਰੂ ਹੋਵੇਗਾ ਜਾਂ

ਸਿਆਸਤ। ਬੜੀ ਗੰਭੀਰਤਾ ਦੀ ਮੰਗ ਕਰਦਾ ਹੈ। ਵਤਨ ਦੀ ਪੂਰੀ ਟੀਮ ਦਾਨਿਸ਼ਵਰਾਂ ਦੀ ਹੈ। ਇਸ ਲਈ ਮੈਂ ਵੀ ਇਹ ਮੁੱਦਾ ਇਸ ਦਾਨਿਸ਼ਵਰੀ ਟੀਮ ਨਾਲ ਸਾਂਝਾ ਕਰਦਾ ਹਾਂ। ਉਹ ਇਹ ਕਿ ਬਰਾਏ ਮਿਹਰਬਾਨੀ ਵਤਨ ਵਿੱਚ ਸਿਆਸਤ ਨੂੰ ਬਿਲਕੁਲ ਥਾਂ ਨਾ ਦਿੱਤੀ ਜਾਵੇ। ਅਜੋਕੀ ਸਿਆਸਤ ਇਕ ਗੰਦੀ ਖੇਡ ਤੱਕ ਮਹਿਦੂਦ ਹੋ ਕੇ ਰਹਿ ਗਈ ਹੈ। ਇਸ ਗੰਦੀ ਗੇਮ ਨੇ ਜਿੰਨਾ ਨੁਕਸਾਨ ਪੰਜਾਬ, ਪੰਜਾਬੀ ਤੇ ਪੰਜਾਬੀਅਤ, ਖਾਸ ਕਰਕੇ ਪੰਜਾਬੀ ਅਦਬ ਨੂੰ ਪਹੁੰਚਾਇਆ ਹੈ, ਉਸ ਦੀ ਭਰੱਪਈ ਕਦੇ ਨਹੀਂ ਹੋ ਸਕੇਗੀ। ਅਦਬ ਇਕ ਸੱਚੀ ਸੱਚੀ ਫੁਲਵਾੜੀ ਹੈ। ਇਸ ਲਈ ਇਸ ਫੁਲਵਾੜੀ ਵਿੱਚ ਭੁੱਲ ਕੇ ਵੀ ਸਿਆਸਤ ਨੂੰ ਖਾਦ ਸਮਝ ਕੇ ਨਾ ਵਰਤ ਲੈਣਾ ਵਰਨਾ ਇਹ ਦੀਮਕ ਬਣ ਕੇ ਸਾਡੇ ਵਤਨ ਨੂੰ ਖਾ ਜਾਵੇਗੀ। ਲਹਿੰਦੇ ਪੰਜਾਬ ਵਿੱਚ ਕਿੰਨਾ ਸੋਹਣਾ ਪੰਜਾਬੀ ਸਾਹਿਤ ਲਿਖਿਆ ਜਾ ਰਿਹਾ ਹੈ। ਪਰ ਚੜ੍ਹਦੇ ਪੰਜਾਬ ਵਾਲੇ ਉਸ ਨੂੰ ਸ਼ਾਹਮੁਖੀ ਲਿੱਪੀ ਵਿੱਚ ਨਾ ਲਿਖਿਆ ਹੋਣ ਕਾਰਨ ਨਹੀਂ ਪੜ੍ਹ ਸਕਦੇ। ਇਹੀ ਦੁਖਾਂਤ ਚੜ੍ਹਦੇ ਪੰਜਾਬ ਦੇ ਪਾਠਕਾਂ ’ਤੇ ਲਿਖਾਰੀਆਂ ਦਾ ਹੈ। ਸਾਡੇ ਏਧਰ 98% ਲੇਖਕ ਸ਼ਾਹਮੁਖੀ ਲਿੱਪੀ ਤੋਂ ਕੋਰੇ ਹਨ। ਨਵੀਂ ਪੀੜ੍ਹੀ ਨੂੰ ਤਾਂ ਸ਼ਾਹਮੁਖੀ ਦਾ ਉੱਕਾ ਹੀ ਗਿਆਨ ਨਹੀਂ। ਹਾਲਾਂਕਿ ਮੇਰੀ ਜ਼ਾਤੀ ਰਾਇ ਹੈ ਕਿ ਸਾਨੂੰ ਸ਼ਾਹਮੁਖੀ ਸਿੱਖਣੀ ਚਾਹੀਦੀ ਹੈ ਤਾਂ ਕਿ ਅਸੀਂ ਆਪਣੇ ਪਾਕਿਸਤਾਨ ਵਿੱਚ ਲਿਖ ਰਹੇ ਪੰਜਾਬੀ ਲਿਖਾਰੀ ਭਰਾਵਾਂ ਦਾ ਬੇਸ਼ਕੀਮਤੀ ਪੰਜਾਬੀ ਸਾਹਿਤ ਪੜ੍ਹ ਕੇ ਉਸ ਤੋਂ ਲਾਭ ਉਠਾ ਸਕੀਏ। ਮੇਰੀ ਨਜ਼ਰ ਵਿੱਚ ਸ਼ਾਹਮੁਖੀ ’ਤੇ ਗੁਰਮੁਖੀ ਲਿਪੀਆਂ ਵਿੱਚ ਵੱਖਰੇਵਾਂ ਪੈਦਾ ਕੀਤਾ ਗਿਆ ਹੈ, ਇਸ ਦਾ ਸਿਹਰਾ ਵੀ ਸਿਆਸਤ ਨੂੰ ਹੀ ਜਾਂਦਾ ਹੈ। ਇਸ ਲਈ ਸਿਆਸਤ ਦਾ ਵਤਨ ’ਤੇ ਪਰਛਾਵਾਂ ਵੀ ਨਹੀਂ ਪੈਣ ਦੇਣਾ ਚਾਹੀਦਾ।

ਮੈਂ ਕਿਧਰੇ ਗਲਤ ’ਤੇ ਨਹੀਂ ਕਹਿ ਗਿਆ?

-ਡਾ: ਦਰਸ਼ਨ ਸਿੰਘ ਆਸ਼ਟ, ਪੰਜਾਬੀ ਯੂਨੀਵਰਸਟੀ ਕੈਂਪਸ ਪਟਿਆਲਾ, dsaasht@yahoo.co.in

**ਵਤਨ ਨੂੰ** ਈਮੇਲ 'ਤੇ ਚਾੜ੍ਹਨ ਲਈ ਮੈਂ ਤੁਹਾਨੂੰ ਵਧਾਈ ਦੇਂਦਾ ਹਾਂ। ਨਾਲ ਹੀ ਤੁਹਾਡੇ ਸਿਰੜ ਦੀ ਸਰਾਹਣਾ ਕਰੇ ਬਿਨਾਂ ਵੀ ਨਹੀਂ ਰਹਿ ਸਕਦਾ। ਤੁਸੀਂ ਕੋਈ ਨਾ ਕੋਈ 'ਸੁਭ' ਪੰਗਾ ਲਈ ਹੀ ਰਖਦੇ ਹੋ, ਤੇ ਇਹੀ ਪੰਗੇ ਹੀ ਇੱਕ ਦਿਨ ਇਤਿਹਾਸ ਬਣ ਜਾਣਗੇ।

ਸਾਰਾ ਮੈਟਰ ਹਾਲੇ ਪੜ੍ਹ ਨਹੀਂ ਹੋਇਆ ਫਿਰ ਵੀ ਕਵਿਤਾਵਾਂ ਉੱਤੇ ਸਰਸਰੀ ਨਜ਼ਰ ਮਾਰਿਆਂ ਵਿਚਾਰੀ ਪੰਜਾਬੀ ਕਵਿਤਾ ਉੱਤੇ ਤਰਸ ਆਉਣ ਲੱਗ ਪਿਆ ਹੈ। ਤੁਹਾਡਾ ਕਸੂਰ ਨਹੀਂ, ਜੋ ਕੁਝ ਤੁਹਾਡੇ ਪਾਸ ਆਏਗਾ ਚੋਣ ਤੁਸੀਂ ਉਸੇ 'ਚੋਂ ਹੀ ਕਰਨੀ ਹੈ। ਕਵਿਤਾ ਏਨੇ ਨਿਘਾਰ 'ਤੇ ਚਲੀ ਗਈ ਹੈ ਕਿ ਇਹ ਹੁਣ ਸਿੱਧਾ ਨਾਹਰਾ ਤੇ ਭਾਸ਼ਣ ਹੀ ਬਣ ਗਈ ਹੈ। ਕਵਿਤਾ ਦਾ ਆਪਣਾ ਇੱਕ ਖਾਸ ਮੁਹਾਂਦਰਾ ਹੁੰਦਾ ਹੈ, ਖ਼ਾਸ ਟੈਕਸਚਰ ਹੁੰਦਾ ਹੈ! ਕਈ ਸ਼ਬਦ ਕਾਵਿਕ ਹੁੰਦੇ ਹੀ ਨਹੀਂ। ਫਿਰ ਇਹ ਵੀ ਸੋਚਣ ਲੱਗ ਜਾਂਦਾ ਹਾਂ ਕਿ ਪੰਜਾਬ ਵਿੱਚ ਜਦ ਸਿਆਸਤ ਵਿਗੜ ਗਈ, ਧਰਮ ਵਿਗੜ ਗਿਆ, ਇਖ਼ਲਾਕ ਵਿਗੜ ਗਿਆ, ਵਿੱਦਿਆ ਵਿਗੜ ਗਈ, ਇਨਸਾਫ਼ ਵਿਗੜ ਗਿਆ, ਪਾਣੀ-ਦੁੱਧ-ਭੋਜਨ, ਸਭ ਕੁਝ ਵਿਗੜ ਗਿਆ ਤਾਂ ਸਾਹਿਤ ਵਿਗੜਨ ਤੋਂ ਕਿਵੇਂ ਰਹਿ ਸਕਦਾ ਸੀ? ਇਹ ਖੁਲ੍ਹੀ ਕਵਿਤਾ ਦੇ ਨਾਮ ਹੇਠ ਜਿਹੜਾ ਕੂੜਾ ਪੰਜਾਬੀ ਸਾਹਿਤ ਵਿਚ ਰਚਿਆ ਜਾ ਰਿਹਾ ਹੈ, ਇਸੇ ਨੇ ਹੀ ਪੰਜਾਬੀ ਪਾਠਕ ਨੂੰ ਕਵਿਤਾ ਤੋਂ ਦੂਰ ਨਠਾਅ ਮਾਰਿਆ ਹੈ। ਖ਼ੈਰ, ਅੱਲਾ ਖ਼ੈਰ ਕਰੇ!

ਸਹਿਯੋਗੀਆਂ ਨੂੰ ਸਲਾਮ!

ਇੱਕ ਸੁਝਾਅ ਹੈ: ਲੇਖਕਾਂ ਦੇ ਫੋਨ ਨੰਬਰ ਤੇ ਈਮੇਲ ਛਾਪਣ ਦੀ ਮਿਹਰਬਾਨੀ ਕਰ ਦਿਆ ਕਰੋ।

-ਇਕਬਾਲ ਰਾਮੂਵਾਲੀਆ, ramoowalia@rogers.com

***

ਰਿਪੋਰਟ

# ਅਮਰੀਕਾ ਵਿੱਚ ਪੰਜਾਬੀ ਕਹਾਣੀ ਦਰਬਾਰ

22 ਜੁਲਾਈ 2007 ਨੂੰ ਫਰੀਮਾਂਟ, ਕੈਲਾਫੋਰਨੀਆ ਵਿਖੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਪੰਜਾਬੀ ਕਹਾਣੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਦੋ ਪੇਪਰ ਅਤੇ ਸੱਤ ਕਹਾਣੀਆਂ ਪੜ੍ਹੀਆਂ ਗਈਆਂ। ਇਸ ਕਹਾਣੀ ਦਰਬਾਰ ਦੀ ਸ਼ੁਰੂਆਤ ਸਭਾ ਦੇ ਪ੍ਰਧਾਨ ਤਾਰਾ ਸਿੰਘ ਸਾਗਰ ਵੱਲੋਂ "ਜੀਅ ਆਇਆਂ" ਕਹੇ ਜਾਣ ਨਾਲ ਹੋਈ ਅਤੇ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਏ ਨਵਾਂ ਸ਼ਹਿਰ, ਪੰਜਾਬ ਤੋਂ ਆਏ ਪ੍ਰਸਿੱਧ ਲੇਖਕ ਸ੍ਰੀ ਗੁਰਚਰਨ ਬੱਧਣ, ਪੰਜਾਬੀ ਸਾਹਿਤ ਸਭਾ ਦੀ ਸੈਕਰਾਮੈਂਟੋ-ਯੁਬਾਸਿਟੀ ਇਕਾਈ ਦੇ ਪ੍ਰਧਾਨ ਡਾ: ਅਮਰੀਕ ਸਿੰਘ, ਸਾਨ ਫਰਾਂਸਿਸਕੋ ਤੋਂ ਆਏ ਪ੍ਰਿੰਸੀਪਲ ਰਾਜ ਸਿੰਘ ਅਤੇ ਤਾਰਾ ਸਿੰਘ ਸਾਗਰ। ਅਮਰਜੀਤ ਦਰਦੀ ਨੇ ਮੰਚ ਸੰਚਾਲਣ ਦਾ ਕਾਰ-ਭਾਰ ਸੰਭਾਲਿਆ। ਪਹਿਲਾ ਪਰਚਾ ਸ੍ਰੀ ਸਿਆਸਤ ਸਿੰਘ ਜੰਮੂ ਨੇ ਮੋਹਨ ਤਿਆਗੀ ਦੀ ਪੀ. ਐਚ. ਡੀ. ਦਾ ਥੀਸਿਸ: "ਅਮਰੀਕੀ ਪੰਜਾਬੀ ਕਹਾਣੀ ਵਿਚ ਭੂ-ਹੇਰਵਾ ਅਤੇ ਰਾਜਨੀਤਕ ਚੇਤਨਾ" ਦਾ ਸੰਖੇਪ ਰੂਪ ਪੜ੍ਹ ਕੇ ਸੁਣਾਇਆ। ਜਿਸ ਦਾ ਤਾਲੀਆਂ ਦੀ ਗੜ੍ਹਗੜਾਹਟ ਨਾਲ ਸਵਾਗਤ ਹੋਇਆ। ਦੂਜਾ ਪਰਚਾ ਨੋਬਲ ਇਨਾਮ ਜੇਤੂ ਹੇਰਾਲਡ ਪੇਂਟਰ ਦਾ "ਕਲਾ, ਸੱਚ ਅਤੇ ਰਾਜਨੀਤੀ" ਮੰਚ ਸੰਚਾਲਕ ਅਮਰਜੀਤ ਦਰਦੀ ਨੇ ਪੇਸ਼ ਕੀਤਾ।

ਇਸ ਤੋਂ ਬਾਅਦ ਸ਼ੁਰੂ ਹੋਏ ਕਹਾਣੀ ਪਾਠ ਵਿਚ ਸਭ ਤੋਂ ਪਹਿਲਾਂ ਪ੍ਰੋ: ਹਰਭਜਨ ਸਿੰਘ ਨੇ ਆਪਣੀ ਨਵੀਂ ਕਹਾਣੀ "ਚਿੱਤ ਪੱਟ" ਪੇਸ਼ ਕੀਤੀ। ਜਿਸ ਵਿਚ ਅਮਰੀਕੀ ਪਰਵਾਸੀ ਜ਼ਿੰਦਗੀ ਦੇ ਕਈ ਨਵੇਂ ਪਹਿਲੂ ਬਾਖੂਬੀ ਫੋਕਸ ਵਿਚ ਲਿਆਂਦੇ ਗਏ ਅਤੇ ਇਸ ਦੇ ਨਾਲ ਨਾਲ ਹੀ ਅਮਰੀਕੀ ਸਾਮਰਾਜ ਦੇ ਧੌਂਸਵਾਦ, ਨਸਲਵਾਦ, ਬਸਤੀਵਾਦ ਅਤੇ ਔਰਤ-ਮਰਦ ਸੰਬੰਧਾਂ ਵਰਗੇ ਪਾਰ-ਸਭਿਆਚਾਰਕ ਮਸਲਿਆਂ ਨੂੰ ਵੀ ਨਿਭਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਰੂਪ ਵਿਚ ਇਹ ਕਹਾਣੀ ਬਹੁ-ਪਰਤੀ ਅਤੇ ਬਹੁ-ਅਰਥੀ ਹੋ ਨਿੱਬੜੀ। ਇਸ ਤੋਂ ਬਾਅਦ ਰਾਠੀ ਸੂਰਾਪੁਰੀ ਨੇ ਆਪਣੀ ਕਹਾਣੀ "ਕਮਜ਼ਾਤ" ਪੇਸ਼ ਕੀਤੀ, ਜਿਸ ਵਿਚ ਹਿੰਦੁਸਤਾਨੀ ਸਿਸਟਮ ਅੰਦਰ ਮੌਜੂਦ ਜਾਤੀਵਾਦ ਨੂੰ ਮੁਖ ਨਿਸ਼ਾਨਾ ਬਣਾਇਆ ਗਿਆ ਅਤੇ ਇਸ ਦੇ ਨਾਲ ਹੀ ਅਮੀਰ ਗਰੀਬ ਦੇ ਪਾੜੇ ਵਿਚੋਂ ਉਤਪੰਨ ਮਾਨਸਿਕਤਾ ਨੂੰ ਵੀ ਬਾਖੂਬੀ ਨਿਭਾਇਆ ਗਿਆ। ਇਸ ਪ੍ਰਕਾਰ ਇਹ ਕਹਾਣੀ ਬੇਹੱਦ ਸਫਲ ਹੋ ਨਿੱਬੜੀ। ਤੀਜੀ ਕਹਾਣੀ ਨੀਲਮ ਸੈਣੀ ਨੇ "ਡਿਪੋਰਟੇਸ਼ਨ" ਪੇਸ਼ ਕੀਤੀ, ਜਿਸ ਵਿਚ ਨੌਂ ਗਿਆਰਾਂ ਦੇ ਆਤੰਕਵਾਦੀ ਹਮਲੇ ਤੋਂ ਬਾਅਦ ਪਰਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਕਈ ਪਹਿਲੂਆਂ ਨੂੰ ਬੇਹੱਦ ਦਰਦਨਾਕ ਰੂਪ ਵਿਚ ਪੇਸ਼ ਕੀਤਾ ਗਿਆ। ਚੌਥੀ ਕਹਾਣੀ ਜਸ ਫ਼ਿਜ਼ਾ ਨੇ "ਸਵਰਗ ਦਾ ਟੁੱਟਦਾ ਤਾਰਾ" ਪੇਸ਼ ਕੀਤੀ, ਜਿਸ ਵਿਚ ਬਹੁ-ਚਰਚਿਤ ਗਲੋਬਲ ਵਾਰਮਿੰਗ ਦੇ ਮਸਲੇ ਨੂੰ ਪਲਟਵੇਂ ਯਥਾਰਥ ਅਤੇ ਸੰਜੀਦਾ ਤੇ ਪ੍ਰਤੀਕਾਤਮਕ ਭਾਸ਼ਾ ਵਿਚ ਦਾਰਸ਼ਨਿਕ ਅੰਦਾਜ਼ ਵਿਚ ਪੇਸ਼ ਕੀਤਾ ਗਿਆ। ਪੰਜਵੀਂ ਕਹਾਣੀ ਮਹਿੰਦਰ ਘੱਗ ਨੇ "ਡਾਲਰ ਬਿੱਲ" ਪੇਸ਼ ਕੀਤੀ, ਜਿਸ ਵਿਚ ਹਿੰਦੁਸਤਾਨੀ ਕਲਚਰ ਤੇ ਅਮਰੀਕੀ ਕਲਚਰ ਦੀ ਤੁਲਨਾ ਕਰਦਿਆਂ ਅਮਰੀਕੀ ਕਲਚਰ ਦੇ ਮਾੜੇ ਪਹਿਲੂਆਂ ਨੂੰ ਨਿੰਦਿਆ ਗਿਆ ਤੇ ਹਿੰਦੁਸਤਾਨੀ ਕਲਚਰ ਦੇ ਚੰਗੇ ਪਹਿਲੂਆਂ ਦੀ ਤਾਰੀਫ ਕੀਤੀ ਗਈ। ਛੇਵੀਂ ਕਹਾਣੀ ਰਾਬਿੰਦਰ ਸਿੰਘ ਅਟਵਾਲ ਨੇ "ਪੁਲ਼" ਪੇਸ਼ ਕੀਤੀ, ਜਿਸ ਵਿਚ ਔਰਤ-ਮਰਦ ਸੰਬੰਧਾਂ ਨੂੰ ਪਰਵਾਸੀ ਪਰਿਪੇਖ ਵਿਚ ਦੇਖਿਆ ਗਿਆ। ਆਖਰੀ ਕਹਾਣੀ ਦਿੱਲੀ ਤੋਂ ਆਈ ਪ੍ਰੀਤਮ ਚਾਵਲਾ ਨੇ "ਗੱਡੀ ਤੁਰਦੀ ਗਈ" ਪੇਸ਼ ਕੀਤੀ, ਜਿਸ ਵਿਚ ਹਿੰਦੁਸਤਾਨੀ ਪਰਿਵਾਰਕ ਪਰੰਪਰਕ ਜੀਵਨ ਨੂੰ ਕੇਂਦਰ ਵਿਚ ਰੱਖ ਕੇ ਰੋਸਿਆਂ ਤੇ ਪਿਆਰ ਦੇ ਦਵੰਦ ਦੀ ਖੂਬਸੂਰਤ ਤਸਵੀਰ ਪੇਸ਼ ਕੀਤੀ ਗਈ।

ਇਸ ਤੋਂ ਬਾਅਦ ਡਾ: ਅਮਰੀਕ ਸਿੰਘ ਅਤੇ ਪਿਆਰਾ ਸਿੰਘ ਕੁੱਦੋਵਾਲ ਨੇ ਇਨ੍ਹਾਂ ਸੱਤਾਂ ਕਹਾਣੀਆਂ ਉਪਰ ਬਹੁਤ ਹੀ ਸ਼ਲਾਘਾਮਈ ਪਰ ਆਲੋਚਨਾਤਮਕ ਟਿੱਪਣੀਆਂ ਕਰਦਿਆਂ ਅਨੇਕ ਪਹਿਲੂ ਸਰੋਤਿਆਂ 'ਤੇ ਕਹਾਣੀਕਾਰਾਂ ਸਾਹਮਣੇ ਰੱਖੇ ਅਤੇ ਇਨ੍ਹਾਂ ਕਹਾਣੀਆਂ ਨੂੰ ਸਮੁੱਚੇ ਅਮਰੀਕੀ ਪੰਜਾਬੀ ਸਾਹਿਤ ਦੀ ਇਕ ਗੌਲਣਯੋਗ ਪ੍ਰਾਪਤੀ ਕਿਹਾ। ਇਸ ਤੋਂ ਬਾਅਦ ਸ੍ਰੀ ਗੁਰਚਰਨ ਬੱਧਣ ਨੇ ਇਸ ਕਹਾਣੀ ਦਰਬਾਰ ਨੂੰ ਬੇਹੱਦ ਸਫਲ ਅਤੇ ਰੌਚਕ ਕਰਾਰ ਦਿੰਦਿਆਂ ਕਹਾਣੀ ਦਰਬਾਰ ਦੀ ਸਮਾਪਤੀ ਦਾ ਐਲਾਨ ਕਰ ਦਿੱਤਾ ਅਤੇ ਨਾਲ ਹੀ ਆਪਣੀਆਂ ਕਾਵਿਕ ਰਚਨਾਵਾਂ ਦਾ ਪਾਠ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਗ਼ਜ਼ਲਾਂ ਤੇ ਕਵਿਤਾਵਾਂ ਦੀ ਉਹ ਸ਼ਹਿਬਰ ਲਾਈ ਕਿ ਸਰੋਤੇ ਅੱਸ਼-ਅੱਸ਼ ਕਰ ਉਠੇ। ਇਸ ਤੋਂ ਬਾਅਦ ਭੁਪਿੰਦਰ ਦਲੇਰ, ਈਸ਼ਰ ਸਿੰਘ ਮੋਮਨ, ਹਰਭਜਨ ਢਿੱਲੋਂ, ਕਮਲ ਬੰਗਾ, ਹਰਬੰਸ ਸਿੰਘ ਜਗਿਆਸੂ, ਗੁਰਚਰਨ ਸਿੰਘ ਜ਼ਖ਼ਮੀ ਨੇ ਆਪਣੀਆਂ ਰਚਨਾਵਾਂ ਦਾ ਪਾਠ ਕੀਤਾ ਅਤੇ ਫਿਰ ਜੱਸੀ ਹੱਪੋਵਾਲੀਏ ਨੇ ਸੰਤ ਰਾਮ ਉਦਾਸੀ ਦਾ ਇਕ ਗੀਤ ਗਾ ਕੇ ਕਾਵਿ-ਮਹਿਫ਼ਲ ਨੂੰ ਇਨਕਲਾਬੀ ਰੰਗ ਵਿਚ ਅਜਿਹਾ ਰੰਗ ਦਿੱਤਾ ਕਿ ਉਸ ਤੋਂ ਬਾਅਦ ਚੱਲ ਸੋ ਚੱਲ 'ਤੇ ਇਹ ਮਹਿਫ਼ਲ ਅੱਠ ਵਜੇ ਸ਼ਾਮ ਤੱਕ ਚੱਲਦੀ ਰਹੀ। ਅੰਤ ਵਿਚ ਤਾਰਾ ਸਿੰਘ ਸਾਗਰ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਇਸ ਕਹਾਣੀ ਦਰਬਾਰ ਦੀ ਸ਼ਾਨਦਾਰ ਸਫਲਤਾ ਦਾ ਸਿਹਰਾ ਸਾਰੇ ਕਹਾਣੀਕਾਰਾਂ, ਕਵੀਆਂ, ਮਹਿਮਾਨਾਂ ਅਤੇ ਸਰੋਤਿਆਂ ਦੇ ਸਿਰ ਬੰਨ੍ਹ ਦਿੱਤਾ। - **ਨੀਲਮ ਸੈਣੀ**

***

# ਕੈਨੇਡਾ ਦਾ ਪੰਜਾਬੀ ਸਾਹਿਤ

(ਅਸੀ ਕਨੇਡਾ ਦੇ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਦੀ ਸੂਚੀ ਤਿਆਰ ਕਰ ਰਹੇ ਹਾਂ ਜੋ ਲੜੀ ਵਾਰ ਵਤਨ ਦੇ ਅੰਕਾਂ ਵਿਚ ਛਾਪੀ ਜਾਵੇਗੀ। ਇਸ ਵਾਰ ਕਨੇਡੀਅਨ ਪੰਜਾਬੀ ਲੇਖਕਾਂ ਵਲੋਂ ਲਿਖੀਆਂ ਕਹਾਣੀਆਂ ਦੀਆਂ ਕਿਤਾਬਾਂ ਦੀ ਸੂਚੀ ਛਾਪ ਰਹੇ ਹਾਂ।
ਕੋਸ਼ਸ਼ ਦੇ ਬਾਵਜੂਦ ਇਹ ਸੰਭਵ ਹੈ ਕਿ ਸਾਡੀ ਸੂਚੀ ਅਧੂਰੀ ਹੋਵੇ। ਕਿਰਪਾ ਕਰ ਕੇ ਆਪਣੀ ਜਾਂ ਕਿਸੇ ਹੋਰ ਲੇਖਕ ਦੀ ਇਸ ਸੂਚੀ ਵਿੱਚੋਂ ਰਹਿ ਗਈ ਪੁਸਤਕ ਬਾਰੇ ਸਾਨੂੰ ਜਾਣਕਾਰੀ ਭੇਜੋ। ਇਹ ਜਾਣਕਾਰੀ ਤੁਸੀਂ ਹਰਪ੍ਰੀਤ ਸੇਖਾ ਦੇ ਧਿਆਨ-ਹਿਤ ਭੇਜ ਸਕਦੇ ਹੋ। ਧੰਨਵਾਦ।)

### ਸੰਗ੍ਰਹਿ ਕਰਤਾ: ਹਰਪ੍ਰੀਤ ਸੇਖਾ

## ਕਹਾਣੀ ਸੰਗ੍ਰਹਿ

**ਅਮਨਪਾਲ ਸਾਰਾ**:
ਸਰਦ ਰਿਸ਼ਤੇ, ਕੋ-ਆਪਰੇਟਿਵ ਪਬਲੀਕੇਸ਼ਨਜ਼, ਲੁਧਿਆਣਾ, 1993
ਵੀਹਾਂ ਦਾ ਨੋਟ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2000
ਡਾਇਮੰਡ ਰਿੰਗ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006

**ਅਮਰਜੀਤ ਚਾਹਲ:**
ਬਾਹਰੋਂ ਆਇਆ ਆਦਮੀ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1980

**ਅਵਤਾਰ ਗਿੱਲ;**
ਸੱਤੀਂ ਵੀਹੀਂ ਸੌ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਅੰਮ੍ਰਿਤਸਰ, 1986

**ਅਵਤਾਰ ਰੋਡੇ:**
ਧੀਆਂ ਦੇਸ਼ ਬਿਗਾਨੇ, ਕਨਾਲ ਪ੍ਰਕਾਸ਼ਨ, ਜਲੰਧਰ, 1998

**ਇਕਬਾਲ ਅਰਪਣ:**
ਗੁਆਚੇ ਰਾਹ (ਕਨੇਡਾ ਅਵਾਸ ਤੋਂ ਪਹਿਲਾਂ), ਸਾਹਿਤ ਕਲਾ ਪ੍ਰਕਾਸ਼ਨ, ਲੁਧਿਆਣਾ, 1980
ਮੌਤ ਦਾ ਸੁਪਨਾ (ਕਨੇਡਾ ਅਵਾਸ ਤੋਂ ਪਹਿਲਾਂ),ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1983
ਆਫ਼ਰੇ ਹੋਏ ਲੋਕ (ਕਨੇਡਾ ਅਵਾਸ ਤੋਂ ਪਹਿਲਾਂ),ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1983
ਚਾਨਣ ਦੇ ਵਣਜਾਰੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006
ਲਾਲਾਂ ਦੀ ਜੋੜੀ(ਸਾਰੀਆਂ ਕਹਾਣੀਆਂ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006

**ਇੰਦਰਜੀਤ ਕੌਰ ਸਿੱਧੂ:**
ਕੰਧ ਤੇ ਰਿਸ਼ਤਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,2006

**ਡਾ: ਸਾਧੂ ਸਿੰਘ :**
ਪੂਰਾ ਆਦਮੀ (ਕਨੇਡਾ ਅਵਾਸ ਤੋਂ ਪਹਿਲਾਂ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 1983
ਵਿਸਫੋਟ (ਕਨੇਡਾ ਅਵਾਸ ਤੋਂ ਪਹਿਲਾਂ) ਲੋਕਗੀਤ ਪ੍ਰਕਾਸ਼ਨ, ਸਰਹੰਦ, 1991

**ਸਾਧੂ ਬਿਨਿੰਗ:**

ਕਿਸ ਦਾ ਕਸੂਰ, ਬਲਰਾਜ਼ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, 1982
ਲੀਹੋਂ ਲੱਥੇ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1994

**ਸਾਧੂ ਅਤੇ ਸੁਖਵੰਤ ਹੁੰਦਲ (ਸੰਪਾਦਕ):**
ਕਥਾ ਕਨੇਡਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000

**ਸੁਰਜੀਤ ਕਲਸੀ:**
ਸੱਤ ਪਰਾਈਆਂ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1994

**ਹਰਚੰਦ ਸਿੰਘ ਬਾਗੜੀ;**
ਲਾਗੀ, ਅਸਥੈਟਿਕਸ ਪਬਲੀਕੇਸ਼ਨ, ਲੁਧਿਆਣਾ, 1999
ਦੁੱਧ ਦਾ ਮੁੱਲ, ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ, 2003

**ਹਰਪ੍ਰੀਤ ਸੇਖਾ:**
ਬੀ ਜੀ ਮੁਸਕਰਾ ਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006

**ਹਰਭਜਨ ਪਵਾਰ:**
ਪੱਛਮ ਦਾ ਜਾਲ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1990

**ਕੁਲਜੀਤ ਮਾਨ**:
ਪੁੱਤਰ ਦਾਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2002
ਵਿਚਲੀ ਉਂਗਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007

**ਜਗਦੇਵ ਸਿੰਘ ਜਟਾਣਾ**:
ਕਾਲੇ ਅੰਗਰੇਜ਼, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1992

**ਜਰਨੈਲ ਸਿੰਘ:**
ਮੈਨੂੰ ਕੀ(ਕਨੇਡਾ ਅਵਾਸ ਤੋਂ ਪਹਿਲਾਂ), ਦੀਪਕ ਪਬਲਿਸ਼ਰਜ਼, ਜਲੰਧਰ,1980
ਮਨੁੱਖ ਤੇ ਮਨੁੱਖ(ਕਨੇਡਾ ਅਵਾਸ ਤੋਂ ਪਹਿਲਾਂ), ਦੀਪਕ ਪਬਲਿਸ਼ਰਜ਼, ਜਲੰਧਰ, 1983
ਸਮੇਂ ਦੇ ਹਾਣੀ(ਕਨੇਡਾ ਅਵਾਸ ਤੋਂ ਪਹਿਲਾਂ), ਦੀਪਕ ਪਬਲਿਸ਼ਰਜ਼, ਜਲੰਧਰ, 1987
ਦੋ ਟਾਪੂ, ਅਸਥੈਟਿਕਸ ਪਬਲੀਕੇਸ਼ਨ, ਲੁਧਿਆਣਾ, 1999
ਟਾਵਰਜ਼, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005

**ਜਰਨੈਲ ਸਿੰਘ ਗਰਚਾ**:
ਲਿੱਲੀ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ 1996
ਸੱਚ ਦਾ ਮੁੱਲ, ਵਾਰਿਸ ਸ਼ਾਹ ਫਾਂਉਂਡੇਸ਼ਨ, ਅੰਮ੍ਰਿਤਸਰ, 2002

**ਜਰਨੈਲ ਸਿੰਘ ਸੇਖਾ:**
ਉਦਾਸੇ ਬੋਲ,(ਕਨੇਡਾ ਅਵਾਸ ਤੋਂ ਪਹਿਲਾਂ), ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, 1993
ਆਪਣਾ ਆਪਣਾ ਸੁਰਗ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003

**ਤਾਰਾ ਸਿੰਘ ਹੇਅਰ:**
'ਤੇ ਸਿਵਾ ਬਲਦਾ ਰਿਹਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1976

**ਤੇਜ ਸੰਧੂ ਸਮਾਧਵੀ:**
ਲਾਵਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988

**ਪੰਜਾਬੀ ਲੇਖਕ ਮੰਚ ਵੈਨਕੂਵਰ (ਸੰਪਾਦਕ)**
ਮੰਚ ਕਥਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2002

**ਪਾਲੀ ਸਿੰਘ:**
ਇੱਕ ਪਿੰਡ ਇੱਕ ਪ੍ਰਦੇਸ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006

**ਬਰਜਿੰਦਰ ਕੌਰ ਢਿੱਲੋਂ:**
ਸਰਦਾਰਨੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006

**ਬਲਵੀਰ ਕੌਰ ਸੰਘੇੜਾ**:
ਆਪਣੇ ਹੀ ਓਹਲੇ (ਇੰਗਲੈਂਡ ਰਹਿੰਦਿਆਂ) ਦੀਪਕ ਪਬਲਿਸ਼ਰਜ਼, ਜਲੰਧਰ, 1982
ਖੰਭੇ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2001
ਠੰਡੀ ਹਵਾ, ਚੇਤਨਾ ਪ੍ਰਕਾਸ਼ਨ, ਦਿੱਲੀ 2005

**ਮਿੰਨੀ ਗਰੇਵਾਲ**:
ਕੈਕਟਸ ਦੇ ਫੁੱਲ (ਕਨੇਡਾ ਅਵਾਸ ਤੋਂ ਪਹਿਲਾਂ), ਨਵਯੁਗ ਪਬਲਿਸ਼ਰਜ਼, ਦਿੱਲੀ, 1973
ਚਾਂਦੀ ਦਾ ਗੇਟ, ਮਨਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, 2001
ਫਾਨੂਸ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2005

**ਮੇਜਰ ਮਾਂਗਟ:**
ਤਲੀਆਂ 'ਤੇ ਉੱਗੇ ਥੋਹਰ(ਕਨੇਡਾ ਅਵਾਸ ਤੋਂ ਪਹਿਲਾਂ) ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1990
ਕੂੰਜਾਂ ਦੀ ਮੌਤ, ਅਸਥੈਟਿਕਸ ਪਬਲੀਕੇਸ਼ਨ, ਲੁਧਿਆਣਾ,1993
ਤ੍ਰਿਸ਼ੰਕੂ, ਅਸਥੈਟਿਕਸ ਪਬਲੀਕੇਸ਼ਨ, ਲੁਧਿਆਣਾ, 2000
ਪਰੀਆਂ ਦਾ ਦੇਸ਼, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006

**ਯੁਵਰਾਜ ਰਤਨ:**
ਧਰਤੀ ਦੇ ਉਸ ਪਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990

**ਰਵਿੰਦਰ ਰਵੀ**:
ਚਿਰਾਵੀ(ਇੰਡੀਆ ਰਹਿੰਦਿਆਂ), ਦੌਲਤ ਰਾਮ ਸਹਿਦੇਵ ਐਂਡ ਸੰਨਜ਼, ਜਲੰਧਰ, 1963
ਜ਼ੁਰਮ ਦੇ ਪਾਤਰ (ਇੰਡੀਆ ਰਹਿੰਦਿਆਂ), ਨਿਊ ਬੁੱਕ ਕੰਪਨੀ, ਜਲੰਧਰ, 1968
ਸ਼ਹਿਰ ਵਿੱਚ ਜੰਗਲ (ਕੀਨੀਆਂ ਰਹਿੰਦਿਆਂ), ਰਾਜ ਰੂਪ ਪ੍ਰਕਾਸ਼ਨ, ਜਲੰਧਰ, 1969
ਕੋਨ ਪ੍ਰਤੀਕੋਨ (ਕੀਨੀਆਂ ਰਹਿੰਦਿਆਂ), ਹਜ਼ੂਰੀਆ ਪਬਲਿਸ਼ਿੰਗ ਕੰਪਨੀ, ਜਲੰਧਰ, 1971
ਮੈਲੀ ਪੁਸਤਕ (ਕੀਨੀਆਂ ਰਹਿੰਦਿਆਂ), ਮਹਿੰਦਰਪਾਲ ਪਬਲਿਸ਼ਿੰਗ, ਜਲੰਧਰ, 1973
ਜਿੱਥੇ ਦੀਵਾਰਾਂ ਨਹੀਂ, ਕੇ ਲਾਲ ਐਂਡ ਕੰਪਨੀ, ਜਲੰਧਰ, 1978
ਕੰਪਿਊਟਰ ਕਲਚਰ, ਨਵਯੁਗ ਪਬਲਿਸ਼ਰਜ਼, ਦਿੱਲੀ, 1985
ਆਪਣੇ-ਆਪਣੇ ਟਾਪੂ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1992
ਅਘਰਵਾਸੀ(1955-1984 ਤੱਕ ਦੀਆਂ ਕਹਾਣੀਆਂ) ਨਵਯੁਗ ਪਬਲਿਸ਼ਰਜ਼, ਦਿੱਲੀ,1984
ਮੇਰੀ ਕਹਾਣੀ(1955-2005 ਤੱਕ ਦੀਆਂ ਕਹਾਣੀਆਂ) ਨੈਸ਼ਨਲ ਬੁੱਕ ਸ਼ਾਪ, ਦਿੱਲੀ,2006

ਸਮੇਂ ਦੇ ਨਾਲ ਨਾਲ(1955-1989 ਤੱਕ ਦੀਆਂ ਚੋਣਵੀਆਂ ਕਹਾਣੀਆਂ) ਨੈਸ਼ਨਲ ਬੁੱਕ ਸ਼ਾਪ, ਦਿੱਲੀ,1989
ਖੰਭਾਂ ਵਾਲੇ ਪਿੰਜਰੇ(1955-2000 ਚੋਣਵੀਆਂ ਕਹਾਣੀਆਂ) ਚੇਤਨਾ ਪ੍ਰਕਾਸ਼ਨ, ਲੁਧਿਆਣਾ, 2001
ਚੋਣਵੀਆਂ ਕਹਾਣੀਆਂ(ਇਸਤਰੀ-ਮਰਦ ਪ੍ਰਸੰਗ) ਕੁਕਨਸ ਪ੍ਰਕਾਸ਼ਨ, ਜਲੰਧਰ,2002
ਚੋਣਵੀਆਂ ਕਹਾਣੀਆਂ(ਬ੍ਰਹਿਮੰਡਕ ਸਰੋਕਾਰ),ਕੁਕਨਸ ਪ੍ਰਕਾਸ਼ਨ, ਜਲੰਧਰ, 2006

***

## 1947 ਦੀ ਵੰਡ ਨਾਲ ਸੰਬੰਧਤ ਹੱਡਬੀਤੀਆਂ ਭੇਜਣ ਲਈ ਸੱਦਾ

ਬੀ ਸੀ ਦੀ ਪੰਜਾਬੀ ਲੇਖਕਾ ਬਰਜਿੰਦਰ ਕੌਰ ਢਿੱਲੋਂ ਦੀ ਨਵੀਂ ਛਪੀ ਕਿਤਾਬ 'ਦਹਿਸ਼ਤ...1947' ਦੇਸ਼ ਦੇ ਬਟਵਾਰੇ ਦੀ ਦਹਿਸ਼ਤਮੰਦੀ ਦੀ ਅੱਖੀਂ ਦੇਖੀ ਵਿਆਖਿਆ ਹੈ। ਬਰਜਿੰਦਰ ਉਸ ਵਕਤ ਇੱਕ ਬੱਚੀ ਹੀ ਸੀ ਪਰ ਉਸਦੀਆਂ ਅੱਖਾਂ ਸਾਮ੍ਹਣੇ ਹੋਏ ਉਸ ਦੇ ਬਾਪ, ਪਰਿਵਾਰ ਦੇ ਮੈਂਬਰਾਂ, ਪਰਿਵਾਰਕ ਦੋਸਤਾਂ ਅਤੇ ਆਪਣੀਆਂ ਜਾਨਾਂ ਬਚਾਉਂਦੇ ਰਾਹੀਆਂ ਦੇ ਕਤਲ, ਉਸਦੇ ਦਿਲੋ ਦਿਮਾਗ ਵਿੱਚ ਡੂੰਘਾ ਘਰ ਬਣਾਈ ਬੈਠੇ ਹਨ। ਉਸਦਾ ਕਹਿਣਾ ਹੈ ਕਿ, 'ਕਈ ਜ਼ਖਮ ਐਸੇ ਹੁੰਦੇ ਹਨ ਜਿਹੜੇ ਵਕਤ ਦੀ ਮਲ੍ਹਮ ਨਾਲ ਠੀਕ ਹੋ ਜਾਂਦੇ ਹਨ। ਪਰ ਮੇਰੇ ਦਿਲ ਤੇ ਲੱਗੇ ਜ਼ਖਮ ਹਰੇ ਹੀ ਹੋਈ ਜਾਂਦੇ ਹਨ।'

ਬਰਜਿੰਦਰ ਦਾ ਕਹਿਣਾ ਹੈ ਕਿ, 'ਮੇਰੇ ਵਰਗੇ ਬਹੁਤ ਸਾਰੇ ਲੋਕ ਬਟਵਾਰੇ ਦੀਆਂ ਦਰਦਨਾਕ ਸਚਾਈਆਂ ਨੂੰ ਆਪਣੇ ਅੰਦਰ ਛੁਪਾਈ ਬੈਠੇ ਹਨ। ਇਹ ਲੋਕ ਇਸ ਵਕਤ ਕੋਈ 70 ਸਾਲਾਂ ਦੀ ਉਮਰ ਦੇ ਲਗਭਗ ਹੋਣਗੇ। ਮੈਂ ਨਹੀਂ ਚਾਹੁੰਦੀ ਕਿ ਉਹ ਇਤਿਹਾਸ ਦੇ ਆਪਣੇ ਪੱਤਰੇ ਆਪਣੇ ਨਾਲ ਲੈ ਜਾਣ।'

ਜਿਨ੍ਹਾਂ ਲੋਕਾਂ ਪਾਸ ਇਹ ਇਤਿਹਾਸ ਦੇ ਪੱਤਰੇ ਹਨ, ਉਨ੍ਹਾਂ ਪਾਸ ਗੁਜ਼ਾਰਿਸ਼ ਹੈ ਕਿ ਆਪਣੀਆਂ ਕਹਾਣੀਆਂ ਬਰਜਿੰਦਰ ਨੂੰ ਹੇਠ ਲਿਖੇ ਈ ਮੇਲ ਐਡਰੈਸ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ। ਇਹ ਅੱਖੀਂ ਦੇਖੀਆਂ 'ਤੇ ਤਨੀ ਹੰਢਾਈਆਂ ਕਹਾਣੀਆਂ ਇੱਕ ਵੱਡੀ ਕਿਤਾਬ ਵਿੱਚ ਇਕੱਠੀਆਂ ਕੀਤੀਆਂ ਜਾਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਈ-ਮੇਲ: missabi2002@yahoo.com

Home Address: 6909 Granville St., Vancouver, B.C., Canada, V6P 4X6